ਕੱਢਿਆ ਸੀ ਕਿਉਂ ਜੋ ਓਹੁ ਆਪਣੀ ਜਾਂਨ ਤਾਂ ਆਪਣੀ ਕੌਮ ਦੇ ਵਾਸਤੇ ਅਰਪਣ ਕਰ ਚੁੱਕਾ ਸੀ ਤੇ ਉਸ ਕੌਮ ਦੀ ਖਾਤ੍ਰ ਉਸ ਨੇ ਆਪਣੀ ਜਾਂਨ ਖਰਚ ਕਰਨੀ ਸੀ ਪਰ ਕੰਮ ਬੌਹਤ ਸੀ ਤੇ ਜੋਕੁਛ ਕੀਤਾ ਗਿਆਸੀ ਸੋ ਪੂਰਨ ਨਹੀਂ ਸੀ ਹੋ ਸੱਕਿਆ ਇੱਕ ਗਲ ਚੇਤੇ ਰਖਨਦੇ ਯੋਗ ਹੈ ਕਿ ਇਸ ਲੜਾਈ ਵਿਖੇ ਰਾਇ ਕਪੂਰਾ ਜੋ ਗੁਰੂ ਗੋਬਿੰਦ ਸਿੰਘ ਜੀ ਦੀ ਵਲ ਮੁਸਲਮਾਨਾਂ ਦੇ ਵਿਰੁਧ ਜੁੱਧ ਕਰਨ ਨੂੰ ਤਿਆਰ ਸੀ ਓਹੁ ਫਿਰਕੇ ਗੁਰੂ ਗੋਬਿੰਦ ਸਿੰਘ ਜੀ ਦੇ ਵਿਰੁੱਧ ਖੇਤ ਵਿਖੇ ਮੁਸਲਮਾਨਾਂ ਦੀ ਵਲੋਂ ਲੜਨ ਨੂੰ ਤਿਆਰ ਹੋਗਿਆ ਤੇ ਹਿੰਦੂਆਂ ਵਲੋਂ ਤਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਥੋਂ ਆਸ਼ਾ ਹੋਣੀ ਸੀ ਓਹੁ ਤਾਂ ਹਰਸਮੇ ਵਿਰੋਧ ਪਰ ਲਕਬੰਨ੍ਹੀ ਖੜੇ ਸੇ ਕਿਉ ਜੋ ਹਿੰਦੂ ਤਾਂ ਪ੍ਰਮੇਸ਼੍ਵਰ ਵਲੋਂ ਭੁੱਲੇ ਹੋਏ ਬੇਸ਼ੁਕਰੇ ਹੋ ਰਹੇ ਸੇ ਕੌਮੀਯਤ ਦਾ ਪਿਆਰ ਉਨ੍ਹਾਂ ਨੂੰ ਛੋਹਣਾ ਭੀ ਨਹੀਂ ਸੀ ਉਸਸਮੇ ਦੇ ਹਿੰਦੂ ਭੀ ਪ੍ਰਤੀਤ ਹੁੰਦਾ ਹੈ ਕਿ ਅਕਲ ਦੇ ਅੰਨ੍ਹੇਸੇ ਅਥਵਾ ਕੋੜ੍ਹੇ ਅਭਿਮਾਨੀ ਸੇ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਡੰਕੇ ਦੀ ਚੋਟ ਵਾਂਗੂੰ ਪ੍ਰਗਟ ਹੋ ਰਿਹਾਸੀ ਪ੍ਰੰਤੂ ਤਾਂ ਭੀ ਆਪ ਹਿੰਦੂ ਹੀ ਉਨ੍ਹਾਂ ਦੇ ਵਿਰੋਧੀ ਹੁੰਦੇ ਜਾਂਦੇ ਸੇ ਉਸ ਦੇ ਵਿਰੁਧ ਵੈਰੀ ਨਾਲ ਮਿਲਕੇ ਤਲਵਾਰ ਉਠਾਕੇ ਜੁੱਧ ਕਰਨ ਨੂੰ ਤਿਆਰ ਸਨ ਹੱਛਾ ਮੁਸਲਮਾਂਨ ਖੇਤ ਨੂੰ ਛੱਡਕੇ ਚਲੇਗਏ ਤਾਂ ਗੁਰੂ ਗੋਬਿੰਦ ਸਿੰਘ ਜੀਨੇ ਆਪਣੇ ਸਿੱਖਾਂ

ਦੀਆਂ ਲੋਥਾਂ ਵਿਖੇ ਆਪ ਜਾਕਰ ਕੇ ਉਨ੍ਹਾਂ ਦੇ ਮੂੰਹਾਂਥੀਂ ਘੱਟਾ ਆਪਣੇ ਰੁਮਾਲ ਨਾਲ ਪੂੰਜਦੇ ਰਹੇ ਤੇ ਰਸ਼ਨਾਦ੍ਵਾਰਾ ਇਹੁ ਬਚਨ ਉਚਾਰਦੇ ਰਹੇ ਕਿ ਸ਼ਾਬਾਸ਼ੇ ਬਹਾਦੁਰੋ ਤੁਸੀ ਧੰਨ ਹੋ ਤਲਵਾਰ ਦੇ ਰਾਹੁ ਥਾਣੀ ਤੁਸੀ ਸ੍ਰਰਗ ਵਿਖੇ ਜਾ ਵਸੇ ਹੋ ਭਾਈ ਮਾਂਨ ਸਿੰਘ ਮਾਝੇ ਦੇ ਸਿੱਖ ਦੇ ਸ਼ਰੀਰ ਵਿਖੇ ਕੋਈ ਕੋਈ ਦਮ ਸਾਸ ਆਰਿਹਾ ਸੀ ਗੁਰਾਂ ਨੇ ਉਸ ਦੇ ਮੂੰਹ ਵਿਖੇ ਪਾਣੀ ਪਾਯਾ ਤਾਂ ਓਸ ਨੇ ਅੱਖਾਂ ਖੋਲ੍ਹੀਆਂ ਤਾਂ ਕੀਹ ਦੇਖੇ ਜੋ ਗੁਰੂ ਗੋਬਿੰਦ ਸਿੰਘ ਜੀ ਸਾਹਮਣੇ ਹੈਨ ਸੋ ਅਜੇਹਾ ਸੁਲਭ ਸਮਾਂ ਜਾਣ ਕੇ ਤਿਸਨੇ ਆਪਣੇ ਸ਼ਰੀਰ ਨੂੰ ਸੰਭਾਲਿਆ ਤੇ ਬਰੀਕ ਜੇਹੀ ਆਵਾਜ਼ ਨਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਆਖਣ ਲੱਗਾ ਕਿ ਮੇਰੀ ਇਸ ਸੇਵਾ ਦੇ ਬਦਲੇ ਆਪ ਮਾਝੇ ਦੇ ਸਿਖਾਂ ਦੇ ਕਾਗਤ ਨੂੰ ਜੇਹੜਾ ਬੇਦਾਵਾ ਲਿਖਕੇ ਦੇਗਏ ਹਨ ਪਾੜ ਦੇਵੋ ਤੇ ਸਿੱਖਾਂ ਦੀ ਇਹੁ ਭੁਲ ਭੁਲਾਦੇਵੋ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਦੀ ਬੇਨਤੀ ਅਜੇਹੇ ਸਮੇ ਦੀ ਅੰਗੀਕਾਰ ਕੀਤੀ ਤੇ ਉਨ੍ਹਾਂ ਨੂੰ ਫੇਰ ਖਾਲਸ ਵਿਖੇ ਰਲਾਲੀਤਾ ਤੇ ਕਾਗਦ ਬੇਦਾਵੇ ਦਾ ਪਾੜ ਦਿੱਤਾ ਇਹੁ ਕੰਮ ਭਾਈ ਮਾਂਨ ਸਿੰਘ ਦਾ ਬੜਾ ਹੀ ਮਹਾਂਨ ਸੀ ਕਿਂਉ ਜੋ ਆਪਣੇ ਮਰਣ ਦੇ ਬਦਲੇ ਵਿਚ ਤਿਸਨੇ ਆਪਣੇ ਦੇਸੀ ਭਰਾਵਾਂ ਦੀ ਭਲਾਈ ਦੀ ਇਛਾ ਕੀਤੀ ਤੇ ਇਹੀ ਅਰਜ਼ ਕਰਕੇ ਮੋਯਾ ਧੰਨ ਹੈਨ ਓਹੁ ਪੁਰਖ ਜੇਹੜੇ ਆਪਣੀ ਜਾਂਨ ਨੂੰ ਆਪਣੇ ਦੇਸ਼ ਦੀ

ਭੀਲਆਈ ਤੇ ਪਤ ਵਾਸਤੇ ਕੁਰਬਾਂਨ ਕਰਦੇ ਹਨ ਜਿਸ ਦੇਸ਼ ਵਿਖੇ ਇਹੁ ਪਵਿੱਤ੍ਰ ਵਿਚਾਰ ਫੈਲ ਰਹੀ ਹੈ ਓਹੀ ਦੇਸ਼ ਬੜੀ ਉੱਚੀ ਪਦਵੀ ਨੂੰ ਪੋਹਚਿਆ ਹੈ ਤੇ ਓਸੇ ਨੇ ਹੀ ਰਾਜ ਸਾਜ ਉਤਪਤ ਕੀਤਾ ਹੈ ਤੇ ਸਾਰੇਹੀ ਲੋਕ ਤਿਨ੍ਹਾਂ ਦੀ ਸੇਵਾ ਵਿਖੇ ਹੱਥ ਬੰਨ੍ਹੀ ਖੜੇ ਹਨ ਬਿਨਾਂ ਕੁਰਬਾਨੀਆਂ ਥੀਂ ਦੇਸ਼ ਦੀ ਕੋਈ ਕੌਮ ਉਨੱਤੀ ਨਹੀਂ ਕਰ ਸਕਦੀ ਤੇ ਨਾਂਹੀ ਕੋਈ ਵਡਾ ਕੰਮ ਹੀ ਪੂਰਨ ਕਰ ਸਕਦੀ ਹੈ ਤੇ ਕੌਮੀ ਕਾਰਨਾਮਿਆਂ ਵਿਖੇ ਹਰਸਮੇ ਕੁਰਬਾਨੀ (ਬਲੀਦਾਨਾ) ਦੀ ਅਵਸ਼ਜਲੋੜ ਹੈ ਸਭ ਦੇਸ਼ਾਂ ਵਿਖੇ ਸਭਨਾਂ ਬੋਲੀਆਂ ਵਿਖੇ ਲੋੜ ਹੀ ਲੋੜ ਹੈ ਤੇ ਅਗੋਂ ਨੂੰ ਭੀ ਲੋੜ ਰਹੇਗੀ ਬਿਨਾਂ ਇਸ ਥੀਂ ਕੋਈ ਧਰਮ ਉਨੱਤੀ ਨਹੀਂ ਕਰ ਸੱਕਦਾ ਬਲੀਦਾਨੀ ਹੀ ਉਨੱਤੀ ਦੀ ਜਾਂਨ ਹੈ ਬਲੀਦਾਨ ਹੀ ਆਕਾਸ਼ ਪਰ ਚਾੜ੍ਹ ਸਕਦਾ ਹੈ ਕੌਮੀ ਵਡਿਆਈ ਦਾ ਵਸੀਲਾ ਤੇ ਪਤ ਰੂਪੀ ਦੀਵੇਦੀ ਬਤੀ ਹੈ ਗੁਰੂ ਗੋਬਿੰਦ ਸਿੰਘ ਜੀ ਓੜਕ ਮ੍ਰਿਤਕ ਸੰਸਕਾਰ ਕਰਕੇ ਉਨ੍ਹਾਂ ਲੋਥਾਂ ਪਾਸੋਂ ਅੱਗੇ ਨੂੰ ਤੁਰੇ ਇਸ ਲੜਾਈ ਦੇ ਯਾਦ ਵਿਖੇ ਇੱਕ ਨਗਰ ਵਸਦਾ ਹੈ ਜਿਸਦਾ ਨਾਂਉ ਮੁਕਤਸਰ (ਮੁਕਤਸਰ ਅਰਥਾਤ ਸ੍ਵਰਗ ਦਾ ਤਾਲ) ਰਖਜਾਗਿਆ ਕਿਂਉ ਜੋ ਗੁਰੂ ਗੋਬਿੰਦ ਸਿੰਘ ਜੀਨੇ ਉਸ ਰਣ ਭੂਮੀ ਵਿਖੇ ਸ਼ਹੀਦ ਹੋਣੇ ਵਾਲਿਆਂ ਦਾ ਨਾਉ ਮੁਕਤੇ ਰਖਿਆਸੀ ਇਸ ਵਾਸਤੇ ਉਸਥਾਂਦਾ ਨਾਂਉ ਮੁਕਤਸਰ ਧਰਿਆ ਸੀ ਏਥੋਂ ਚੱਲਕੇ ਨਗਰਾਂ ਨਗਰਾਂ ਵਿਖੇ ਫਿਰਦੇ ਰਹੇ ਪਿੰਡ ਵਜ਼ੀਰ

ਪੁਰ ਦੇ ਲੋਕਾਂ ਨੇ ਉਸਨੂੰ ਆਪਣੇ ਨਗਰੋਂ ਰੈਹਣੋਂ ਮਨਾਹ ਕੀਤਾ ਉਸੇ ਬਣ ਵਿਖੇ ਬਰਾੜ ਨੌਕਰਾਂ ਨੇ ਤਲਬਾਂ ਮੰਗੀਆਂ ਪਰ ਉਸਦੇ ਪਾਸ ਬਿਨਾਂ ਨੰਗ ਭੁੱਖ ਦੇ ਕੀਹ ਸੀ ਇੱਕ ਵੇਰੀ ਇਨ੍ਹੀਂ ਹੀ ਦਿਨੀ ਗੁਰੂ ਜੀ ਦੇ ਸਾਥੀਆਂ ਸਿਖਾਂ ਨੂੰ ਦੋ ਦਿਨ ਭੁਖੇ ਹੀ ਰੈਹਣਾ ਪਿਆ ਤਲਬ ਤਾਂ ਕਿਥੋਂ ਦੇਣੀ ਸੀ ਓੜਕ ਨੂੰ ਤਲਬਾਂ ਦਾ ਬੰਦੋਬਸਤ ਕਰ ਦਿੱਤਾ ਪਰ ਇੱਕ ਨੇ ਤਿਨ੍ਹਾਂ ਵਿਚੋ ਤਨਖਾਹ ਨਾਂ ਲੀਤੀ ਤਿਸ ਸਿਖ ਦਾ ਨਾਉਂ ਦੀਵਾਨ ਸਿੰਘ ਸੀ ਇੱਕ ਫਕੀਰ ਨੂੰ ਜੋ ਜਨਮ ਦਾ ਮੁਸਲਮਾਨ ਸੀ ਅੰਮ੍ਰਿਤ ਛਕਾਕੇ ਅਜਮੇਰ ਸਿੰਘ ਨਾਮ ਧਰਿਆ ਓਥੋਂ ਚਲਕੇ ਤਲਵੰਡੀ ਆਏ ਏਥੇ ਗੁਰੂ ਜੀ ਦੇ ਕਬੀਲੇ ਭੀ ਆਂਣ ਮਿਲੇ ਕੁਛ ਦਿਨ ਏਥੇ ਰੈਹਕੇ ਬਠਿੰਡੇ ਪੌਂਹਚੇ ਬਠਿੰਡੇ ਥੀ ਚਲ ਕਰਕੇ ਦਮਦਮੇ ਆਗਏ ਏਸ ਥਾਂ ਪਰ ਗੁਰੂਗੋ ਬਿੰਦ ਸਿੰਘ ਜੀ ਨੇ ਕੁਛਕ ਦਿਨ ਅਰਾਮ ਕੀਤਾ ਏਸੇ ਕਰਕੇ ਹੀ ਉਸ ਥਾਂ ਦਾ ਨਾਉਂ ਦਮਦਮਾ ਪੈਗਿਆ ਹੈ ਤੇ ਪਿਛਲੇ ਥਕੇਵੇਂ ਨੂੰ ਦੂਰਕੀਤਾ ਦੂਸਰੀ ਕਹਾਵਤ ਇਹੁ ਹੈ ਕਿ ਇਸ ਜਗਾ ਪਰ ਆਣਕੇ ਗੁਰੂਜੀ ਦੇ ਕਬੀਲੇ ਮਿਲੇ ਸੇ ਜੋ ਲੜਾਈ ਦੇ ਸਮੇਂ ਵਿਛੁੜ ਕੇ ਦਿੱਲੀ ਪੁੱਜ ਗਏ ਸੇ ਏਥੋਂ ਹੀ ਦਯਾ ਸਿੰਘ ਧਰਮ ਸਿੰਘ ਆਦਿਕਾਂ ਨੂੰ ਔਰੰਗਜ਼ੇਬ ਪਾਸ ਜ਼ਫਰ ਨਾਮੇ ਨੂੰ ਪੁਚਾਯਾ ਸੀ ਤੇ ਜੁਵਾਬ ਲਿਆਏ ਸੇ ਜਿਸਨੂੰ ਪੜਕੇ ਔਰੰਗਜ਼ੇਬ ਨੇ ਬੜੀ ਨਰਮੀ ਨਾਲ ਗੁਰੂ ਗੋਬਿੰਦ ਸਿੰਘ ਜੀ

ਨੂੰ ਦਿੱਲੀ ਸਦੱਣ ਲਈ ਬੇਨਤੀ ਕੀਤੀ ਸੀ ਗੁਰੂ ਗੋਬਿੰਦ ਸਿੰਘ ਜੀ ਪੈਹਲੇ ਤਾਂ ਜਾਣ ਲਈ ਤਿਆਰ ਹੋਗਏ ਪਰ ਓੜਕ ਨੂੰ ਇਹੁ ਸੋਚਕੇ ਕਿ ਔਰੰਗਜ਼ੇਬ ਦੇ ਕੌਲ ਇਕਰਾਰਾਂ ਦਾ ਤੇ ਬਚਨਾਂ ਦਾ ਕੁਛ ਭਰੋਸਾ ਨਹੀਂ ਤੇ ਗੁਰੂ ਜੀ ਨੇ ਅਜੇ ਬੌਹਤ ਕੰਮ ਕਰਨੇ ਸੀ ਇਸ ਵਾਸਤੇ ਉਸਦੇ ਪਾਸ ਜਾਣੋਂ ਰੈਹ ਗਏ ਤੇ ਇਕ ਜ਼ਰੂਰੀ ਕੰਮ ਵਿਖੇ ਵੇਹਲਾ ਸਮਾਂ ਜਾਣਕੇ ਉਸ ਵਿਖੇ ਰੁਝ ਗਏ ਪ੍ਰੰਤੂ ਜੇਹੜਾ ਉੱਤ੍ਰ ਗੁਰੂ ਗੋਬਿੰਦ ਸਿੰਘ ਜੀ ਨੇ ਏਥੋਂ ਔਰੰਗਜ਼ੇਬ ਨੂੰ ਭੇਜਿਆ ਤਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਰੰਚਕ ਮਾਤ੍ਰ ਭੀ ਦੀਨਤਾ ਨਹੀਂ ਜਣਾਈ ਜੇਹੀ ਕਿ ਉਸ ਪਾਸੋਂ ਆਸ ਸੀ ਉਸਨੇ ਬੜੀ ਚੰਗੀ ਤਰਾਂ ਪਕਿਆਈ ਤੇ ਆਪਣੇ ਸੁਭਾਵ ਅਨੁਸਾਰ ਉੱਤ੍ਰ ਦਿੱਤਾ ਔਰੰਗਜ਼ੇਬ ਨੂੰ ਬੜੀਆਂ ਲਾਨਤਾਂ ਨਿਧੜਕ ਹੋਕੇ ਤੇ ਨਿਡਰ ਹੋ ਕਰਕੇ ਦਿਲੇਰੀ ਨਾਲ ਦਿੱਤੀਆਂ ਇਹੁ ਉਤ੍ਰ ਓਹੀਸੀ ਜਿਸਦਾ ਨਾਉਂ ਜ਼ਫ਼ਰਨਾਮਾ ਕਰਕੇ ਪ੍ਰਗਟਹੈ ਤੇ ਜਿਸਦਾ ਕੁਛਕ ਵਰਨੰਨ ਪੈਹਲੇ ਭੀ ਹੋ ਚੁਕਾਹੈ ਇਸ ਵਿਖੇ ਉਸਨੂੰ ਸਾਫ ਤੇ ਸਪਸ਼ਟ ਲਿਖਦਾਹੈ ਕਿ ਪ੍ਰਮੇਸ਼੍ਰ ਦੀ ਕ੍ਰੋਪੀ ਤੇਰੇਪਰ ਪੈਣ ਵਾਲੀਹੈ ਤੇ ਮੈਨੂੰ ਤੇਰੀ ਸ਼ਹਨਸ਼ਾਹੀ ਦੀ ਕੁਛ ਪ੍ਰਵਾਹ ਨਹੀਂ ਹੈ ਉਸ ਵਿਖੇ ਇਹੁ ਭੀ ਲਿਖਦਾਹੈ ਕਿ ਗੁਰੂ ਨਾਨਕ ਦੇਵ ਦਾ ਧਰਮ ਖਾਲਸ ਸਭਨਾ ਧਰਮਾਂ ਨਾਲੋਂ ਹੈ ਤੇ ਇਹੁ ਭੀ ਇਸ਼ਾਰੇ ਨਾਲ ਕਿਹਾ ਕਿ ਹੁਣ ਓਹੁ ਬਿਨਾਂ ਸੰਤਾਂਨ ਥੀ ਹੈ ਤੇ

ਸੰਸਾਰ ਵਿਖੇ ਉਸਨੂੰ ਕੋਈ ਵਿਸ਼ੇ ਭੋਗਨ ਸ਼ੌਕ ਆਦਿਕਾਂ ਦੀ ਇੱਛਾ ਭੀ ਨਹੀਂ ਹੈ ਓਹੁ ਸੰਤੋਖ ਨਾਲ ਅਪਣੇ ਅੰਤ ਦੇ ਸਮੇਂ ਨੂੰ ਉਡੀਕਦਾ ਹੈ ਤੇ ਉਸਨੂੰ ਬਿਨਾਂ ਅਕਾਲ ਪੁਰਖ਼ ਦੇ ਕਿਸੇ ਦਾ ਡਰ ਭੀ ਨਹੀਂ ਹੈ ਅਰਥਾਤ ਇਹੁ ਗਲਾਂ ਸਾਹਿਬਾਂ ਨੇ ਆਪਣੀ ਵਲੋਂ ਲਿਖੀਆਂ ਹਨ ਤੇ ਬੜੇ ਜ਼ੋਰ ਨਾਲ ਲਿਖਦੇ ਹਨ ਕਿ ਸਤਾਏ ਹੋਏ ਪੁਰਖਾਂ ਦੀ ਆਹੁ ਠੰਢਾਸਾਹੁ ਕਦੇ ਭੀ ਅਫਲ ਨਹੀਂ ਜਾਵੇਗਾ ਸਗੋਂ ਅੰਤ ਦੇ ਸਮੇ ਜਦ ਹਿਸਾਬ ਹੋਵੇਗਾ ਤਾਂ ਉਸਨੂੰ ਉਸਦੇ ਖੋਟੇ ਕਰਮਾਂ ਤੇ ਪਾਪਾਂ ਤੇ ਬੇ ਰਹਮੀਆਂ ਦੇ ਕਰਨ ਦਾ ਪ੍ਰਾਸ਼ਚਿਤ ਲਗਕੇ ਡੰਡ ਮਿਲੇਗਾ ਸੋ ਦੇਖਿਆ ਜਾਵੇਗਾ ਕਿ ਔਰੰਗਜ਼ੇਬ ਓਥੇ ਕਿਸ ਤਰਾਂ ਆਪਣੇ ਖੋਟੇ ਕਰਮਾਂ ਦੀ ਸਫਾਈ ਕਰੇਗਾ ਫੇਰ ਔਰੰਗਜ਼ੇਬ ਨੇ ਦੂਜੀ ਵਾਰੀ ਭੀ ਗੁਰੂ ਜੀ ਨੂੰ ਸਦਿੱਆ ਪਰ ਗੁਰੂ ਜੀ ਨੇ ਨਾ ਜਾਣਾ ਚਾਹਿਆ ਤੇ ਇਨਕਾਰ ਕੀਤਾ॥

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜਿਲਦਬੰਦੀ ਤੇ ਉਚਾਰਨ ਦੇ ਵਿਖੇ ਪਰ ਵਿਚਾਰ

ਇਸ ਦਮਦਮੇ ਦੇ ਸਥਾਨ ਪਰ ਆਦਿਗੁਰੂ ਗ੍ਰੰਥ ਸਾਹਿਬ ਜੀ ਨੂੰ ਫਿਰ ਉਤਾਰਾ ਕੀਤਾ ਤੇ ਉਸ ਵਿਖੇ ਆਪਣੇ ਪਿਤਾ ਗੁਰੂ ਤੇਗ਼ਬਹਾਦੁਰਜੀ ਦੀ ਬਾਣੀ ਨੂੰ ਵਧਾਯਾ ਜਿਸਨੂੰ ਹੁਣ ਤਕ ਸਾਰੇ ਲੋਕੀ ਦਮਦਮੇ ਸਾਹਿਬਦੀ ਬੀੜ ਕਰਕੇ ਉਚਾਰਦੇ ਹਨ

ਨ ਆਖਦੇ ਹਨ ਕਿ ਇਸ ਗੁਰੂ ਗ੍ਰੰਥ ਸਾਹਿਬ ਵਿਖੇ ਇਕ ਦੋ ਥਾਵਾਂ
ਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮਤਲਬ ਦੀ ਗਲ ਭੀ
ਾ ਦਿੱਤੀ ਹੈ ਜੇਹਾ ਅਸਲ ਵਿਖੇ ਸੀ ਕੇ (ਕਹੁ ਬੀਰ ਜਨ ਭਏ
ਲਾਸੇ) ਸੀ ਤਿਸ ਦੀ ਥਾਉਂ ਪਰ ਗੁਰੂ ਗੋਬਿੰਦ ਸਿੰਘ ਜੀ ਨੇ
ਕਹਾ ਕਿ ਕਹੁ ਕਬੀਰ ਜਨ ਭਏ ਖ਼ਾਲਸੇ ਇਉਂ ਲਿਖਵਾ-
ਯਾ ਪਰ ਇਸ ਗਲ ਦੇ ਮੰਨਣ ਯੋਗ ਕੋਈ ਪੱਕੀ ਲਿਖਤ
ਨਹੀਂ ਹੈ ਇਸ ਗੁਰੂ ਗ੍ਰੰਥ ਸਾਹਿਬ ਦੇ ਉਤਾਰੇ ਕਰਾਉਨ ਦੇ
ਕਾਰਨ ਹੇਠ ਲਿਖੇ ਹੀ ਸਨ ਇਕ ਤਾਂ ਇਹੁ ਕਿ ਆਪਣੇ
ਪਿਤਾ ਦੀ ਬਾਣੀ ਤਿਸ ਪਰ ਚੜ੍ਹਾਈ ਜਾਵੇ ਦੂਸਰਾ ਕਰਤਾਰ
ਪੁਰ ਵਾਲੇ ਧੀਰੱਮਲੀਏ ਉਸਨੂੰ ਗੁਰੂ ਗ੍ਰੰਥ ਸਾਹਿਬ ਦੇਂਦੇ
ਨਹੀਂ ਸੇ ਤੇ ਛਾਪੇ ਦਾ ਉਨ੍ਹੀ ਦਿਨੀ ਰਵਾਜ ਨਹੀਂ ਸੀ ਪੈਹਲੇ
ਉਸਨੂੰ ਦੂਜੇ ਕੰਮਾਂ ਥੀਂ ਵੇਹਲ ਨਹੀ ਸੀ ਮਿਲੀ ਇਸ ਵਾਸਤੇ
ਇਥੇ ਵੇਹਲਾ ਸਮਾਂ ਪਾਕੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ
ਉਤਾਰਾ ਨਹੀਂ ਕਰਵਾਯਾ ਸਗੋਂ ਉਸ ਪਰ ਜੋ ਕਿਸੇ ਹੋਰਸ
ਗੁਰੂ ਦੀ ਬਾਣੀ ਚੜ੍ਹਾਉਣ ਦੀ ਆਗਿਆ ਨਹੀਂ ਸੀ ਪਰ
ਗੁਰੂ ਗੋਬਿੰਦ ਸਿੰਘ ਜੀ ਨੇ ਉਸਨੂੰ ਤੋੜ ਕਰਕੇ ਆਪਣੇ
ਪਿਤਾ ਦੀ ਬਾਣੀ ਨੂੰ ਤਿਸ ਪਰ ਚੜ੍ਹਾ ਹੀ ਦਿੱਤਾ ਪੱਕੇ ਭਰੋਸੇ
ਵਾਲੇ ਸਿਖ ਇਉਂ ਨਿਸ਼ਚਾ ਕਰਵਾਉਂਦੇ ਹਨ ਕਿ ਗੁਰੂ ਗੋਬਿੰਦ
ਸਿੰਘ ਜੀ ਨੇ ਸਾਰਾ ਹੀ ਆਦਿ ਗੁਰੂ ਗ੍ਰੰਥ ਸਾਹਿਬ ਜੀ
ਆਪਣੀ ਰਸਨਾ ਦ੍ਵਾਰਾ ਬਿਨਾ ਦੇਖੇ ਉਚਾਰਿਆ ਸੀ ਤੇ ਲਿਖ-

ਵਾਯਾ ਸੀ ਤੇ ਇਸ ਕਰਕੇ ਗੁਰੂ ਜੀ ਦੀ ਕਰਾਮਾਤ ਪ੍ਰਗਟ ਕਰਦੇ ਹਨ ਇਹੁ ਕੋਈ ਅਨੋਖੀ ਗਲ ਤਾਂ ਨਹੀਂ ਕਿ ਸਾਰਾ ਗੁਰੂ ਗ੍ਰੰਥ ਸਾਹਿਬ ਚੇਤੇ ਯਾਦ ਹੋਵੇ ਪਰ ਅਸੀਂ ਕਰਾਮਾਤ ਦੇ ਦਾਵੇ ਦੇ ਕਾਇਲ ਨਹੀਂ ਹਾਂ ਤੇ ਨਾਂਹੀ ਕੋਈ ਸੱਚੀ ਸ਼ਹਾਦਤ ਹੀ ਪਾਈ ਜਾਂਦੀ ਹੈ ਇਤਨਾਂ ਤਾਂ ਜ਼ਰੂਰ ਮੰਨਨਯੋਗ ਹੈ ਕਿ ਓਥੇ ਓਸਨੇ ਗੁਰੂ ਗ੍ਰੰਥ ਸਾਹਿਬ ਆਦਿ ਦੀ ਨਕਲ ਕਰਵਾਈ ਭਾਵੇਂ ਆਪਣੇ ਪਿਤਾ ਦੇ ਅਥਵਾ ਦੂਸਰੇ ਲੋਕਾਂ ਦੀ ਜੁਬਾਂਨੀ ਸੁਣ ਸੁਣ ਕੇ ਅਥਵਾ ਕਿਸੇ ਗ੍ਰੰਥ ਸਾਹਿਬ ਉਪਰੋਂ ਹੀ ਉਤਾਰਾ ਕਰਵਾਯਾ ਇਹੁ ਗਲ ਅਸੰਭਵ ਤੇ ਅਸਚਰਜ ਨਹੀਂ ਹੈ ਕਿ ਉਸਨੂੰ ਯਾ ਦੂਸਰੇ ਸਿਖਾਂ ਨੂੰ ਕੋਈ ਅੰਗ ਯਾ ਕੁੱਲ ਸਾਰਾ ਗੁਰੂ ਗ੍ਰੰਥ ਸਾਹਿਬ ਯਾਦ ਹੋਵੇ ਇੱਕ ਜੱਥਾ ਇਹੁ ਆਖਦਾ ਹੈ ਕਿ ਜੇਕਰ ਦਸਮੀ ਪਤਾਸ਼ਾਹੀ ਦਾ ਗੁਰੂ ਗ੍ਰੰਥ ਸਾਹਿਬ ਸਾਰਾ ਏਥੇ ਨਹੀਂ ਰਚਿਆ ਗਿਆ ਤਾਂ ਭੀ ਇਕੱਠਾ ਤਾਂ ਜ਼ਰੂਰ ਏਥੇ ਹੀ ਹੋਯਾ ਹੈ ਪ੍ਰੰਤੂ ਦੂਸਰੇ ਸਿੱਖ ਇਸ ਬਾਤ ਨੂੰ ਨਹੀਂ ਸ੍ਵੀਕਾਰ ਕਰਦੇ ਸਾਡੇ ਵਿਚਾਰ ਵਿਖੇ ਦੋਹਾਂ ਪਾਸ ਹੀ ਕੋਈ ਸਬੂਤ ਨਹੀਂ ਹੈ ਪਰ ਬੁੱਧ ਇਹੁ ਆਖਦੀ ਹੈ ਕਿ ਜ਼ਰੂਰ ਵੇਹਲ ਦਾ ਸਮਾਂ ਪਾਕੇ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਦੇ ਦਰੁਸਤ ਕਰਨ ਵਿਖੇ ਤੇ ਸੋਧਨ ਵਿਖੇ ਕੁਛ ਸਮਾਂ ਖਰਚ ਕੀਤਾ ਹੋਵੇਗਾ ਤੇ ਇਸ ਬਾਤ ਵਿਖੇ ਤਾਂ ਰੰਚਕਿਮਾਤ੍ਰ ਭੀ ਸੰਦੇਹ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਿਕ ਏਥੇ ਹੀ ਬੈਠਕੇ

ਉਚਾਰਿਆ ਸੀ ਤੇ ਦਸਵੀਂ ਪਾਤਸ਼ਾਹੀ ਗੁਰੂ ਗ੍ਰੰਥ ਸਾਹਿਬ ਨੂੰ ਪੂਰਣ ਕੀਤਾ ਸੀ ॥

ਬਚਿਤ੍ਰ ਨਾਟਿਕ ਵਿਖੇ ਉਨ੍ਹਾਂਨੇ ਆਪਣੇ ਥੀਂ ਪੈਹਲੇ ਨਵਾਂ ਗੁਰੂਆਂ ਦਾ ਜੀਵਨ ਚਰਿਤ੍ਰ ਤੇ ਕੰਮ ਸੰਖੇਪ ਕਰਕੇ ਰਚਕੇ ਪ੍ਰਗਟ ਕੀਤੇ ਹਨ ਤੇ ਪਸਚਾਤ ਆਪਣੀ ਜ਼ਿੰਦਗੀ ਦੇ ਭੀ ਸਾਰੇ ਸਮਾਚਾਰ ਲਿਖੇ ਹਨ ਤੇ ਈਸ਼੍ਵਰ ਦੀ ਮਹਿਮਾਂ ਦੇ ਗੁਨ ਗਾਏ ਹਨ ਅਤੇ ਇਸ ਬਾਤ ਨੂੰ ਬੜੇ ਜ਼ੋਰ ਨਾਲ ਪ੍ਰਗਟ ਕੀਤਾ ਹੈ ਕਿ ਜੋ ਕੁਛ ਮੈਂ ਕੀਤਾ ਹੈ ਸੋ ਮੈਂ ਆਪਣੇ ਆਪ ਨਹੀਂ ਕੀਤਾ ਸਗੋਂ ਅਕਾਲ ਪੁਰਖ ਦੀ ਆਗਿਆ ਅਨੁਸਾਰ ਕੀਤਾ ਹੈ ਇਸਦੀ ਬਾਬਤ ਪੂਰੀ ਬੈਹਸ ਗੁਰੂ ਬਾਣੀ ਦੀ ਕਵਿਤਾ ਪਰ ਸੰਮਤ ਲਿਖਣ ਵੇਲੇ ਕਰਾਂਗੇ ਇਸ ਸਮੇਂ ਪਰ ਗੁਰੂ ਗੋਬਿੰਦ ਸਿੰਘ ਜੀ ਨਿਯਮਾਨੁਸਾਰ ਧਰਮ ਉਪਦੇਸ਼ ਦੇਂਦੇ ਰਹੇ ਵਿਸ਼ੇਸ਼ ਕਰਕੇ ਤਾਂ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂਨੇ ਫੇਰ ਇੱਕਠ ਕਰਨਾਂ ਚਾਹਿਆ ਪਰ ਪੂਰਣ ਨਾਂ ਹੋਯਾ ॥

ਗੁਰੂ ਗੋਬਿੰਦ ਸਿੰਘ ਜੀ ਦਾ ਦੱਖਣ ਵਲ ਜਾਣਾ

ਗੁਰੂ ਗੋਬਿੰਦ ਸਿੰਘ ਜੀ ਨੇ ਜਦ ਦਮਦਮੇ ਵਿਖੇ ਆਪਣੇ ਉਦੇਸ਼ ਲਈ ਪੂਰਣ ਸਾਮਾਨ ਨਾਂ ਲੱਭਦਾ ਡਿੱਠਾ ਤਾਂ ਦੱਖਣ ਵਲ ਜਾਣ ਦੀ ਵਿਚਾਰ ਕੀਤੀ ਤੇ ਓਧਰ ਨੂੰ ਭੀ ਨਗਰ ਨਗ੍ਰਤ

ਚਲੇ ਜਾਂਦੇ ਰਹੇ ਵਿਸ਼ੇਸ਼ ਕਰਕੇ ਤਾਂ ਇਹੁ ਪ੍ਰਤੀਤ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਮਰਹਟਿਆਂ ਦੇ ਹਾਲਾਤ ਸੁਣ ਕੇ ਉਨ੍ਹਾਂ ਨੂੰ ਆਪਣੇ ਨਾਲ ਮਿਲਾਉਣ ਲਈ ਇਹੁ ਸਫ਼ਰ ਕੀਤਾ ਨਹੀਂ ਤਾਂ ਹੋਰ ਕੋਈ ਖ਼ਾਸ ਕਾਰਨ ਓਧਰ ਜਾਂਣ ਦਾ ਪ੍ਰਗਟ ਨਹੀਂ ਹੁੰਦਾ ਹੈ॥

ਰਾਜਪੂਤਾਂਨੇਥੀਂ ਲੰਘਕੇ ਦਖਣ ਕੰਨੀ ਜਾਰਹੇਸੇ ਰਾਜਪੂਤਾਨੇ ਵਿਖੇ ਭੀ ਜਾਣ ਦਾ ਭੀ ਇਹੀ ਕਾਰਨ ਸੀ ਕਿ ਰਾਜਪੂਤ ਰਾਜਿਆਂ ਨੂੰ ਅਥਵਾ ਰਾਜਪੂਤ ਲੋਗਾਂ ਨੂੰ ਆਪਣੇ ਉਦੇਸ਼ ਦੇ ਪੂਰਨ ਕਰਨ ਲਈ ਜੀਉਂਦੇ ਕਰਨ ਭਾਵੇਂ ਜਿੱਥੇ ਜਿਥੇ ਰਾਜਪੂਤਾਨੇ ਵਿਖੇ ਗਏ ਓਥੋਂ ਦੇ ਲੋਕਾਂ ਨੇ ਗੁਰੂ ਜੀ ਦਾ ਬੜੀ ਸਤਕਾਰ ਤੇ ਇਜ਼ਤ ਕੀਤੀ ਤੇ ਬੜੇ ਪ੍ਰੇਮ ਨਾਲ ਆਦਰ ਭਗਤੀ ਕੀਤੀ ਤੇ ਉਸਦੇ ਉਦੇਸ਼ਾਂ ਥੀਂ ਲਾਭ ਉਠਾਯਾ ਪ੍ਰੰਤੂ ਠੀਕ ਅਸਲ ਸਿੱਧਾਂਤ ਕੋਈ ਸਿਧ ਨਹੀਂ ਹੋਯਾ ਤੇ ਰਾਜਪੂਤ ਐਡੇ ਬਲ ਹੀਣ ਹੋ ਗਏ ਸੇ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਸਹਾਇਤਾ ਲਈ ਨਾਂ ਤਕੜੇ ਹੋ ਸਕੇ ਇਕ ਸਥਾਨ ਪਰ ਮਹੰਤ ਚੇਤਰਾਮ ਦਾਦੂ ਪੰਥੀਏ ਨਾਲ ਮੇਲਾ ਹੋਗਿਆ ਤੇ ਉਸ ਸਾਧੂ ਨੇ ਭੀ ਗੁਰੂ ਜੀ ਦੀ ਆਉਭਗਤੀ ਬੜੇ ਪ੍ਰੇਮ ਉਤਸ਼ਾਹ ਤੇ ਖ਼ੁਸ਼ੀ ਨਾਲ ਕੀਤੀ ਗੁਰੂਜੀਦਾ ਤੇ ਉਸਦਾ ਸੰਖੇਪ ਵਰਤਾਂਤ ਸਮਾਚਾਰਾਂ ਵਿਖੇ ਚਲਿਆ ਆਉਂਦਾ ਹੈ ਭਾਵੇਂ ਸਾਡੇ ਸਾਹਮਣੇ ਇਸ ਗਲ ਦੀ ਠੀਕ ਠੀਕ ਪ੍ਰੀਛਜਾ ਨਹੀਂ ਕਿ ਇਹੁ ਝੂਠ ਹੈ ਅਥਵਾ

ਸੌਚ ਹੈ ਪ੍ਰੰਤੂ ਇਸ ਕਰਕੇ ਕਿ ਇਸ ਗਲ ਦਾ ਨਿਰਣਾਂ ਪ੍ਰੰਪਰਾ ਵਰਨੰਨ ਹੁੰਦਾ ਚਲਾ ਆਯਾ ਹੈ ਇਸ ਵਾਸਤੇ ਅਸੀਂ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਉਸਦਾ ਸੰਖੇਪ ਵਿਰਤਾਂਤ ਵਰਨੰਨ ਕਰਕੇ ਦੱਸਦੇ ਹਾਂ ॥

ਗੁਰੂ ਗੋਬਿੰਦ ਸਿੰਘ ਜੀ ਦੇ ਹਾਲ ਥੀਂ ਵਾਕਫੀ ਪਾਕੇ ਮਹੰਤ ਚੇਤਰਾਮ ਨੇ ਉਨ੍ਹਾਂ ਨੂੰ ਕਿਹਾ ਕਿ "ਦਾਦੂ ਦਾਵਾ ਦੂਰ ਕਰ ਬਿਨ ਦਾਵੇ ਦਿਨ ਕੱਟ ॥ ਕੇਤੀ ਸੌਦਾਕਰ ਗਈ ਇਸ ਪਸਾਰੀ ਦੀ ਹੱਟ,, ਤਿਆਗ ਵੈਰਾਗ ਸਭ ਨਾਸ ਹੀ ਨਾਸ਼ ਰੂਪ ਹੈ ਇਹੁ ਬਚਨ ਬਿਲ ਕੁਲ ਬਲ ਹੀਣਤਾ, ਸੁਸਤੀ ਤੇ ਕਾਇਰਪਨੇ ਦਾ ਹੈ ਬੇਹਿੰਮਤੀ ਤੇ ਬੇਗ਼ੈਰਤੀ, ਬੇਸ਼ਰਮੀ ਕਮਜ਼ੋਰੀ ਤੇ ਖ੍ਵਾਰੀ ਦਾ ਦ੍ਰਿਸ਼ਟਾਂਤ ਹੈ ਤੇ ਇਸੇ ਤਰਾਂ ਦੀ ਹੀ ਸਿਖਜਾ ਹਿੰਦੁਸਤਾਂਨ ਵਿਖੇ ਖਾਸ ਕਰਕੇ ਸਭ ਹਿੰਦੂਆਂ ਵਿਖੇ ਰਵਾਜ ਪਾ ਚੁੱਕੀ ਸੀ ਤੇ ਭਲਾ ਜੇ ਇਹੁ ਨਾਂ ਕਰਦੇ ਤਾਂ ਕਰਦੇ ਹੀ ਕੀਹ ਹੱਥਾਂ ਵਿਖੇ ਕੁੱਛ ਨਾਂ ਰਿਹਾ ਸਭ ਕੁਛ ਮੁਸਲਮਾਨਾਂ ਨੇ ਖੋਹ ਖਿੱਚ ਲੀਤਾ ਤਾਂ ਤਿਆਗੀ ਤੇ ਬੈਰਾਗੀ ਹੀ ਬਣ ਬੈਠਣਾ ਸੀ॥

ਗੁਰੂ ਗੋਬਿੰਦ ਸਿੰਘ ਜੀ ਨੇ ਮਹੰਤ ਦੇ ਵਾਕ ਸੁਣਕੇ
ਇਉਂ ਉਤ੍ਰ ਦਿੱਤਾ ਕਿ

ਦਾਦੂ ਦਾਵਾ ਰਖ ਕੇ ਸਭਨੂੰ ਲਈਏ ਲੁੱਟ॥
ਇੱਕੋ ਰੈਹਸੀ ਖ਼ਾਲਸਾ ਹੋਰ ਮਰਸੀ ਸਭ ਟੁਟ ॥

ਮਹੰਤ ਚੇਤਰਾਮ ਦਾਦੂ ਸਮਾ ਵਿਚਾਰਕੇ ਕਲ ਕਾ ਕੀਜੇ ਭਾਉ ॥
ਜੇ ਕੋਈ ਮਾਰੇ ਢੀਮ ਇਟ ਲੀਜੇ ਸੀਸ ਨਿਵਾਉ ॥

ਗੁਰੂ ਗੋਬਿੰਦ ਸਿੰਘ ਜੀ ਦਾਦੂ ਸਮਾ ਵਿਚਾਰਕੇ ਕੁਲਕਾ ਕੀਜੇ ਭਾਇ ॥
ਜੇਕੋ ਮਾਰੇ ਇੱਟ ਢੀਮ ਪਾਥਰ ਹਨੇ ਰਿਸਾਇ ॥

ਇਨ੍ਹਾਂ ਵਾਕਾਂ ਥੀਂ ਜੋ ਬਚਨਾਂ ਵਿਖੇ ਭੇਦ ਹੈ ਸੋ ਪ੍ਰਤਖ ਹੀ ਪ੍ਰਤੀਤ ਹੋ ਰਿਹਾ ਹੈ ਇਸਦੇ ਵਰਨੰਨ ਕਰਨ ਦੀ ਕੁਛ ਲੋੜ ਨਹੀਂ ॥

ਓੜਕ ਨੂੰ ਗੁਰੂ ਗੋਬਿੰਦ ਸਿੰਘ ਜੀ ਰਾਜੇ ਉਦੇਪੁਰ ਦੇ ਰਾਜ ਵਿਖੇ ਜਾ ਰਹੇ ਓਥੇ ਕੁਛਕ ਸਮਾ ਸੈਰ ਸ਼ਿਕਾਰ ਵਿਖੇ ਬਿਤਾਯਾ ਪ੍ਰੰਤੂ ਜਿਸ ਉਦੇਸ਼ ਨੂੰ ਓਥੇ ਲੈਕੇ ਪੌਂਹਚੇ ਸੇ ਉਸ ਵਿਖੇ ਉੱਨੜੀ ਤੇ ਪੂਰਣਤਾ ਪ੍ਰਾਪਤ ਨਾ ਹੋਈ ਮੁਸਲਮਾਨਾਂ ਦੀ ਹਕੂਮਤ ਦੇ ਵਿਰੋਧ ਰਾਜਪੂਤ ਰਾਜੇ ਉਠਨ ਲਈ ਤਿਆਰ ਨਹੀਂ ਸੇ ਕਿਉਂਕਿ ਮਾਰਾਂ ਖਾਂਦੇ ਬਿਲਕੁਲ ਹੀ ਬਲਹੀਣ ਹੋ ਚੁਕੇ ਸੇ ਤੇ ਉਨ੍ਹਾਂ ਦੇ ਬਲ ਸ਼ਕਤੀ ਨੂੰ ਜੰਗ ਲਗਕੇ ਖਾ ਚੁੱਕਾ ਸੀ ਸੋ ਓਥੇ ਤੇ ਹੋਰ ਰਾਜਪੂਤੀ ਰਾਜਧਾਨੀਆਂ ਵਿਖੇ ਕੰਮ ਨਾਂ ਬਣਦਾ ਦੇਖਕੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਧਾ ਹੀ ਦੱਖਣ ਦੇਸ਼ ਦਾ ਰੁਖ਼ ਕੀਤਾ ਇਹੁ ਵਿਚਾਰ ਸੀ ਕਿ ਖ਼ਬਰੇ ਮਰਹੱਟਿਆਂ ਪਾਸੋਂ ਹੀ ਕੰਮ ਬਣ ਜਾਵੇ ਇਹੁ ਵਿਚਾਰਕੇ ਓਧਰ ਨੂੰ ਤੁਰ ਪਏ ਰਾਹ ਵਿਖੇ ਕਤਕ ਸੁਦੀ ਪੂਰਨਮਾਸ਼ੀ ਸੰਮਤ ੧੭੬੩ ਦਾ ਮੇਲਾ ਪੁਸ਼ਕਰ ਰਾਜ ਵਿਖੇ ਡਿੱਠਾ ਜਦ ਅਜਮੇਰ ਵਿਖੇ ਗਏ ਸੇ ਤਾਂ ਉਸ ਦਿਨ ਦੀ ਯਾਦਗਾਰ ਵਿਖੇ ਇੱਕ ਸਿਦਕੀ ਭਰੋਸੇ ਵਾਲੇ

ਸਿੱਖ ਨੇ ਪੁਸ਼ਕਰ ਰਾਜਪੁਰ ਇੱਕ ਘਾਟ ਬਨਵਾਯਾ ਜਿਸਦਾ ਨਾਉਂ ਗੋਬਿੰਦ ਘਾਟ ਕਰਕੇ ਪ੍ਰਸਿੱਧ ਹੈ ਨਗਰ ਭਰੋਰ ਵਿਖੇ ਆਪ ਠੈਹਰੇ ਹੋਏ ਸਨ ਕਿ ਔਰੰਗਜ਼ੇਬ ਦੇ ਮਰਨ ਦੀ ਖ਼ਬਰ ਪਹੁੰਚੀ ਜੋ ਸੰਮਤ ੧੭੬੪ ਵਿਖੇ ਮੋਯਾਸੀ ਇਸ ਖ਼ਬਰ ਨੂੰ ਸੁਣਕੇ ਭੀ ਗੁਰੂ ਜੀ ਪੈਹਲੇ ਵਾਂਗੂੰ ਹੀ ਇੱਕ ਰਸ ਰਹੇ ਅਤੇ ਉਨ੍ਹਾਂ ਦੇ ਬਚਨਾਂ ਵਿਖੇ ਅਥਵਾ ਚਿਹਰੇ ਪਰ ਕੋਈ ਖ਼ੁਸ਼ੀ ਦਾ ਨਿਸ਼ਾਨ ਨਹੀਂ ਸੀ ਪ੍ਰਤੀਤ ਹੁੰਦਾ ॥

ਗੁਰੂ ਗੋਬਿੰਦ ਸਿੰਘ ਜੀ ਤੇ ਬਹਾਦੁਰਸ਼ਾਹ

ਔਰੰਗ ਜ਼ੇਬ ਦੇ ਮਰਨੇ ਪਰ ਉਸਦੇ ਪੁਤ੍ਰਾਂ ਵਿਖੇ ਹਿੰਦੁਸਤਾਂਨ ਦੀ ਰਾਜ ਗੱਦੀ ਵਾਸਤੇ ਤਲਵਾਰ ਚਲੀ ਬਹਾਦੁਰਸ਼ਾਹੁ ਵਡਾ ਪੁੱਤ੍ਰ ਪਿਤਾ ਦੇ ਮਰਣ ਵਲੇ ਕਾਬੁਲ ਵਿਖੇ ਸੀ ਉਸ ਦੇ ਸਾਹਮਣੇ ਆਜ਼ਮਸ਼ਾਹੁ ਨੇ ਤਲਵਾਰ ਮਿਆਨੋਂ ਕੱਢੀ ਤੇ ਆਪਣੇ ਛੋਟੇ ਭਰਾ ਕਾਮਬਖ਼ਸ਼ ਨੂੰ ਬਹਾਨੇ ਨਾਲ ਸੱਦਕੇ ਆਪਣੇ ਪਿਉ ਵਾਂਗੂੰ ਮੁਰਾਦ ਦੀ ਤਰਾਂ ਉਸਨੂੰ ਬਿਨਾਂ ਅਪਰਾਧ ਕਤਲ ਕਰਵਾਯਾ ਹੁਣ ਬਹਾਦੁਰਸ਼ਾਹੁ ਨੂੰ ਬੜੇ ਕਠੋਰ ਵੈਰੀ ਦਾ ਸਾਹਮਣਾਂ ਕਰਨਾ ਸੀ ਤੇ ਉਸਨੂੰ ਡਰ ਸੀ ਕਿ ਕਿਧਰੇ ਦਾਰਾਸ਼ਕੋਹ ਵਰਗੀ ਉਸ ਦੀ ਦਸ਼ਾ ਭੀ ਨਾਂ ਹੋਵੇ ਉਸਨੇ ਜੁੱਧ ਦੇ ਲਈ ਪੂਰੀ ਪੂਰੀ ਤਿਆਰੀ ਕੀਤੀ ਬਹਾਦੁਰ ਸ਼ਾਹੁ ਨੇ ਇਸ ਸਮੇ ਗੁਰੂ ਗੋਬਿੰਦ ਸਿੰਘ ਜੀ ਦੀ ਸਹਾਇਤਾ ਥੀਂ ਭੀ

ਲਾਭ ਉਠਾਉਣਾ ਚਾਹਿਆ ਕਿਉਂ ਜੋ ਉਸ ਸਮੇ ਵਿਖੇ ਸਿੱਖਾਂ ਦਾ ਜੱਥਾ ਇਕ ਵਡਾ ਤਕੜਾ ਜੰਗ ਕਰਨ ਵਾਲਾ ਹੋਗਿਆ ਸੀ ਬਹਾਦੁਰਸ਼ਹ ਨੇ ਉਨ੍ਹਾਂ ਦੇ ਬਲ ਥੀਂ ਲਾਭ ਉਠਾਵਣ ਵਾਸਤੇ ਵਸੀਲਾ ਗੁਰੂ ਗੋਬਿੰਦ ਸਿੰਘ ਜੀ ਨੂੰ ਹੀ ਜਾਤਾ ਤੇ ਉਸਨੇ ਲੰਮੀ ਦ੍ਰਿਸ਼ਟੀ ਦ੍ਵਾਰਾ ਇਹ ਭੀ ਸੋਚਿਆ ਹੋਵੇਗਾ ਕਿ ਜੇਕਰ ਮੈਂ ਜਿੱਤ ਗਿਆ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਸੁਲਾਹ ਹੋ ਜਾਣ ਦੇ ਕਾਰਨ ਮੈਂਨੂੰ ਕੋਈ ਡਰ ਇਨ੍ਹਾਂ ਪਾਸੋਂ ਨਹੀਂ ਰਹੇਗਾ ਤੇ ਜੇ ਹਾਰ ਗਏ ਤਾਂ ਇਹ ਭੀ ਮਰਜਾਣਗੇ ਇਹੁ ਵਿਚਾਰ ਸਾਰੇ ਹੀ ਲੋਕੀਂ ਜਾਣਦੇ ਸਨ ਕਿ ਗੁਰੂ ਗੋਬਿੰਦ ਸਿੰਘ ਜੀ ਮੁਸਲਮਾਨੀ ਰਾਜ ਦੀ ਜੜ ਪੁੱਟਨ ਪਰ ਉਦੱਮ ਕਰ ਰਿਹਾ ਹੈ ਸੋ ਬਹਾਦੁਰਸ਼ਾਹ ਨੇ ਲੰਮੀ ਦ੍ਰਿਸ਼ਟੀ ਦ੍ਵਾਰਾ ਵਿਚਾਰਕੇ ਦੋ ਦੀਵਾਂਨ ਆਪਣੇ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਖੇ ਭੇਜ ਕਰਕੇ ਬੇਨਤੀ ਕੀਤੀ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਬਾਤਾਂ ਨੂੰ ਵਿਚਾਰ ਕਰਕੇ ਉਸ ਦੀ ਸਹਾਇਤਾ ਕਰਨ ਦਾ ਬਚਨ ਕਰ ਦਿਤਾ ਕਿਸੇ ਹਿੰਦੂ ਰਾਜੇ ਨਾਲ ਤਾਂ ਮੁਕਾਬਲਾ ਸੀ ਹੀ ਨਹੀਂ ਸੋ ਪ੍ਰਤੀਤ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਇਸ ਵਿਖੇ ਭੀ ਕਿਸੇ ਚੰਗੇ ਸਮੇ ਦੀ ਉਡੀਕ ਵਿਖੇ ਸੀ ਇਸ ਵਾਸਤੇ ਉਸਨੇ ਇਹੁ ਚੰਗੀਤਰਾਂ ਵਿਚਾਰਲੀਤਾ ਹੋਵੇਗਾ ਕਿ ਵੈਰਭਾਵ ਦੀ ਸੂਰਤ ਵੀ ਜਗਾਂ ਤੇ ਸਿਖੀ ਨਿਸ਼ਾਨ੍ਹਥੀਂ ਦੂਰ ਹੀ ਰੈਹਣਾਏਂਗਾ

ਹੋਵੇਗਾ ਜੋ ਅਗੋਂ ਨੂੰ ਸ਼ਾਹਨਸ਼ਾਹ ਹਿੰਦੁਸਤਾਨ ਦੇ ਨਾਲ ਮਿਲਕੇ ਓਹੁ ਸਮੇਦੀ ਉਡੀਕ ਕਰੇ ਅਤੇ ਸਿਖਾਂ ਨੂੰ ਸੰਪੂਰਣ ਸਾਮਾਨ ਨਾਲ ਭਰਪੂਰ ਕਰਕੇ ਆਪਣੇ ਪ੍ਰਯੋਜਨ ਨੂੰ ਸਿੱਧ ਕਰ ਲਵੇ ਸੋ ਇਹੁ ਵਿਚਾਰ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਸਹਾਇਤਾ ਕਰਨ ਦਾ ਇਕਰਾਰ ਕੀਤਾ ਤੇ ਜਦ ਗੁਰੂ ਗੋਬਿੰਦ ਸਿੰਘ ਜੀ ਉਸ ਦੇ ਪਾਸ ਪੌਂਹਚੇ ਤਾਂ ਓਹੁ ਬੜੀ ਪ੍ਰੇਮ ਸੇਵਾ ਸੰਯੁਕਤ ਆਉ ਭਗਤੀ ਕਰਕੇ ਸਨਮੁਖ ਆਯਾ ਮੁੱਕ ਦੀ ਗਲ ਇਹੁ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬਹਾਦੁਰਸ਼ਾਹੁ ਦੀ ਸਹਾਇਤਾ ਕੀਤੀ ਤੇ ਆਗਰੇ ਵਿਖੇ ਜੋ ਬੜਾ ਭਾਰਾ ਜੰਗ ਆਜ਼ਮਸ਼ਾਹ ਅਤੇ ਬਹਾਦੁਰਸ਼ਾਹ ਦੇ ਵਿਚ ਹੋਯਾ ਉਸ ਵਿਖੇ ਗੁਰੂ ਗੋਬਿੰਦ ਸਿੰਘ ਜੀ ਭੀ ਆਪਣੀ ਫ਼ੌਜ ਸਿੰਘੀ ਨਾਲ ਤਿਸ ਸਮੇ ਸੀ ਇਹੁ ਗਲ ਆਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਜ਼ਮਸ਼ਾਹੁ ਨੂੰ ਹਾਥੀ ਪਰ ਬੈਠੇ ਹੋਏ ਨੂੰ ਹੀ ਤੀਰ ਮਾਰਕੇ ਡੇਗ ਦਿੱਤਾ ਤੇ ਇਹੁ ਗਲ ਮੰਨਣ ਯੋਗ ਭੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਦੇ ਮਾਰਣੇ ਦਾ ਇਉ ਉੱਦਮ ਕੀਤਾ ਹੋਵੇ ਕਿਉਂ ਜੋ ਆਪਣੇ ਵੈਰੀ ਦੇ ਪੁੱਤ੍ਰ ਨੂੰ ਮਾਰਣਾ ਉਸਨੂੰ ਅਤਯੰਤ ਹੀ ਚੰਗਾ ਪ੍ਰਤੀਤ ਹੋਯਾ ਹੋਵੇਗਾ ਭਾਵੇਂ ਆਜ਼ਮਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਹੀ ਹਥੋਂ ਮਾਰਿਆ ਗਿਆ ਤੇ ਭਾਵੇਂ ਕਿਸੇ ਹੋਰਸ ਤਰਾਂ ਨਾਲ ਪ੍ਰੰਤੂ ਇਸ ਵਿਖੇ ਤਾਂ ਸੰਦੇਹ ਨਹੀਂ

ਕਿ ਬਹਾਦੁਰਸ਼ਾਹ ਦੀ ਇਸ ਜਿੱਤ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਬੜਾ ਭਾਰਾ ਭਾਗਸੀ ਇਸ ਕੰਮ ਦੇ ਬਦਲੇ ਬਹਾਦੁਰਸ਼ਾਹੁ ਗੁਰੂ ਗੋਬਿੰਦ ਸਿੰਘ ਜੀ ਨੂੰ ਦਿੱਲੀ ਲਿਆਯਾ ਤੇ ਕੁਛ ਸਮਾ ਓਥੇ ਰਖਯਾ ਸੀ ਇਕ ਗਲ ਇਉਂ ਭੀ ਦਸਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬਹਾਦੁਰਸ਼ਾਹੁ ਦੀ ਚਾਕਰੀ ਅੰਗੀ ਕਾਰ ਕਰਲਈ ਚੁਨਾਚਿ ਖਾਫੀਖਾਂਨ ਦੀ ਸਨਦ ਪਰ ਅਲਫਿੰਨਸਨ ਸਾਹਿਬ ਨੇ ਭੀ ਇਹੁ ਗਲ ਠੈਹਰਾਈ ਹੈ ਕਿ ਜੇਕਰ ਉਸਨੇ ਨੌਕਰੀ ਹੀ ਕਰ ਲਈ ਸੀ ਤਾਹੀਂ ਓਸ ਦੇ ਪਾਸ ਰੈਂਹਦੇ ਸਨ ਦੂਸਰੀ ਗਲ ਇਹੁ ਸੀ ਕਿ ਨਹੀਂ ਨੌਕਰੀ ਨਹੀਂ ਸੀ ਕੀਤੀ ਕੇਵਲ ਇਕ ਸਹਾਇਤਾ ਦੇਣ ਵਾਲੇ ਸਾਖੀ ਮਿਤ੍ਰ ਬਣ ਕੇ ਪਾਸ ਬਹਾਦੁਰਸ਼ਾਹੁ ਦੇ ਰਹੇ ਸੇ ਤੇ ਸਭ ਨਾਲੋਂ ਮੰਨਨਯੋਗਭੀ ਇਹੀ ਗਲ ਹੈ ਕਿਉਂ ਜੋ ਸਭਨਾਂ ਥੀਂ ਚੰਗੀਰਾਇ ਇਹੀ ਹੈ ਇਸ ਕਰਕੇ ਜੇ ਸਾਰੀਆਂ ਗਲਾਂ ਨੂੰ ਜ਼ਰਾਂ ਵਿਚਾਰੀਏ ਤਾਂ ਇਹੀ ਪ੍ਰਤੀਤ ਹੋਸਕਦਾ ਹੈ ਕਿ ਓਹੁ ਮਿਤ੍ਰਤਾਈ ਕਰਕੇ ਉਸਦੇ ਪਾਸ ਰਹੇ ਸੇ ਇਹੁ ਭਰੋਸਾ ਨਹੀਂ ਹੋਸਕਦਾ ਕਿ ਉਸਨੇ ਤੁਰਕਾਂ ਦੀ ਚਾਕਰੀ ਕੀਤੀ ਹੋਵੇ ਸਮੇਂ ਨੂੰ ਵਿਚਾਰ ਕੇ ਇੱਕ ਭਰਾ ਦੀ ਸਹਾਇਤਾ ਕਰਨੀ ਦੂਸਰੇ ਭਰਾ ਦੇ ਵਿਰੁਧ ਜੁਧ ਕਰਨਾਂ ਇਹੁ ਗਲ ਹੋਰ ਹੈ ਤੇ ਇਸਥੀਂ ਇਹੁਫਲ ਵਿਚਾਰਣਾ ਕਿ ਉਸਨੇ ਨੌਕਰੀ ਕੀਤੀ ਸੀ ਝੂਠ ਹੈ ਜੇਹੇ ਕਿ ਅਗਲੇ ਸਮਾਚਾਰਾਂ ਥੀਂ ਭੀ ਇਹੀ

ਬੋਲ ਨਿਕਲ ਦਾ ਹੈ ਕਿ ਉਸਨੇ ਨੌਕਰੀ ਨਹੀਂ ਸੀ ਕੀਤੀ। ਜਿਹਾਕੁ ਦੋ ਰਾਜਿਆਂ ਦਾ ਅਥਵਾ ਅਮੀਰਾਂ ਦਾ ਮਿਲਕੇ ਬਾਦਸ਼ਾਹੁ ਦੇ ਨਾਲ ਜੁਧ ਕਰਨ ਦਾ ਤ੍ਰੀਕਾ ਸੀ ਏਸੇ ਤਰਾਂ ਹੀ ਗੁਰੂ ਗੋਬਿੰਦ ਸਿੰਘ ਜੀ ਭੀ ਮਿਤ੍ਰਤਾਈ ਦੇ ਕਾਰਨ ਸਹਾਇਤਾ ਪਰ ਗਏ ਸੇ ਕਿਉਂਕਿ ਬਹਾਦੁਰਸ਼ਾਹੁ ਨੇ ਇਸ ਕੰਮ ਦੇ ਬਦਲੇ ਵਿਖੇ ਇੱਕ ਬੜੀ ਭਾਰੀ ਜਾਗੀਰ ਤੇ ਰਿਆਸਤ ਭੇਟਾ ਕਰਨੀ ਚਾਹੀ ਸੀ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਬਹਾਦੁਰ ਸ਼ਾਹ ਦੀ ਭੇਟਾ ਨੂੰ ਅੰਗੀਕਾਰ ਨਾਂ ਕੀਤਾ ਤੇ ਆਖਯਾ ਕਿ ਸਾਡੇ ਦਾਦੇ ਗੁਰੂ ਅਰਜਨ ਜੀ ਦੇ ਵੈਰੀ ਦੀਵਾਂਨ ਚੰਦੂਸ਼ਾਹੀ ਨੂੰ ਸਾਡੇ ਦਾਦੇ ਗੁਰੂ ਹਰ ਗੋਬਿੰਦ ਸਾਹਿਬ ਜੀ ਦੇ ਸਪੁਰਦ ਕੀਤਾ ਸੀ ਸੋ ਤੁਸੀਂ ਭੀ ਆਪਣੇ ਬਚਨਾਂ ਅਨੁਸਾਰ ਸੂਬੇਦਾਰਾਂ ਸਿਰਹੰਦ ਤੇ ਲਾਹੌਰ ਤੇ ਪਹਾੜੀ ਰਾਜਿਆਂ ਨੂੰ ਜਿਨ੍ਹਾਂ ਜਿਨ੍ਹਾਂ ਨੇ ਉਸ ਦੇ ਮਾਸੂਮ ਬਚਿਆਂ ਨੂੰ ਮਾਰਿਆ ਹੈ ਉਸ ਦੇ ਸਪੁਰਦ ਕਰੋ ਇਹੁ ਗਲ ਸੁਣਕੇ ਬਾਦਸ਼ਾਹੁ ਬਹਾਦੁਰਸ਼ਾਹ ਨੇ ਬਚਨ ਤਾਂ ਪੂਰਾ ਕਰਨ ਲਈ ਇਕਰਾਰ ਕੀਤਾ ਪਰ ਇਕ ਵਰਹੇ ਵਿੱਚ ਭੀ ਉਸਦੇ ਇਕਰਾਰ ਪੂਰੇ ਨਾ ਹੋਏ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਕਈ ਵਾਰੀ ਤਿਸ ਨੂੰ ਚੇਤੇ ਕਰਾਯਾ ਕਿ ਆਪਣਾ ਬਚਨ ਪੂਰਾ ਕਰੇ ਪ੍ਰੰਤੂ ਬਹਾਦੁਰਸ਼ਾਹ ਨੇ ਆਪਣਾਂ ਬਚਨ ਪੂਰਾ ਨਾਂਹੀ ਕੀਤਾ ਭਲਾ ਜੇਕਰ ਗੁਰੂ ਗੋਬਿੰਦ ਸਿੰਘ ਜੀ ਬਹਾਦੁਰਸ਼ਾਹੁ ਦੇ ਪਾਸ ਨੌਕਰ ਹੁੰਦੇ ਤਾਂ

ਕੀਹ ਆਪਣੇ ਬਚਨਾਂ ਨੂੰ ਪੂਰਾ ਕਰਨ ਵਾਸਤੇ ਬਹਾਦੁਰ ਸ਼ਾਹੁ ਨੂੰ ਪ੍ਰੇਰਿਆ ਕਰਦੇ ਇਹੁ ਗਲ ਕਦੇ ਭੀ ਨਹੀਂ ਹੋ ਸਕਦੀ ਜਦ ਬਹਾਦੁਰ ਸ਼ਾਹੂ ਮੁਹਿੰਮ ਦੱਖਨ ਵਲ ਨੂੰ ਤੁਰਿਆ ਤਾਂ ਗੁਰੂ ਗੋਬਿੰਦ ਸਿੰਘ ਜੀ ਭੀ ਨਾਲਹੀ ਗਏ ਗੁਰੂ ਗੋਬਿੰਦ ਸਿੰਘ ਜੀ ਨੇ ਦੱਖਣ ਨੂੰ ਤੁਰਨ ਥੀਂ ਪੈਹਲੇ ਹੀ ਆਪਣੀ ਇਸਤ੍ਰੀ ਸੁੰਦਰੀ ਯੋਗ ਇੱਕ ਪਾਲਕ ਬਣਾ ਦਿੱਤਾ ਸੀ ਜਿਸਦਾ ਨਾਉਂ ਅਜੀਤ ਸਿੰਘ ਰਖਜ ਗਿਆ ਸੀ ਬਹਾਦੁਰਸ਼ਾਹੁ ਦੇ ਨਾਲ ਗੁਰੂ ਗੋਬਿੰਦ ਸਿੰਘ ਜੀ ਮਥਰਾ ਭਰਤ ਪੁਰ ਤੇ ਜੈਪੁਰ ਆਦਿਕਾਂ ਨਗਰਾਂ ਥਾਂਣੀ ਹੁੰਦੇ ਹੋਏ ਉਜੈਨ ਨਗਰੀ ਵਿਖੇ ਪੌਂਹਚੇ ਓਥੋਂ ਗੁਰੂ ਗੋਬਿੰਦਸਿੰਘ ਜੀ ਨੂੰ ਬਹਾਦੁਰਸ਼ਾਹੁ ਨੇ ਇਕ ਬੜੀ ਭਾਰੀ ਫ਼ੌਜ ਦਾ ਅਫ਼ਸਰ ਬਣਾਕੇ ਮਰਹਟਿਆਂ ਦੇ ਵਿਰੁੱਧ ਭੇਜਣਾਂ ਚਾਹਿਆ ਜਿਸਦਾ ਤਾਤਪ੍ਰਯ ਇਹੁ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਮਰਹਟਿਆਂ ਨਾਲ ਲੜਾਕੇ ਆਪਣਾ ਮਤਲਬ ਸਿੱਧਕਰ ਲਵੇ ਤੇਦੋਹਾਂ ਹਿੰਦੂਆਂ ਤਾਕਤਾਂ ਨੂੰ ਆਪਸ ਵਿਖੇ ਲੜਾਕੇ ਜੁਧ ਕਰਾਕੇ ਬਲਹੀਣ ਕਰਦੇਵੇ ਜੇਹੜਾ ਜ਼ੋਰ ਵਾਲਾਹੋਵੇ ਸੋ ਦੂਸਰੇ ਨੂੰ ਮਾਰ ਦੇਵੇ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਆਪ ਇਨ੍ਹਾਂ ਗਲਾਂ ਥੀਂ ਚੰਗੀ ਤਰਾਂ ਜਾਣੀ ਜਾਣਸੀ ਤੇ ਇਹੋ ਜੇਹੀਆਂ ਚਾਲਾਂ ਨੂੰ ਚੰਗੀਤਰਾਂ ਸਮਝਦੇ ਸੀ

ਬੰਦੇ ਨੂੰ ਬਦਲਾ ਲੈਣ ਵਾਸਤੇ ਤਿਆਰ ਕਰਨਾ

ਸੋ ਗੁਰੂ ਗੋਬਿੰਦ ਸਿੰਘ ਜੀ ਨੇ ਮਰਹਟਿੱਆਂ ਨਾਲ ਜੁੱਧ ਕਰਨ ਲਈ ਜਾਣੋਂ ਇਨਕਾਰ ਕੀਤਾ ਅਤੇ ਬਹਾਦੁਰ ਸ਼ਾਹੁ ਵਲੋਂ ਪਰੇ ਹਟਗਏ ਭੁਲਾ ਜੇਕਰ ਗੁਰੂ ਗੋਬਿੰਦਸਿੰਘ ਜੀ ਨੌਕਰ ਹੁੰਦੇ ਤਾਂ ਐਉਂ ਕਰਸਕਦੇ ਸੀ ਕਦੇ ਭੀ ਨਹੀਂ ਬਹਾਦੁਰਸ਼ਾਹ ਨੇ ਜੇਹੜ ਨੁਕਸਾਨ ਗੁਰੂ ਗੋਬਿੰਦ ਜੀ ਦੇ ਹੋ ਏਸੇ ਤਿਨ੍ਹਾਂ ਦੇ ਬਦਲੇ ਵਿਖੇ ਬੜੀ ਭਾਰੀ ਰਕਮ ਮਾਯਾ ਦੀ ਦੇਣੀ ਚਾਹੀ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਓਹੁ ਭੀ ਨਾਂ ਸ੍ਵੀਕਾਰ ਕੀਤੀ ਤੇ ਉਸ ਪਾਸੋਂ ਵਖਰੇ ਹੋਗਏ ਗੁਰੂ ਗੋਬਿੰਦ ਸਿੰਘ ਜੀ ਓਥੋਂ ਚਲਕੇ ਹੋਰ ਕਈ ਥਾਵਾਂ ਦੀ ਸੈਰ ਕਰਦੇ ਹੋਏ ਨਾਦੇੜ ਪੋਂਹਚੇ ਓਥੇ ਇਕ ਫ਼ਕੀਰ ਮਾਧੋ ਦਾਸ ਪ੍ਰਸਿਧ ਨਾਰਾਇਨ ਦਾਸ ਬੈਰਾਗੀ ਸਾਧੂ ਰੈਂਹਦਾ ਸੀ ਉਸਨੂੰ ਮਿਲੇ ਤੇ ਉਸ ਵਿਖੇ ਹਿੰਦੂ ਧਰਮ ਦਾ ਜੋਸ਼ ਅਤੇ ਖੱਤ੍ਰਤਾ ਦੀ ਯੋਗਤਾ ਦੇਖੀ ਤੇ ਉਸਦਾ ਮਾਦਾ ਇਸਗਲ ਦੇ ਯੋਗ ਡਿੱਠਾ ਕਿ ਓਹੁ ਹਿੰਦੂ ਧਰਮ ਦੀ ਖਾਤ੍ਰ ਬਲੀਦਾਂਨ ਕਰਨ ਦੀ ਸ਼ਕਤੀ ਰਖ ਦਾ ਹੈ ਗੁਰੂਜੀ ਨੇ ਉਸਨੂੰ ਆਪਣਾਂ ਸਿੱਖ ਬਨਾਯਾ ਪਰ ਉਸ ਨੂੰ ਪਾਹੁਲ ਨਹੀਂ ਦਿੱਤੀ ਸੀ ਉਸ ਨੂੰ ਪਾਹੁਲ ਨਾਂ ਦੇਣ ਦਾ ਕਾਰਨ ਇਹੀ ਪ੍ਰਸਿੱਧ ਹੁੰਦਾ ਹੈ ਕਿ ਗੁਰੂ ਗੋਬਿੰਦ

ਸਿੰਘ ਜੀ ਦੀ ਇੱਛਾ ਆਪਣੇ ਮਗਰੋਂ ਕਿਸੇ ਨੂੰ ਗੁਰੂ ਨਾਨਕ ਦੇਵ ਜੀ ਦੀ ਗੱਦੀ ਪਰ ਬੈਠਾਵਣਦੀ ਨਹੀਂ ਸੀ ਤੇ ਇਹੁ ਰਵਾਜ ਬੰਦ ਕਰਨਾ ਚਾਹੁੰਦੇ ਸੀ ਕਿਉਂ ਜੋ ਇਹੁ ਭੀ ਇੱਕ ਬੜੀ ਭਾਰੀ ਫੁਟੱ ਦਾ ਤੇ ਵਿਰੋਧਤਾਈ ਦਾ ਕਾਰਣ ਹੈ ਤੇ ਸਿੱਖ ਭੀ ਫਿਰਕੇ ਬੰਦੀ ਵਿਖੇ ਆਜਾਂਦੇ ਹਨ ਤੇ ਇਹ ਭੀ ਪਤਾ ਨਹੀਂ ਕਿ ਉਸਦੇ ਮਗਰੋਂ ਖਬਰੇ ਕਿਸ ਕਿਸ ਖਿਆਲ ਤੇ ਵਿਚਾਰ ਵਾਲੇ ਕੇਹੋ ਜੇਹੀ ਮਜ਼ਾਜ ਸੁਭਾਵ ਵਾਲੇ ਤੇ ਕਿਸ ਸ਼ਕਤੀ ਯੋਗ ਪੁਰਖ ਉਤਪਤ ਹੋਣਗੇ ਜੇਹੜੇ ਗੁਰੂ ਬਣ ਬੈਠਣਗੇ ਸੋ ਇਸ ਤਰਾਂ ਨਾਲ ਖ਼ਾਲਸਾ ਧਰਮ ਦੇ ਬੌਹਤ ਸਾਰੇ ਭਾਗ ਬਣਜਾਣਗੇ ਤੇ ਬੜਾ ਭੇਦ ਪੈਜਾਵੇਗਾ ਇਸ ਕਰਕੇ ਪੱਕ ਇਹੀ ਠੈਹਰਾਈ ਕਿ ਮਗਰੋਂ ਕੋਈ ਗੁਰੂ ਨਾ ਬਣਾਯਾ ਜਾਵੇ ਜੋ ਉਸਦੇ ਉਦੇਸ਼ ਵਿਖੇ ਫਰਕ ਨਾਂ ਆਵੇ ਇਸ ਬਾਤਦਾ ਸਾਰਾ ਵਿਸਤਾਰ ਪੂਰਬਕ ਵਰਨੰਨ ਅੱਗੇ ਚਲ ਕੇ ਕਰਾਂਗੇ ਇਸ ਕਾਰਣ ਕਰਕੇ ਬੰਦੇ ਨੂੰ ਪਾਹੁਲ ਨਹੀਂ ਸੀ ਦਿੱਤੀ ਕਿ ਕਿਧਰੇ ਓਹੀ ਗੁਰਯਾਈ ਦੀ ਗੱਦੀ ਦਾ ਮਾਲਕ ਨਾ ਬਣਜਾਵੇ ਜੇਕਰ ਪਾਹੁਲ ਨਹੀਂ ਦਿੱਤੀ ਹੋਵੇਗੀ ਤਾਂ ਖ਼ਾਲਸੇ ਪਰ ਉਸਦਾ ਦਾਵਾ ਨਹੀਂ ਬਣ ਸਕੇਗਾ ਅਤੇ ਖ਼ਾਲਸਾ ਜੀ ਭੀ ਉਸਨੂੰ ਗੁਰੂ ਨਹੀਂ ਮੰਨੇਗਾ ਓੜਕ ਨੂੰ ਉਸਦਾ ਨਾਉਂ ਬੰਦਾ ਧਰਕੇ ਉਸਨੂੰ ਸਿਰਹੰਦ ਦੀ ਵਲ ਬਦਲੇ ਲੈਣ ਲਈ ਤਿਆਰ ਕੀਤਾ ਤੇ ਓਹੁ ਤਿਆਰ ਭੀ

ਹੋਗਿਆ ਤੇ ਏਧਰੋਂ ਗੁਰੂ ਜੀ ਨੇ ਸਾਰੇ ਪੰਜਾਬ ਵਿਖੇ ਆਪਣੇ ਸਿੱਖਾਂ ਨੂੰ ਹੁਕਮ ਨਾਮੇ ਲਿਖਵਾਕੇ ਭੇਜੇ ਕਿ ਬੰਦੇ ਬਹਾਦੁਰ ਨਾਲ ਮਿਲਕੇ ਤੁਸਾਂ ਨੇ ਬਦਲੇ ਲੈਣੇ ਇਸ ਕਰਕੇ ਕੁਛਕ ਸਿੰਘ ਗੁਰੂ ਜੀ ਨੇ ਨਾਲ ਦੇਕੇ ਬਾਬੇ ਬੰਦੇ ਨੂੰ ਪੰਜਾਬ ਵਲ ਤੋਰਿਆ ॥

ਗੁਰੂ ਗੋਬਿੰਦ ਸਿੰਘ ਜੀ ਨੇ ਇਹੁ ਤ੍ਰੀਕਾ ਬੜਾ ਚੰਗਾ ਧਾਰਿਆ ਸੀ ਕਿ ਆਪ ਇੱਕ ਜਗਾ ਬੈਠ ਜਾਵੇ ਅਤੇ ਸਿੰਘਾਂ ਨੂੰ ਜੁਧ ਵਿਖੇ ਭੇਜੇ ਪ੍ਰੰਤੂ ਮੌਤ ਨੇ ਉਸਨੂੰ ਸਮਾਂ ਨਾਂ ਦਿੱਤਾ ਤੇ ਇਸ ਤਰਾਂ ਦੀ ਤਦਬੀਰ ਵਰਤਣ ਵਿੱਚ ਨਹੀਂ ਸੀ ਆਈ ॥

ਗੁਰੂ ਗੋਬਿੰਦ ਸਿੰਘ ਜੀ ਨੇ ਬੰਦੇ ਨੂੰ ਤੁਰਨ ਵੇਲੇ ਪੰਜ ਸਿਖਯਾਂ ਦਿੱਤੀਆਂ ਇੱਕ ਇਹੁ ਕਿ ਜਤੀ ਰਹਣਾ ਦੂਜੇ ਝੂਠ ਕਦੇ ਭੀ ਨਾਂ ਬੋਲਣਾਂ ਤੀਸਰਾ ਆਪਣਾਂ ਪੰਥ ਨਾਂ ਚਲਾਂਵੀ ਚੌਥੇ ਗੁਰਜਾਈ ਦੀ ਗੱਦੀ ਲਗਾਕੇ ਨਾਂ ਬੈਠੀਂ ਪੰਜਵੇਂ ਸਿੱਖਾਂ ਨੂੰ ਆਂਪਣੇ ਤੁਲ ਤੇ ਭਰਾ ਸਮਝੀਂ ਸਿੱਖਾਂ ਨੂੰ ਲਿਖਯਾ ਕਿ ਤੁਸੀਂ ਬੰਦੇ ਨਾਲ ਮਿਲਕੇ ਉਸਦਾ ਹੱਥ ਵਟਾਓ ਅਤੇ ਆਪਣੀ ਤਲਵਾਰ ਗੁਰੂ ਜੀ ਨੇ ਬੰਦੇ ਨੂੰ ਦਿੱਤੀ ॥

ਸੋ ਬੰਦੇ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਂਉਦੇਹੀ ਆਪਣਾਂ ਕੰਮ ਆਰੰਭਿਆ ਜੇਹਾਕੁ ਸਿਰਹੰਦ ਨੂੰ ਬਰਬਾਦ ਕਰਨਾ ਤੇ ਲੁੱਟ ਮਾਰ ਕਰਨੀ ਆਰੰਭ ਕਰ ਦਿੱਤੀ ਜਿਸ ਦੀ ਸਾਰ

ਗੁਰੂ ਗੋਬਿੰਦ ਸਿੰਘ ਜੀ ਨੂੰ ਪੌਂਹਚ ਗਈ ਪ੍ਰੰਤੂ ਗੁਰੂ ਜੀ ਨੇ ਇਸ ਖ਼ਬਰ ਨੂੰ ਸੁਣਕੇ ਭੀ ਕੋਈ ਪ੍ਰਸੰਨਤਾ ਨਹੀਂ ਸੀ ਪ੍ਰਗਟ ਕੀਤੀ ਕਿਉਂ ਜੋ ਪੈਹਲੇ ਤਾਂ ਇਹੁ ਕੰਮ ਉਸਦੇ ਉਦੇਸ਼ ਦੇ ਸਾਹਮਣੇ ਕੱਖ ਭੀ ਨਹੀਂ ਸੀ ਦੂਸਰੀ ਗਲ ਇਹੁ ਸੀ ਕਿ ਜੇਹੜਾ ਪੁਰਖ ਸੰਸਾਰਕ ਮਾਯਾ ਤੇ ਖ਼ੁਸ਼ੀ ਲੈਣਵਾਸਤੇ ਨਾਂ ਭੇਜਿਆ ਗਿਆ ਹੋਵੇ ਸਗੋਂ ਦੂਸਰਿਆਂ ਦੀ ਭਾਲਿਆਈ ਤੇ ਸੁਖਜਾਈ ਵਾਸਤੇ ਦੁੱਖ ਕਸ਼ਟ ਸਹਾਰਨ ਵਾਸਤੇ ਆਯਾ ਹੋਵੇ ਉਸਨੂੰ ਅਜੇਹੀ ਤੁੱਛ ਫਤੇ ਪਰ ਸੁਖ ਤੇ ਖ਼ੁਸ਼ੀ ਕਿਸ ਪ੍ਰਕਾਰ ਹੋ ਸੱਕਦੀ ਸੀ ॥

ਸੱਚ ਤਾਂ ਇਹੁ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਇਹ ਦਿਖਾਵਣ ਵਾਸਤੇ ਸੰਸਾਰ ਪਰ ਆਯਾਸੀ ਜੋ ਬਲੀਦਾਨ ਕੀਤਿਆਂ ਤੇ ਦੁਖਾਂ ਦੇ ਖਮੀਰ ਕਰਕੇ ਸੁਖਾਂ ਤੇ ਆਨੰਦਾਂ ਦਾ ਸ਼ਰੀਰ ਬਣਦਾ ਹੈ ਬੰਦੇ ਦੀਆਂ ਜਿੱਤਾਂ ਵਾਲਾ ਅਤੇ ਸ਼ਾਂਤੀ-ਬਖਸ਼ਣੇ ਵਾਲਾ ਕੰਮ ਚੰਗੀ ਤਰਾਂ ਉਸ ਨੂੰ ਦੇਖਣ ਦਾ ਸਮਾ ਨਹੀਂ ਮਿਲਜਾਸੀ ਜਦ ਈਸ਼ਵਰ ਦੀ ਵਲੋਂ ਸਦੱੜਾ ਆਗਿਯਾ ਤੇ ਓਹੁ ਸਦੜਾ ਆਯਾ ਸੀ ਜਿਸ ਲਈ ਸਭਨਾ ਨੂੰ ਹੀ ਤਿਆਰ ਰੈਹਣਾਂ ਯੋਗ ਹੈ ॥

ਗੁਰੂ ਗੋਬਿੰਦ ਸਿੰਘ ਜੀ ਨਾਦੇੜ ਦੇ ਨੇੜੇ ਹੀ ਗੁਦਾਵਰੀ ਨਦੀ ਦੇ ਕੰਢੇ ਪਰ ਬੜਾ ਸੁੰਦਰ ਰਮਣੀਕ ਸਥਲ ਦੇਖਕੇ ਤੰਬੂ ਗੱਡ ਕੇ ਰੈਹਣ ਲੱਗੇ ਫੇਰ ਓਥੇ ਇੱਕ ਟੋਟਾ ਧਰਤੀ ਦਾ ਮੁਲ

ਖ਼ਰੀਦਕੇ ਇੱਕ ਮਕਾਂਨ ਬਣਾਯਾ ਤੇ ਅਫ਼ਜ਼ੁਲ ਨਗਰ ਪ੍ਰਸਿੱਧ ਅਬਚਲ ਨਗਰ ਉਸ ਥਾਉਂ ਦਾ ਨਾਮ ਧਰਿਆ ਜਿਸ ਥਾਂ ਪਰ ਅੱਜਤੀਕ ਓਥੇ ਮੰਦਰ ਇਸੇ ਨਾਮ ਪਰ ਪ੍ਰਗਟ ਹੈ ਏਥੇ ਓਹੁ ਬੌਹਤ ਚਿਰ ਤੀਕ ਰਹੇ ਏਥੇ ਭੀ ਉਨ੍ਹਾਂ ਦੇ ਸਿੱਖ ਬਣਕੇ ਬਹੁਤ ਸਾਰੇ ਲੋਕ ਉਨ੍ਹਾਂ ਦੇ ਪਾਸ ਇਕੱਠੇ ਹੋਗਏ ਇਸ ਥਾਂ ਪਰ ਗੁਰੂ ਜੀ ਦਾ ਸਮਾਂ ਸਵੇਰੇ ਅੰਮ੍ਰਿਤ ਵੇਲੇ ਤਾਂ ਭਜਨ ਕੀਰਤਨ ਵਿਖੇ ਬਤੀਤ ਹੁੰਦਾ ਸੀ ਦੁਪੈਹਰ ਸਮੇ ਪ੍ਰਸ਼ਾਦ ਛੱਕਦੇ ਤੇ ਗ਼ਰੀਬਾਂ ਗ਼ੁਰਬਿਆਂ ਨੂੰ ਲੰਗਰ ਵਰਤਾਯਾ ਕਰਦੇ ਤੀਸਰੇ ਪੈਹਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੁਣਿਆ ਕਰਦੇ ਤੇ ਕਦੇ ਕਦੇ ਸ਼ਿਕਾਰ ਨੂੰ ਭੀ ਜਾਂਦੇ ਹੁੰਦੇ ਸੇ ਕਿਉਂਕਿ ਓਹੁ ਖੱਤ੍ਰਤਾ ਮ੍ਰਯਾਦਾ ਪ੍ਰਸ਼ੋਤਮ ਸੇ ਤੇ ਆਪਣੇ ਖ਼ਾਲਸੇ ਵਾਸਤੇ ਇਕ ਦ੍ਰਿਸ਼ਟਾਂਤ ਸਨਮੁਖ ਰਖਦੇ ਸੇ ਜੋ ਕਿਸ ਤਰਾਂ ਨਾਲ ਉਨ੍ਹਾਂ ਨੂੰ ਆਪਣੀ ਉਮਰ ਈਸ਼੍ਵਰ ਭਗਤੀ ਗ਼ਰੀਬਾਂ ਦੀਨਾਂ ਦੀ ਸਹਾਇਤਾ ਤੇ ਖੱਤ੍ਰਤਾ ਅਤੇ ਬੀਰਤਾ ਦੇ ਕੰਮਾਂ ਵਿਖੇ ਬਿਤੀਤ ਕਰਨੀ ਲੋੜੀਏ ਏਥੇ ਭੀ ਗੁਰੂ ਗੋਬਿੰਦ ਸਿੰਘ ਜੀ ਨੂੰ ਖ਼ਬਰ ਮਿਲੀ ਕਿ ੧੩ ਜੇਠ ਸੰਮਤ ੧੭੬੪ ਬਿਕ੍ਰਮੀ ਵਿਖੇ ਬੰਦੇ ਨੇ ਸੂਬੇ ਸਿਰਹੰਦ ਨੂੰ ਰਣਭੂਮੀ ਵਿਖੇ ਮਾਰਕੇ ਬੜੀ ਚੰਗੀ ਤਰਾਂ ਬਦਲਾ ਲੀਤਾ ਹੈ ਇਹੁ ਸਾਰ ਪਾਕੇ ਖ਼ਾਲਸੇ ਸਿੰਘਾਂ ਨੇ ਤਾਂ ਖ਼ੁਸ਼ੀਆਂ ਮਾਨਾਈਆਂ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਖ਼ਬਰ ਨੂੰ ਸਮ ਦ੍ਰਿਸ਼ਟਤਾ ਤੇ ਸੰਤੋਖ ਦ੍ਵਾਰਾ ਸੁਣ ਕੇ ਆਖਯਾ

ਕਿ ਜੋ ਕੁਛ ਅਕਾਲ ਪੁਰਖ ਦੀ ਆਗਜ਼ਾ ਸੀ ਸੋਈ ਹੋਈ ਹੈ ਇਉਂ ਆਖਕੇ ਕਿਸੇ ਪ੍ਰਕਾਰ ਦੀ ਭੀ ਖ਼ੁਸ਼ੀ ਨਹੀਂ ਮਨਾਈ ਜੇਹੜਾ ਦਿਲ ਦੁਖਾਂ ਦੀ ਪਰਵਾਹੁ ਨਹੀਂ ਸੀ ਕਰਦਾ ਦੁਖਤੇ ਕਸ਼ਟਾਂ ਨੂੰ ਇਕ ਰਸ ਬ੍ਰਿਤੀ ਦ੍ਵਾਰਾ ਸਹਾਰਕੇ ਨਹੀਂ ਸੀ ਘਬਰਾਉਂਦਾ ਭਲਾ ਓਹੁ ਅਜੇਹੀਆਂ ਛੋਟੀਆਂ ਛੋਟੀਆਂ ਜਿੱਤਾਂ ਪਰ ਕਿਸ ਪ੍ਰਕਾਰ ਖ਼ੁਸ਼ ਪ੍ਰਸੰਨ ਹੋ ਸਕਦਾ ਸੀ ਓੜਕ ਦੀ ਗਲ ਇਹੁ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਉਤਮ ਸਭਾਵ ਵਾਲਾ ਪੁਰਖ ਸੀ ਓਹੁ ਕਿਸੇ ਦਾ ਮਰਨਾਂ ਸੁਣਕੇ ਕਿਸ ਪ੍ਰਕਾਰ ਪ੍ਰਸੰਨ ਹੋ ਸਕਦਾ ਸੀ ਪ੍ਰੰਤੂ ਆਪਣਾਂ ਫਰਜ਼ ਨਿਭਾਉਣਾਂ ਹੋਰ ਚੀਜ਼ ਹੈ ਇਸ ਵਾਸਤੇ ਉਸਦਾ ਫ਼ਰਜ਼ ਉਸਨੂੰ ਬਦੋਬਦੀ ਆਖਦਾ ਸੀ ਕਿ ਓਹੁ ਆਪਣੇ ਉਦੇਸ਼ ਦੇ ਪੂਰਾ ਕਰਨ ਲਈ ਅਜੇਹੇ ਹੀ ਕਠਨ ਭਯਾਨਕ ਤ੍ਰੀਕੇ ਲੱਭਦਾ ਫਿਰੇ॥

ਗੁਰੂ ਗੋਬਿੰਦ ਸਿੰਘ ਜੀ ਪਰ ਮਾਰਦੇਣਵਾਲਾ ਹਮਲਾ ਹੋਣਾ

ਬਹਾਦੁਰਸ਼ਾਹੁ ਦੱਖਣ ਦੀ ਮੁਹਿੰਮ ਥੀਂ ਵੇਹਲ ਪਾਕਰਕੇ ਅਤੇ ਅਹਮਦਨਗਰ ਨੂੰ ਫਤੇ ਕਰਕੇ ਨਾਦੇੜ ਦੇ ਪਾਸ ਦੀ ਲੰਘਿਆ ਅਰ ਗੁਰੂ ਗੋਬਿੰਦ ਸਿੰਘ ਜੀ ਨੂੰ ਆਕੇ ਮਿਲਿਆ ਉਨ੍ਹਾਂ ਨੂੰ ਉਸਨੇ ਨਾਲ ਲੈਜਾਣ ਦੀ ਬੜੀ ਕੋਸ਼ਸ਼ ਕੀਤੀ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਹੀ ਕੀਤੀ ਤੇ ਕੂੜਾ ਬਚਨ

ਹਾਰੂ ਆਖਕੇ ਉਸ ਨਾਲੋਂ ਕੰਨੀ ਕਤਰਾਈ ਬਹਾਦੁਰ ਸ਼ਾਹੁ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰੀਰ ਪੈਹਲੇ ਹੀ ਕੰਡੇ ਵਾਂਗੂ ਚੁੱਭ ਰਿਹਾ ਸੀ ਓਹੁ ਜਾਣਦਾ ਸੀ ਜੋ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਸਾਡੇ ਵਿਰੁਧ ਹੈ ਇਸ ਕਰਕੇ ਓਹੁ ਦਿਲੋਂ ਤਾਂ ਚਾਹੁੰਦਾ ਸੀ ਕਿ ਜੇਕਰ ਸਮਾ ਮਿਲੇ ਤਾਂ ਇਸਦਾ ਅੰਤ ਹੀ ਕਰਦੇਵਾਂ ਪਰਸਮਾਂ ਉਡੀਕਦਾ ਸੀ ਓਹੁ ਆਪਣੇ ਆਪ ਨੂੰ ਸਦੀਵ ਭੈ ਵਿਖੇ ਹੀ ਪਿਆ ਹੋਯਾ ਜਾਣਦਾ ਸੀ ਤੇ ਉਤਨਾਂ ਚਿਰ ਸੁਖਦੀ ਨੀਂਦ੍ਰੇ ਨਹੀਂ ਸੀ ਸੌਂਦਾ ਜਿਤਨਾਂ ਚਿਰ ਗੁਰੂ ਗੋਬਿੰਦ ਸਿੰਘ ਜੀ ਵਰਗਾ ਵੈਰੀ ਉਸਦੇ ਸਿਰ ਪਰ ਹੈ ਪ੍ਰੰਤੂ ਉਸਦੇ ਡਰਨੂੰ ਸਿਰਹੰਦ ਪਰ ਬੰਦੇ ਦੇ ਕੰਮਾਂ ਨੇ ਹੋਰਭੀ ਪੱਕਾ ਕਰਾ ਦਿੱਤਾ ਸੀ ਅਤੇ ਓਹੁ ਇਸ ਬਾਤਦੇ ਮਗਰ ਪੈਗਿਆ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਕਿੱਸਾਹੀ ਮੁਕਾਦੇਵੇ ਸੋ ਉਸਦੇ ਮਾਰਨ ਲਈ ਇੱਕ ਭੇਦ ਕੀਤਾਗਿਆ ਆਪਤਾਂ ਬਹਾਦੁਰ ਸ਼ਾਹ ਓਥੋਂ ਹੱਟਕੇ ਅਗੇਰੇ ਨੂੰ ਚਲਾਗਿਆ ਪਰ ਇੱਕ ਤੁਰਕ ਨੂੰ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਨੌਕਰ ਸੀ ਉਸਨੂੰ ਇਹ ਜੋਸ਼ ਦੇ ਦੇ ਕੇ ਕਿ ਤੇਰੇ ਪਿਉ ਤੇ ਦਾਦੇਨੂੰ ਗੁਰੂਗੋਬਿੰਦ ਸਿੰਘਜੀਨੇ ਮਾਰਿਆਸੀ ਤੇ ਮੁਸਲਮਾਨਾਂ ਦਾ ਇਹੁ ਵਡਾ ਭਾਰਾ ਪੈਹਲਾ ਫਰਜ਼ ਹੈ ਕਿ ਆਪਣੇ ਪਿਉਦਾ ਦੇ ਦਾ ਬਦਲਾ ਲਵੇ ਤੇ ਤੁਹਾਂਨੂੰ ਤਾਂ ਸ਼ਰਮ ਭੀ ਨਹੀਂ ਆਉਂਦੀ ਜੋ ਫੇਰ ਆਪਣੇ ਪਿਉ ਦਾਦੇ ਦੇ ਵੈਰੀ ਪਾਸ ਨੌਕਰੀ ਕਰ

ਰਹੇ ਹੋ ਗਲਕਾਹਦੀ ਸੀ ਇਸਤਰਾਂ ਨਾਲ ਚੰਬਲਵਾਕੇ ਗੁਰੂ ਗੋਬਿੰਦ ਸਿੰਘ ਜੀ ਲਈ ਮਰਵਾਉਣ ਦਾ ਬੰਦੋਬਸਤ ਕੀਤਾ ਤੇ ਉਨ੍ਹਾਂਨੂੰ ਇਨਾਮ ਤੇ ਨਜਰਾਨੇ ਭੀ ਦੇਣਦੀ ਪ੍ਰਤੱਗਜਾ ਕੀਤੀ ਇਸ ਪੁਰਖਦਾ ਨਾਉਂ ਗੁਲਖਾਂ ਸੀ ਅਤੇ ਓਹੁ ਆਪਣੇ ਭਰਾ ਸਮੇਤ ਜਿਸ ਦਾ ਨਾਉਂ ਅਤਾਉਲਾ ਸੀ ਗੁਰਾਂਪਾਸ ਨੌਕਰ ਸੀ ਇਹੁ ਦੋਵੇਂ ਪੈਂਦੇਖਾਂਨ ਦੀ ਸੰਤਾਂਨ ਵਿਚੋਂ ਸਨ ਤੇ ਇਹੁ ਉਸ ਪੈਂਦੇਖਾਂਨ ਦੀ ਸੰਤਾਂਨ ਸੀ ਜੇਹੜਾ ਲੜਾਈ ਵਿਖੇ ਗੁਰਾਂ ਦੇ ਹੱਥੋਂ ਮਾਰਿਆ ਗਿਆਸੀ ਗਲਕਾਹਦੀ ਸੀ ਕਿ ਇਹੁ ਭੇਦ ਬੜਾ ਭਾਰਾ ਕਾਰੀ ਹੋਗਿਆ ਚਮਕੌਰ ਦੇ ਰਲਨ ਥੀਂ ਮਗਰੋ ਕਈ ਮੁਸਲਮਾਨਾਂ ਨੇ ਗੁਰੂ ਜੀ ਨਾਲ ਅਛਾ ਵਰਤਾਓ ਕੀਤਾ ਸੀ ਇਸ ਲਈ ਗੁਰੂ ਜੀ ਦਾ ਖਿਆਲ ਸੀ ਕਿ ਬਾਜ਼ੇ ਮੁਸਲਮਾਨ ਬਿਸ੍ਵਾਸ ਕਰਨ ਦੇ ਯੋਗ ਹੈਨ ਇਸ ਵਾਸਤੇ ਉਨਾ ਮੁਸਲਮਾਨਾਂ ਨੌਕਰਾਂ ਉਤੇ ਬਿਸ੍ਵਾਸ ਰਖਦਾ ਸੀ ਹੋਰਭੀ ਕਈ ਮੁਸਲਮਾਂਨਾ ਨੇ ਆਪਨੀ ਨੇਕ ਨੀਅਤੀ ਕਰਕੇ ਗੁਰੂ ਜੀ ਨੂੰ ਪੱਕਾ ਵਿਸ਼ਵਾਸ ਕਰਵਾ ਦਿਤਾਸੀ ਇਹ ਬਿਸੁਵਾਸ ਪੱਕ ਦਿਲ ਵਿਖੇ ਠੈਹਰ ਗਿਆ ਸੀ ਪ੍ਰੰਤੂ ਇਹੀ ਬਿਸਵਾਸ ਗੁਰੂ ਗੋਬਿੰਦ ਸਿੰਅ ਜੀ ਦੇ ਮਾਰਣ ਵਾਲੀ ਕਟਾਰੀ ਰੂਪ ਹੋਗਿਆ ਤੇ ਓੜਕ ਨੂੰ ਵਿਸ਼ਵਾਸ ਘਾਤ ਹੋਈ॥

ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਸੂਰਜ ਵਾਂਙੂ ਚਮਕਦਾਸੀ ਕਿ ਹਿੰਦੂਆਂ ਨੂੰ ਮੁਸਲਮਾਨਾਂ ਨਾਲ ਲੜਾਕੇ ਤੁਰਕਾਂ ਦਾ

ਨਾਸ਼ ਕਰੇਗਾ ਇਸ ਗਲ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਪੂਰਨ ਲੰਮੀ ਦ੍ਰਿਸ਼ਟੀ ਨਾਲ ਕੰਮ ਨਹੀਂ ਲੀਤਾ ਜੋ ਮੁਸਲਮਾਨਾਂ ਨੂੰ ਆਪਣੇ ਪਾਸ ਨੌਕਰ ਰਖਿਆ ਤੇ ਇਉਂ ਚੰਗਾ ਵਰਤਾਰਾ ਉਨ੍ਹਾਂ ਨਾਲ ਵਰਤੇ ਕਿ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸੌਣ ਬੈਠਣ ਦੇ ਥਾਂਉ ਪਰ ਭੀ ਜਾਣਾਂ ਮਿਲਿਆ ਕਰਦਾ ਸੋ ਗੁਲਖਾਂ ਨੇ ੪ ਭਾਦ੍ਰੋਂ ਸੰਮਤ ੧੭੬੪ ਬਿਕ੍ਰਮੀ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਕਾਂਤ ਅਸਥਾਂਨ ਵਿਖੇ ਸੁੱਤਾ ਦੇਖਕੇ ਉਸਦੇ ਢਿੱਡ ਵਿੱਚ ਕਟਾਰ ਝੋਂਕ ਦਿੱਤੀ ਗੁਰੂ ਗੋਬਿੰਦ ਸਿੰਘ ਜੀ ਘਾਉ ਖਾਕੇ ਉਠੇ ਤੇ ਇੱਕ ਹੱਥ ਨਾਲ ਤਲਵਾਰ ਸੰਭਾਲੀ ਤੇ ਦੂਜੇ ਹੱਥ ਨੂੰ ਘਾਉ ਪਰ ਧਰਕੇ ਆਪਣੇ ਮਾਰਨ ਵਾਲੇ ਪਰ ਹਮਲਾ ਕੀਤਾ ਤੇ ਉਸਨੂੰ ਉਥੇ ਹੀ ਢੇਰੀ ਕਰ ਦਿੱਤਾ ਭਾਵੇਂ ਗੁਰੂ ਜੀ ਨੂੰ ਘਾਉ ਕਾਰੀ ਨਹੀਂ ਸੀ ਪੌਂਹਚਾ ਪਰ ਨਰਮ ਅਸਥਾਨ ਸੀ ਏਨੇ ਨੂੰ ਸਿੰਘ ਰੌਲਾ ਸੁਣਕੇ ਅੱਕਠੇ ਆਣ ਹੋਏ ਤੇ ਬੜਾ ਚੰਗਾ ਸਿਆਣਾਂ ਵੈਦ ਬੁਲਾਕੇ ਮਲ੍ਹਮ ਪੱਟੀ ਕਰਾਈ ਘਾਉ ਪਰ ਟਾਂਕੇ ਲਗਾਏ ਗਏ ਤੇ ਓਹੁ ਘਾਉ ਥੋੜੇ ਦਿਨਾਂ ਵਿਚ ਭਰ ਆਯਾ ਤੇ ਦਿਨੋ ਦਿਨ ਆਰਾਮ ਆਉਣ ਲਗਾ ਪ੍ਰੰਤੂ ਇੱਕ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਤੀਰ ਅੰਦਾਜ਼ੀ ਵਿਖੇ ਫੇਰ ਜ਼ੋਰ ਲਾਯਾ ਤਾਂ ਓਹੁ ਘਾਉ ਫੇਰ ਨਵੀਨ ਹੋ ਗਿਆ ਤੇ ਸੋਜ ਪੈ ਗਈ ਭਾਂਵੇ ਫੇਰ ਰਾਜੀ ਕਰਨ ਲਈ ਬੜਾ ਹੀ ਯਤਨ ਕੀਤਾ

ਪਰ ਓਹੁ ਘਾਉਅੱਛੇ ਨਾਹੀਂ ਹੋਏ ਸਗੋਂ ਦਿਨੋਂ ਦਿਨ ਗੈਲੇ ਹੀ ਹੁੰਦੇ ਗਏ ॥

ਇਕ ਇਹੁ ਭੀ ਕਹਾਵਤ ਹੈ ਕਿ ਇੱਕਪਠਾਨ ਸੌਦਾਗਰ ਪਾਸੋਂ ਗੁਰੂ ਗੋਬਿੰਦ ਸਿੰਘ ਜੀ ਨੇ ਕੁਛ ਘੋੜੇ ਖ੍ਰੀਦੇਸੇ ਸੌਦਾਗਰ ਨੇ ਰੁਪਏ ਮੰਗੇ ਤੇ ਵੱਧਘਟ ਬੋਲਣ ਲੱਗਾ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਕ੍ਰੋਧ ਵਿਖੇ ਆਕੇ ਆਗਿਆ ਕੀਤੀ ਕਿ ਇਸਨੂੰ ਮਾਰ ਦੇਵੋ ਹੁਕਮ ਹੋਣ ਦੀ ਢਿੱਲ ਸੀ ਜੋ ਓਹੁ ਸੌਦਾਗਰ ਮਾਰਿਆ ਗਿਆ ਤਾਂ ਉਸ ਪਠਾਣ ਦੇ ਪੁਤ੍ਰਾਂ ਨੇ ਵੈਰੀ ਪਾਸੋਂ ਬਦਲਾ ਲੈਣ ਲਈ ਚਿੱਤ ਵਿੱਚ ਪੱਕੀ ਤਰਾਂ ਪੱਕ ਪੱਕਾਲੀਤਾ ਸੀ ਪਰ ਆਖਦੇ ਹਨ ਕਿ ਉਨ੍ਹਾਂ ਦੀ ਮਾਈ ਉਨ੍ਹਾਂ ਨੂੰ ਹਰ ਸਮੇ ਵੈਰ ਭਾਵ ਵਲੋਂ ਮਨਾ ਕਰਦੀ ਸੀ ਕਈ ਆਖਦੇ ਹਨ ਕਿ ਗੁਰੂ ਜੀ ਨੇ ਉਨ੍ਹਾਂ ਨੂੰ ਬੋਲੀਮਾਰੀ ਸੀ ਕਿ ਓਹੁ ਆਪਣੇ ਪਿਉ ਦਾਦੇ ਦਾ ਵੈਰ ਤਾਂ ਲੈਣੋ ਰਹੇ ਸਗੋਂ ਪਿਉ ਦਾਦੇ ਦੇ ਵੈਰੀ ਪਾਸ ਨੌਕਰੀ ਕਰਦੇ ਹਨ ਇਸ ਕਰਕੇ ਓਹੁ ਪਠਾਣ ਕਮੀਨੇ ਹਨ ਭਾਵੇਂ ਕੁੱਛ ਹੀ ਸੀ ਪਠਾਣ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਕਾਂਤ ਸੁੱਤੇ ਹੋਏ ਦੇਖਕੇ ਕਲੇਜੇ ਵਿਖੇ ਕਟਾਰੀ ਮਾਰੀ ਤਾਂ ਗੁਰੂ ਜੀ ਜਾਗ ਬੈਠੇ ਆਖਦੇ ਹਨ ਕਿ ਪਠਾਣ ਫੜਿਆ ਗਿਆ ਪ੍ਰੰਤੂ ਗੁਰੂ ਜੀ ਨੇ ਸਿੱਖਾਂ ਸਿੰਘਾਂ ਨੂੰ ਆਖਯਾ ਕਿ ਵੈਰੀ ਪਾਸੋਂ ਬਦਲਾ ਸਦੀਵ ਸਪੁਤ੍ਰ ਲਿਆਕਰਦੇ ਹਨ ਇਸਨੂੰ ਛੱਡ ਦੇਵੋ ਸੋ ਆਗਯਾ ਅਨੁਸਾਰ

ਛੱਡ ਦਿੱਤਾ ਗਿਆ ਫਿਰ ਇੱਕ ਹੋਰ ਕਹਾਵਤ ਹੈ ਕਿ ਗੁਰੂ ਗੋਬਿੰਦ ਸਿੰਘ ਜੀਨੇ ਉਨ੍ਹਾਂ ਜੁਵਾਨਾਂ ਪਠਾਣਾਂ ਨੂੰ ਆਪਣੇ ਪਿਤਾ ਦੇ ਬਦਲੇ ਦੇ ਲੈਣ ਲਈ ਚੇਤੇਕਰਾਯਾ ਆਰਥਾਤ ਉਨ੍ਹਾਂ ਨੂੰ ਆਖਯਾ ਕਿ ਪਿਤਾ ਦਾ ਬਦਲਾ ਲੈਣਾਂ ਸੂਰ ਬੀਰਾਂ ਦਾ ਕਰਮਹੈ ਇਹੁ ਗਲਾਂ ਗੁਰੂ ਗੋਬਿੰਦ ਸਿੰਘਜੀ ਨੇ ਇਸਵਾਸਤੇ ਕੀਤੀਆਂ ਸਨ ਕਿ ਓਹੁ ਜੀਵਣੇ ਥੀਂ ਹੱਥਧੋ ਬੈਠੇਸੇ ਤੇ ਆਪਣੇ ਪੁਤ੍ਰਾਂ ਦੇ ਸ਼ੋਗ ਕਰਕੇ ਸੁਦਾਈ ਪੁਣੇਦੀ ਹਾਲਤ ਵਿਖੇ ਉਨ੍ਹਾਂ ਪਠਾਣਾਂ ਨੂੰ ਮਾਰਣ ਲਈ ਤਿਆਰ ਕਰ ਰਹੇ ਸੇ ਸੈਰਉਲਮੁਤਾਖਰੀਂ ਵਾਲੇ ਦੀ ਭੀ ਇਹੀ ਵਿਚਾਰ ਹੈ ਪ੍ਰੰਤੂ ਇਹੁ ਸਾਰੀਆਂ ਅਤਸੇ ਕਰਕੇ ਬਲਹੀਣ ਤੇ ਬਿਰਥਾ ਕਹਾਣੀਆਂ ਹਨ ਕਈਆਂ ਲੋਕਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰੀਰ ਅੰਤ ਪਰ ਭੀ ਵਿਚਾਰ ਭੇਦ ਕੀਤਾ ਹੈ ਕਈ ਤਾਂ ਆਖਦੇ ਹਨ ਕਿ ਨਾਦੇੜ ਵਿਖੇ ਸਮਾਏ ਹਨ ਤੇ ਕਈ ਆਖਦੇ ਹਨ ਕਿ ਪਟਨੇ ਨਗਰ ਵਿਖੇ ਚੋਲਾ ਛੱਡਿਆ ਹੈ ਪ੍ਰੰਤੂ ਇਹੁ ਪਿਛਲੀ ਬਾਤ ਮੰਨਣ ਯੋਗ ਨਹੀਂ ਹਰਭਾਂਤ ਕਰਕੇ ਨਾਦੇੜ ਗੁਦਾਵਰੀ ਦੇ ਕੰਢੇ ਵਾਲੀ ਹੀ ਗਲ ਸੱਤਹੈ ਤੇ ਗੁਰੂ ਗੋਬਿੰਦ ਸਿੰਘ ਜੀ ਬਹਾਦੁਰ ਸ਼ਾਹੁਦੀ ਬਦਨੀਅਤੀ ਨਾਲ ਮਾਰਿਆ ਗਿਆਸੀ ਤੇ ਗੋਦਾਵਰੀ ਨਦੀ ਦੇ ਕੰਢੇ ਉਸਦੇ ਸ਼ਰੀਰ ਤਿਆਗਣ ਦੀ ਥਾਉਂ ਹੈ ਕੋਈ ਭਾਂਤ ਭੀ ਹੋਵੇ ਇਸ ਬਾਤ ਵਿਖੇ ਤਾਂ ਸਭ ਇੱਕ ਹੀ ਹਨ ਕਿ ਗੁਰੂ ਗੋਬਿੰਦ ਸਿੰਘ

ਜੀ ਨੂੰ ਕਿਸੇ ਪਠਾਣ ਨੇ ਕਟਾਰ ਮਾਰੀ ਸੀ ਪਰ ਜਦੋਂ ਸੁੱਤੇ ਪਏ ਸੇ ਤਾਂ ਵਿਸਾਹ ਕੇ ਤਲਵਾਰ ਮਾਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਵੈਰੀ ਦੇ ਹੱਥੋਂ ਕਟਾਰੀ ਖਾਕੇ ਆਪਣੇ ਪ੍ਰੇਮ ਸੰਦੇਸੇ ਨੂੰ ਆਪਣੇ ਲਹੂ ਨਾਲ ਪੂਰਾ ਕੀਤਾ ਅਰਥਾਤ "ਇਤੀ" ਵਾਲੀ ਗਲ ਨੂੰ ਓਸਨੇ ਅੱਖਰ ਅੱਖਰ ਆਪਣੇ ਹੀ ਲਹੂ ਨਾਲ ਭਰਕੇ ਲਿਖਣਾ ਜਿਸ ਵਸੀਅਤ ਨੂੰ ਯਾ ਕੌਮੀ ਲੇਖ ਨੂੰ ਉਸਨੇ ਆਪਣੇ ਸਭ ਸੁਖ ਤੇ ਆਨੰਦ ਨੂੰ ਬਲੀਦਾਨ ਕਰਕੇ ਸਿਆਹੀ ਤੇ ਆਪਣੇ ਜਿਗਰ ਦੇ ਲਹੂ ਦਾ ਪਾਣੀ ਪਾਕੇ ਦੇਸੀ ਪਿਆਰ ਰੂਪੀ ਕਾਗਦ ਪਰ ਦੇਸ਼ ਭਗਤੀ ਤੇ ਕੌਮੀ ਪਿਆਰ ਰੂਪੀ ਕਾਨੀ ਨਾਲ ਲਿਖਣਾ ਆਰੰਭ ਕੀਤਾ ਸੀ ਜਿਸ ਵਿਖੇ ਕਿ. ਉਸਨੇ ਪੈਹਲ ਭੀ ਇਹ ਵਾਰਤਾ ਧਰਮ ਦੇ ਵਿਖੇ ਲਿਖੀ ਸੀ ਕਿ "ਕਦੇ ਅਸੀਂ ਤੁਸੀਂ ਹੁੰਦੇ ਆਹੇ ਸੱਜਣ ਤੁਹਾਂਨੂੰ ਯਾਦ ਹੋਵੇ ਕਿ ਨਾਂ" ਤੇ ਦਿਲ ਦੇ ਪ੍ਰੇਮ ਨਾਲ ਲਿਖਣਾ ਸੀ ਕਿ "ਕਹਤਾ ਰਬਾਬ ਹਸਤੀ ਕਾ ਦਰਯਾ ਰਵਾਂ ਰਹੇ ॥ ਅਫ਼ਸੋਸ ਮੈਂ ਨਾਂ ਰਹੂੰ ਔਰ ਜਹਾਂਨ ਰਹੇ" ਉਸ ਲੇਖ ਨੂੰ ਉਸਨੇ ਆਪਣੇ ਦੋ ਵਡਿਆਂ ਪੁਤ੍ਰਾਂ ਤੇ ਪੰਜਾਂ ਪਿਆਰਿਆਂ ਦੇ ਲਹੂ ਨਾਲ ਸੰਪੂਰਨ ਕੀਤਾ ਤੇ ਉਸ ਉਤੇ ਆਪਣੇ ਛੋਟੇ ਦੋ ਬਚਿਆਂ ਦੀ ਬਲੀਦਾਨੀ ਕਰਵਾਕੇ ਉਨ੍ਹਾਂਦੇ ਲਹੂ ਨਾਲ ਗੁਵਾਹੀ ਪੁਵਾਈ ਫੇਰ ਆਪਣੇ ਲਹੂ ਨਾਲ ਉਸਦਾ ਅੰਤਦਾ ਭੋਗ ਪਾਯਾ ਇਸੇ ਵਸੀਅਤ ਦਾ ਆਦ ਤੇ ਅੰਤ ਲਹੂ ਨਾਲ ਲਿਖਣਾ ਗਿਆ ਸੀ ਗੁਰੂ ਤੇਗ

ਬਹਾਦੁਰ ਜੀਦੇ ਲਹੂ ਥੀਂ ਇਸ ਵਸੀਅਤਦਾ ਆਰੰਭ ਹੋਯਾਸੀ ਗੁਰੂ ਗੋਬਿੰਦ ਸਿੰਘ ਜੀ ਦੇ ਗੱਭਰੂ ਪੁੱਤ੍ਰਾਂ ਦੇ ਲਹੂ ਨਾਲ ਓਹੁ ਵਾਰਤਾ ਸਾਰੀ ਲਿਖੀ ਗਈ ਦੋ ਛੋਟਿਆਂ ਪੁਤ੍ਰਾਂ ਦੇ ਬਲੀਦਾਨ ਹੋਣੇ ਦੀ ਸ਼ਾਹਦੀ ਪਵਾਈਗਈ ਤੇ ਅੰਤ ਨੂੰਭੋਗ ਗੁਰੂ ਗੋਬਿੰਦ ਸਿੰਘ ਜੀ ਦੇ ਲਹੂ ਨਾਲ ਪਾਇਆ ਗਿਆ ਇੱਕ ਭਲੇ ਪੁਰਖ ਦਾ ਕਥਨ ਹੈ ਕਿ "ਮੈਂ ਨਹੀਂ ਜਾਣਦਾ ਵੈਦ ਕੀਹ ਹਨ ॥ ਏਹੀ ਜਾਣਦਾਹਾਂਕਿਉਸਦਾਸਿਰਾਹੀਲਹੂਸੀ" ਇਹੁਇੱਕਬਾਦਸ਼ਾਹ ਦਾ ਗਭਰੂ ਪੁੱਤ੍ਰ ਨੂੰ ਮਰਦਾ ਦੇਖਕੇ ਉਚਾਰਿਆਸੀਪ੍ਰੰਤੂਖਾਲਸੇ ਦੇ ਬਾਦਸ਼ਾਹ ਦਾ ਮਰਸੀਆਨਾਂ ਕੇਵਲ ਸਿਰ ਥੀਂ ਹੀ ਲਹੂ ਨਾਲ ਲਿਖਜਾਸੀ ਸਗੋਂ ਸਭ ਸਤਰਾਂ ਲੱਗਾਂ ਮਾਤ੍ਰਾਂ ਤੱਕ ਭੀ ਲਹੂ ਨਾਲ ਲਿਖੀਆਂ ਗਈਆਂ ਸਨ ਫੇਰ ਅਜੇਹੇ ਲਹੂ ਨਾਲ ਲਿਖਿਆ ਗਿਆ ਸੀ ਕਿ ਜਦੋਂ ਤੀਕ ਧਰਤ ਆਕਾਸ਼ ਰਹਿਨਗੇ ਤਦੋਂ ਤੀਕ ਰਹੇਗਾ ਸੁੱਕੇਗਾ ਨਹੀਂ ਦੋਹਰੀ ਵਾਰੀ ਜਦ ਘਾਉ ਹੋ ਗਏ ਤਾਂ ਬੌਹਤ ਕਰਕੇ ਉਦਮ ਕੀਤਾ ਗਿਆ ਕਿ ਕਿਵੇਂ ਗੁਰੂ ਜੀ ਰਾਜ਼ੀਹੋਜਾਂਣ ਪ੍ਰੰਤੂ ਓਹੁਘਾਉ ਦਿਨੋਂ ਦਿਨ ਵਿਗੜਦੇ ਤੇ ਖ਼ਰਾਬ ਹੀ ਹੁੰਦੇ ਗਏਤੇਅੰਤ ਸਮਾਂ ਨੇੜੇ ਆਉਂਦਾ ਗਿਆ ਜੇਹੜੇ ਸਿੱਖ ਗੁਰੂ ਜੀ ਦੀ ਸੇਵਾ ਵਿਖੇ ਉਸ ਵੇਲੇ ਤੱਤ ਪਰਸੇ ਤਿਨ੍ਹਾਂ ਨੇ ਸੂਖਮ ਸਮਾਂ ਜਾਣਕੇ ਬੇਨਤੀ ਕੀਤੀ ਕਿਆਪ ਸਾਨੂੰ ਖ਼ਾਲਸੇ ਨੂੰ ਇੱਥੇ ਪ੍ਰਦੇਸ਼ ਵਿਖੇ ਬਿਨਾਂ ਵਸੀਲੇ ਇੱਕਲੇਹੀ ਛੱਡ ਚਲੇ ਹੋ ਕੋਈ ਆਪਦੀ ਸੰਤਾਨ ਭੀ ਨਹੀਂ ਜੇਹੜੀ ਆਪ

ਥੀਂ ਪਿੱਛੋਂ ਖ਼ਾਲਸਾ ਨੂੰ ਰਾਹੁ ਪਾਵਣ ਵਾਲੀ ਹੋਵੇਗੀ ਹੁਣ ਦੱਸੋ ਖ਼ਾਲਸੇ ਨੂੰ ਕੀਹ ਕਰਨਾ ਚਾਹੀਏ ਤੇ ਗੱਦੀ ਕਿਸਨੂੰ ਸੌਂਪੀ ਜਾਵੇ ਦੂਸਰੀ ਐਉਂ ਭੀ ਆਖਦੇ ਹਨ ਕਿ ਗੁਰਜਾਈ ਦੀ ਗੱਦੀ ਦਾ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਹੀ ਫੈਸਲਾ ਕਰ ਦਿੱਤਾ ਜੋ ਇੱਕ ਨਰੇਲ ਤੇ ਪੰਜ ਪੈਸੇ ਰਵਾਜ ਰਸਮ ਮੂਜਬ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਧਰੇ ਤੇ ਮਥਾ ਟੇਕਕੇ ਆਖਆ ਕਿ ਖ਼ਾਲਸਾ ਜੀ ਮੇਰੇ ਮਗਰੋਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣਾ ਹੋਵੇਗਾ ਇਹੁ ਸਦੀਵ ਵਾਸਤੇ ਤੁਹਾਡਾ ਅਜੇਹਾ ਗੁਰੂ ਹੋਵੇਗਾ ਕਿ ਪ੍ਰਲੇ ਤਕ ਤੁਹਾਡੀ ਰਖਆ ਕਰੇਗਾ ਤੇ ਸਦਾ ਹੀ ਤੁਹਾਨੂੰ ਉਪਦੇਸ਼ ਦੇਂਦਾ ਰਹੇਗਾ ਤੁਸਾਂ ਨੇ ਮੇਰੇ ਮਗਰੋਂ ਕਿਸੇ ਸਮੇ ਵਿਖੇ ਭੀ ਕਿਸੇ ਪੁਰਖ ਨੂੰ ਆਪਣਾ ਗੁਰੂ ਨਾ ਮੰਨਣਾਂ ਇੱਕ ਵਾਹਿ ਗੁਰੂ ਈਸ਼੍ਵਰ ਤੇ ਇਸ ਗੁਰੂ ਗ੍ਰੰਥ ਸਾਹਿਬ ਜੀ ਬਿਨਾਂ ਕਿਸੇ ਅੱਗੇ ਸਿਰ ਨਹੀਂ ਨਿਵਾਉਣਾਂ ਤੇ ਨਾਹੀਂ ਕਿਸੇ ਹੋਰਸ ਦਾ ਇਨ੍ਹਾਂ ਦੋਹਾਂ ਬਿਨਾਂ ਸੇਵਕ ਅਥਵਾ ਸਿੱਖ ਹੀ ਬਣਨਾਂ ਪ੍ਰਸ਼ਨ ਤਾਂ ਇਹੁ ਹੈ ਕਿ ਗੁਰੂ ਜੀ ਦੀ ਕਿਸ ਗ੍ਰੰਥ ਸਾਹਿਬ ਥੀਂ ਇੱਛਾ ਸੀ ਕਿਉਂਕਿ ਗੁਰੂ ਗ੍ਰੰਥ ਸਾਹਿਬ ਭੀ ਦੋਹਨ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਰਚੀ ਹੋਈ ਵਾਲੇ ਗੁਰੂ ਗ੍ਰੰਥ ਸਾਹਿਬ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਉੱਚੀ ਪਦਵੀ ਨਹੀਂ ਦਿੱਤੀ ਤੇ ਓਹੁ ਸਦੀਵ ਆਦਿ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਤਕਾਰ ਕਰਦੇ ਹੁੰਦੇ ਸੀ ਇਸ ਕਰਕੇ

ਵਿਸ਼ੇਸ਼ ਕਾਰਨ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ ਹੀ ਅਦਬ ਦਾ ਪ੍ਰਤੀਤ ਹੁੰਦਾ ਹੈ ਤੇ ਸਿਖਜਾ ਭੀ ਆਦਿ ਹੀ ਅਤਸੈ ਕਰਕੇ ਵਿਸ਼ੇਸ਼ ਕਰਦਾ ਹੈ ਸਿੱਖ ਭੀ ਅੱਜ ਤੱਕ ਅਜੇਹੀ ਬਾਤ ਹੀ ਸਮਝਦੇ ਚਲੇ ਆਏ ਹਨ ਪ੍ਰੰਤੂ ਜੇਕਰ ਦਸਵੀਂ ਪਾਤਸ਼ਾਹੀ ਦਾ ਗੁਰੂ ਗ੍ਰੰਥ ਸਾਹਿਬ ਜੀ ਭੀ ਇਸ ਵਿਖੇ ਮਿਲਿਆ ਹੋਯਾ ਜਾਣਿਆ ਜਾਵੇ ਤਾਂ ਇਸ ਵਿਖੇ ਕੋਈ ਗਲ ਸੰਦੇਹ ਪਾਉਣ ਵਾਲੀ ਨਹੀਂ ਉਤਪਤ ਹੋਵੇਗੀ ਆਪ ਗੁਰੂ ਗੋਬਿੰਦ ਸਿੰਘ ਜੀ ਦਾ ਬਚਨ ਜੋ ਹੇਠਾਂ ਲਿਖਜਾ ਹੈ ਉਚਾਰਿਆ ਹੋਯਾ ਹੈ ਜੇਹਾਕਿ "ਆਗਜਾ ਭਈ ਅਕਾਲ ਕੀ ਤਬੀ ਚਲਾਯੋ ਪੰਥ॥ ਸਭਿ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ" ॥ ਸੋ ਜੇਕਰ ਸੱਚ ਮੁੱਚ ਇਹੁ ਵਾਕ ਗੁਰੂ ਜੀ ਦੀ ਰਸਨਾ ਦਾ ਹੈ ਤਾਂ ਇਸ ਥੀਂ ਪ੍ਰਤਕੂਲ ਤਾਂ ਕੁਛ ਪ੍ਰਤੀਤ ਨਹੀਂ ਹੁੰਦਾ ਪ੍ਰੰਤੂ ਸਿੱਖ ਦੋਹਾਂ ਦੀ ਇਜ਼ਤ ਇਕੋ ਜੇਹੀ ਕਰਦੇ ਹਨ ਤੇ ਕਰਨੀ ਭੀ ਏਸੇ ਤਰਾਂ ਹੀ ਚਾਹੀਏ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ ਦੀ ਬਾਣੀ ਦਾ ਬੜਾ ਪ੍ਰਚਾਰ ਹੈ ॥

ਅੰਤ ਦੇ ਉਪਦੇਸ਼ ਵਿਖੇ ਉਨ੍ਹਾਂਨੇ ਖ਼ਾਲਸੇ ਨੂੰ ਤਾਕੀਦ ਕੀਤੀ ਕਿ ਸਦੀਵ ਆਪਣੇ ਧਰਮ ਵਿਖੇ ਪ੍ਰੀਪਕ ਰੈਹਣਾ ਜਿੱਥੇ ਪੰਜ ਸਿੰਘ ਇਕੱਤ੍ਰ ਹੋਣ ਉਨ੍ਹਾਂ ਵਿਖੇ ਆਪ ਗੁਰੂ ਗੋਬਿੰਦ ਸਿੰਘ ਜੀ ਹੋਵੇਗਾ ਖ਼ਾਲਸਾ ਧਰਮ ਵਿਖੇ ਪੁਰਖ ਨੂੰ ਮਿਲਾਉਣ ਦੀ ਸ਼ਕਤੀ ਕੇਵਲ ਪੰਜਾਂ ਸਿੰਘਾਂ ਨੂੰ ਦਿੱਤੀ ॥

ਗੁਰਜਾਈ ਦੀ ਲੜੀ ਦਾ ਅੰਤ

ਇਸ ਗੁਰਜਾਈ ਦੇ ਸਿਲਸਿਲੇ ਨੂੰ ਬੰਦ ਕਰਨੇ ਥੀਂ ਉਸਨੇ ਵਡਾ ਭਾਰਾ ਕੰਮ ਕੀਤਾ ਜਿਨ੍ਹਾਂ ਪੁਰਖਾਂ ਦਾ ਇਹ ਇਤਰਾਜ਼ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਭੀ ਇਸ ਕੰਮ ਦੇ ਕਰਨੇ ਥੀਂ ਪ੍ਰਤੀਤ ਹੁੰਦਾ ਹੈ ਕਿ ਮੁਹੰਮਦ ਦੇ ਵਾਂਗੂ ਅੰਤ ਦਾ ਗੁਰੂ ਪੈਗ਼ੰਬਰ ਬਨਨ ਦੀ ਇੱਛਾ ਸੀ ਨਹੀਂ ਓਹੁ ਲੋਕ ਭੁੱਲੀ ਪਏ ਹੋਏ ਹਨ ਇਹੁ ਗਲ ਤਾਂ ਤਦ ਮੰਨੀ ਜਾਂਦੀ ਜੇਕਰ ਉਸਨੇ ਕਦੇ ਭੀ ਪੈਗ਼ੰਬਰੀ ਦਾਵਾ ਕੀਤਾ ਹੋਵੇ ਅਥਵਾ ਈਸ਼੍ਵਰ ਦੀ ਯਾਰੀ ਮਿਤ੍ਰਚਾਰੀ ਅਥਵਾ ਸ਼ਰੀਕੀ ਜਤਾਈ ਹੋਵੇ ਓਹੁ ਤਾਂ ਕੇਵਲ ਆਪਣੇ ਆਪ ਨੂੰ ਕੇਵਲ ਇਕ ਛੋਟਾ ਜੇਹਾ ਸੇਵਕ ਅਕਾਲ ਪੁਰਖ ਦਾ ਸਮਝਦਾ ਸੀ ਤੇ ਇਹੀ ਆਖਦਾ ਹੋਯਾ ਕੰਮ ਕਰਦਾ ਰਿਹਾ ਸੀ ਤੇ ਅੰਤ ਨੂੰ ਇਹੀ ਆਖਦਾ ਹੋਯਾ ਸ਼ਰੀਰ ਛੱਡ ਗਿਆ ਕਿ ਮੈਨੂੰ ਮਨੁਖ ਵਰਗਾ ਹੀ ਜਾਣੋ ਮੈਂ ਹੋਰ ਕੁਛ ਨਹੀਂ ਹਾਂ ਜੇਹੜਾ ਮੇਰੀ ਪੂਜਾ ਈਸ਼੍ਵਰ ਮੰਨਕੇ ਕਰੇਗਾ ਓਹੁ ਪਾਪੀ ਹੋਵੇਗਾ ਫੇਰ ਗੁਰੂ ਗੋਬਿੰਦ ਸਿੰਘ ਜੀ ਪਰ ਜ਼ਾਤੀ ਦਾ ਦੋਸ਼ ਅਰੋਪਣ ਕਰਨਾਂ ਨਾਂ ਕੇਵਲ ਝੂਠ ਹੀ ਮਾਰਨਾ ਹੈ ਸਗੋਂ ਅਤਯੰਤ ਕਰਕੇ ਝੱਖ ਮਾਰਨੀ ਹੈ ਅਫਸੋਸ ਹੈ ਕਿ ਅਸੀਂ ਅਜੇਹੇ ਪੁਰਖ ਮਹਾਤਮਾਂ ਪਰ ਅਪਸ੍ਵਾਰਥਤਾ ਦੋਸ਼ ਵਰਨੰਣ ਕਰੀਏ ਭਲਾ ਜੀ ਜੇਹੜਾ ਸਭਨਾਂ ਹਿੰਦੂਆਂ ਦੀਆਂ ਜ਼ਾਤਾਂ

ਪਾਤਾਂ ਨੂੰ ਮੇਟਨ ਤੇ ਨਾਸ ਕਰਨਲਈ ਆਯਾਸੀ ਜੇਹੜੇ ਲੋਕੀ ਉਸ ਗੁਰੂ ਦੀ ਬਾਬਤ ਅਜੇਹੀਆਂ ਗਲਾਂ ਬਣਾਉਂਦੇ ਹਨ ਯਾਂ ਤਾ ਓਹੁ ਪੁਰਖ ਅੰਨੇ ਹਨ ਜੋ ਦੇਖ ਨਹੀਂ ਸਕਦੇ ਅਥਵਾ ਸੁਦਾਈ ਹਨ ਕਿ ਜਾਣਕੇ ਸਮਝ ਨਹੀਂ ਸਕਦੇ ਯਾ ਬੁਧਹੀਣ ਪੁਰਖ ਹਨ ਕਿ ਪਰਤਾ ਨਹੀਂ ਸਕਦੇ ਅਥਵਾ ਦੋਖੀ ਪੁਰਖ ਹੈਨ ਕਿ ਉਨ੍ਹਾਂ ਦੀ ਵਡਿਆਈ ਨੂੰ ਦੇਖ ਨਹੀਂ ਸੁਖਾਂਦੇ ਅਥਵਾ ਵੈਰੀ ਹਨ ਕਿ ਉਸਦੀ ਬੁਰਯਾਈ ਪ੍ਰਗਟ ਕਰਨ ਨੂੰ ਤਕੜੇ ਹਨ॥ ਇਨਾਂ ਗਲਾਂ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੂੰ ਜ਼ਾਤੀ ਅਭਿ-ਮਾਨ ਦਾ ਰੰਚਕ ਭੀ ਲਗਾਉ ਨਹੀਂ ਹੈ ਜੇਕਰ ਕੋਈ ਦਖ਼ਲ ਹੁੰਦਾ ਹੋਵੇ ਤਾਂ ਗੁਰੂ ਗੋਬਿੰਦ ਸਿੰਘ ਜੀ ਇਹੁ ਉਚਾਰਦੇ ਕਿ ਜੋ ਕੁਛ ਕੀਤਾ ਹੈ ਮੈਂ ਕੀਤਾ ਹੈ ਨਹੀਂ ਸਗੋਂ ਉਨ੍ਹਾਂਨੇ ਤਾਂ ਇਉਂ ਬਚਨ ਕੀਤੇ ਹਨ ਕਿ ਜੋ ਕੁਛ ਦਸਾਂ ਗੁਰੂਆਂ ਨੇ ਕਰਨਾ ਸੀ ਸੋ ਹੀ ਕੀਤਾ ਅੱਗੋਂ ਨੂੰ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਹੀ ਉਨਾਂ ਦਾ ਗੁਰੂ ਹੋਵੇਗਾ ਸਭ ਦੁਨੀਆਂ ਦੇ ਮਹਾਤਮਾਂ ਵਿਚੋਂ ਜੇਕਰ ਕੋਈ ਨਿਰਾਭਮਾਨ ਹੋਯਾ ਹੈ ਤਾਂ ਓਹੁ ਕੇਵਲ ਗੁਰੂ ਗੋਬਿੰਦ ਸਿੰਘ ਜੀ ਹੀ ਹੋਏ ਹੈਨ ਆਪਣੇ ਤੱਕ ਗੁਰਯਾਈ ਨੂੰ ਬੱਸ ਕਰਨ ਦੀ ਬਾਤ ਵਿਖੇ ਭੀ ਇਹੁ ਹੀ ਪਾਯਾ ਜਾਂਦਾ ਹੈ ਕਿ ਖ਼ਾਲਸਾ ਧਰਮ ਤੇ ਉਸਦੇ ਉਦੇਸ਼ ਨੂ ਸਦੀਵ ਜੀਉਂਦੇ ਰਖਨਾ ਹੈ ਅਰਥਾਤ ਅੱਗੋਂ ਹੋਣ ਵਾਲਿਆਂ ਗੁਰੂਆਂ ਦੀ ਭਾਤਾਂ ਭਾਤਾਂ ਦੇ ਸੁਭਾਵ ਤੇ ਕਈ ਤਰਾਂ ਦੀਆਂ ਬਦਲੀਆਂ ਸ਼ਦਲੀਆਂ ਹੋਨ ਦਾ ਡਰ ਸੀ

ਪਾ ਹੋਜਾਂਣਾ ਸੀ ਸੋ ਉਸਦਾ ਭੀ ਝਗੜਾ ਲੰਮੀ ਦ੍ਰਿਸ਼ਟੀ ਦ੍ਵਾਰਾ ਨਿਬੇੜ ਦਿੱਤਾ ਜੋ ਖ਼ਾਲਸਾ ਧਰਮ ਸਦੀਵ ਹੀ ਲਈ ਖ਼ਾਲਸ ਬਣਿਆ ਰਹੇ ਤੇ ਕਿਸੇ ਭਾਂਤਦੀ ਮਿਲਾਵਟ ਕਰਕੇ ਵਿਗੜ ਨਾ ਜਾਵੇ ਅਤੇ ਕੀਹ ਜਾਣੀਏ ਕਿ ਗੁਰੂ ਜੀ ਥੀਂ ਮਗਰੋਂ ਪੀੜ੍ਹੀਆਂ ਹੀ ਗੁਰਯਾਈ ਦੀਆਂ ਚਲ ਪੈਂਦੀਆਂ ਤੇ ਇਕ ਗੁਰੂ ਨਾਂ ਰੈਹਣ ਕਰਕੇ ਖ਼ਾਲਸਾ ਧਰਮ ਵਿਖੇ ਕੀਹ ਕੀਹ ਸ਼ਗੂਫ਼ੇ ਖਿੜਦੇ ਖ਼ਬਰੇ ਹਿੰਦੂ ਧਰਮ ਵਾਂਗੂ ਸ਼ਾਖ਼ਾਂ ਵਿਚੋਂ ਸਾਖ਼ਾਂ ਹੋਕੇ ਖ਼ਾਲਸਾ ਧਰਮ ਭੀ ਓਹੁ ਚਿਹਰਾ ਬਣਾ ਲੈਂਦਾ ਜੋ ਫੇਰ ਉਸ ਦਾ ਪਛਾਨਣਾ ਭੀ ਕਠਿਨ ਹੋ ਜਾਂਦਾ ਕਈ ਭਾਤਾਂ ਦੀਆਂ ਸੂਰਤਾਂ ਨਿਕਲ ਆਉਂਦੀਆਂ ਜੇਕਰ ਗੁਰਯਾਈ ਦਾ ਸਿਲ ਸਿਲਾ ਬੰਦ ਨਾਂ ਕੀਤਾ ਜਾਂਦਾ ਤੇ ਗੁਰੂ ਗ੍ਰੰਥ ਸਾਹਿਬ ਜੀ ਯੋਗ ਗੁਰਯਾਈ ਨਾਂ ਦਿੱਤੀ ਜਾਂਦੀ ਤਾਂ ਬੜੇ ਹੀ ਝਗੜੇ ਭਯਾਨਕ ਉੱਠ ਖੜੋਂਦੇ ਇਹਨਾਂ ਗਲਾਂ ਦੇ ਦ੍ਰਿਸਟਾਂਤ ਦੇਣਦੀ ਕੋਈ ਲੋੜ ਨਹੀਂ ਹੈ ਕਿ ਜੇਹੜੀ ਅੱਗ ਕੌਮੀ ਪਿਆਰ ਦੀ ਗੁਰੂ ਗੋਬਿੰਦ ਸਿੰਘ ਜੀ ਧੁਖਾ ਚਲੇ ਹਨ ਤਿਸ ਨੂੰ ਜੀਉਂਦਾ ਰਖਨ ਦੀ ਆਸ ਅਗੋਂ ਹੋਣ ਵਾਲਿਆਂ ਗੁਰੂਆਂ ਪਾਸੋਂ ਸ਼ਾਇਦ ਹੋਂਦੀ ਇਸ ਕਰਕੇ ਉਸਨੇ ਬੜਾਹੀ ਯੋਗ ਕੰਮ ਕੀਤਾ ਕਿ ਗੁਰਯਾਈ ਦੇ ਸਿਲ ਸਿਲੇ ਨੂੰ ਏਥੇ ਹੀ ਬੱਸ ਕਰ ਦਿੱਤਾ ਇਸ ਵਿਚੋਂ ਦੇਸ਼ਾ ਭਗਤੀ ਦੀ ਸੁਗੰਧੀ ਆਉਂਦੀ ਹੈ ਕੋਈ ਜ਼ਾਤੀ ਝਗੜੇ ਨਹੀਂ ਦਿਖਾਈ ਦੇਂਦੇ ਕੇਹੜਾ ਪੁਰਖ

ਨਹੀਂ ਜਾਣਦਾ ਕਿ ਜਦੋਂ ਕਿਸੇ ਧਰਮ ਵਿਖੇ ਹੋਰ ਹੋਰ ਭਾਂਤਦੇ ਕਈ ਗੁਰੂ ਬਣ ਜਾਂਦੇ ਹਨ ਤਾਂ ਓਹ ਕੁਛ ਤਾਂ ਪੈਹਲੇ ਨਾਲੋਂ ਆਪਣੀ ਕੁਛ ਵੱਖੋ ਵੱਖ ਖ਼ਿਆਲ ਦੇ ਬਾਇਸ ਥੀਂ ਅਤੇ ਕੁਛ ਜ਼ਮਾਨੇ ਦੇ ਅਨੁਸਾਰ ਹਾਲ ਪੈਦਾ ਹੋਨ ਥੀਂ ਗੁਰੂ ਕੁਛ ਨ ਕੁਛ ਅਦਲਾ ਬਦਲੀ ਕਰਦੇ ਰਹਿੰਦੇ ਹਨ ਤੇ ਤੀਸਰਾ ਲੋਕਾਂ ਦੀ ਵਿਚਾਰ ਭੀ ਬਦਲ ਜਾਂਦੀ ਹੈ, ਆਤਮਕ, ਸ਼ਰੀਰਕ, ਅਤੇ ਸੁਭਾਵਕ ਹੀ ਓਹ ਸ੍ਰੇਸ਼ਟ ਪੁਰਖ ਕੁਛ ਨਾਂ ਕੁਛ ਵਧਾਉਂਦੇ ਅਤੇ ਘਟਾਉਂਦੇਹੀ ਰੈਂਹਦਾ ਹੈ ਭਾਵੇਂ ਅਜੇਹੀ ਬਦਲਾ ਸਦਲੀ ਉਨਤੀ ਦੀ ਜਾਂਨ ਕਿਉਂ ਨਹੀਂ ਕਿਉਂ ਜੋ ਜਿਥੇ ਬੰਧਨ ਹੀਨ ਪੁਰਖਹਨ ਓਥੇ ਉਨਤੀ ਨੂੰ ਵਿਸੇਸ ਕਰਕੇ ਸਹਾਇਤਾ ਮਿਲ ਦੀ ਹੈ ਪ੍ਰੰਤੂ ਸਭਨਾਂ ਚੀਜ਼ਾਂ ਦੀ ਹਦ ਹੁੰਦੀ ਹੈ ਜੇਕਰ ਉਸ ਸੀਮ ਤੀਕ ਓਹ ਫੈਲੇ ਤਾਂ ਫਲ ਚੰਗਾ ਉਤਪਤ ਹੁੰਦਾ ਹੈ ਤੇ ਹੱਦੋਂ ਵੱਧ ਜਾਵੇ ਤਾਂ ਫਲ ਨੂੰ ਨੁਕਸਾਨ ਹੁੰਦਾ ਹੈ ਮੇਰੇ ਵਿਚਾਰ ਵਿਖੇ ਜਿਤਨਾਂਕੁ ਖ਼ਾਲਸਾ ਧਰਮ ਬੰਧਨ ਹੀਨ ਹੈ ਤੇ ਮੁਕਤ ਹੈ ਅਜੇਹਾ ਧਰਮ ਕੋਈ ਭੀ ਸੰਸਾਰਪਰ ਨਹੀਂਹੈ ਅਤੇ ਗੁਰਜਾਈ ਦੇ ਸਿਲ ਸਿਲੇ ਨੂੰ ਬੰਦ ਕਰਨੇ ਕਰਕੇ ਕਿਸੇ ਪਰਕਾਰ ਦੀ ਖ਼ਾਲਸਾ ਧਰਮ ਨੂੰ ਬੰਧਨ ਨਹੀਂ ਬੱਧੀ ਗਈ ਸਗੋਂ ਖਾਲਸਾ ਧਰਮ ਨੂੰ ਅਗੋਂ ਨਿਕੰਮਿਆਂ ਹੱਥਾਂ ਵਿਖੇ ਪੈਕੇ ਖ਼ਰਾਬ ਹੋਣੋਂ ਬਚਾਲੀਤਾ ਹੈ ਪੁਰਖਾਂ ਦੇ ਹੱਥ ਵਿਖੇ ਆਕੇ ਜਿਵੇਂ ਹਿੰਦੂਆਂ ਵਿਖੇ ਧਰਮਾਂ ਦੇ ਭੇਦ ਬੇਅੰਤ ਹੀ ਪੈਗਏ ਹਨ ਜੇਹੜੇ ਅੱਜ ਦੇ

ਦਿਨ ਤੀਕ ਪ੍ਰਤੀਤ ਹੋ ਰਹੇ ਹਨ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਭੀ ਪ੍ਰਗਟ ਸਨ ਗੁਰੂ ਗੋਬਿੰਦ ਸਿੰਘ ਜੀ ਹਿੰਦੂਆਂ ਦੀ ਧਰਮ ਉਨਤੀ ਤੇ ਧਰਮ ਨਾਸ਼ ਦੇ ਕਾਰਣਾ ਨੂੰ ਚੰਗੀ ਤਰਾਂ ਜਾਣਦੇ ਸੀ ਜੇਕਰ ਓਹੁ ਗੁਰਯਾਈ ਦੇ ਸਿਲ ਸਿਲੇ ਨੂੰ ਬੰਦ ਨਾਂ ਕਰ ਦੇਂਦੇ ਤਾਂ ਉਸਦੇ ਸਭਨਾਂ ਕੰਮਾਂ ਵਿਖੇ ਇਕ ਇਹੁ ਘਾਟਾ ਰੈਹ ਜਾਣਾ ਸੀ ਪ੍ਰੰਤੂ ਕਿਉਂਕਿ ਓਹੁ ਵਿਚਾਰਵਾਨ ਤੇ ਬੁਧੀਵਾਨ ਪੁਰਖ ਸਨ ਅਤੇ ਸਮੇਦੀ ਨਾੜੀ ਪਰ ਉਨ੍ਹਾਂ ਦਾ ਹੱਥ ਸੀ ਉਨ੍ਹਾਂ ਨੇ ਅਤਯੰਤ ਬੁਧਮਤਾ ਤੇ ਲੰਮੀ ਦ੍ਰਿਸ਼ਟੀ ਨਾਲ ਇਹੁ ਬੰਧਨ ਲਹਾਕੇ ਖ਼ਾਲਸਾ ਧਰਮ ਨੂੰ ਅਗੋਂ ਹੋਣ ਵਾਲੀਆਂ ਖ਼ਰਾਬੀਆਂ ਥੀਂ ਬਚਾ ਲੀਤਾ ਤੇ ਇਹੀ ਕਾਰਣ ਹੈ ਕਿ ਬਰਾ ਬਰ ਤਿੰਨ ਸੌ ਵਰ੍ਹੇ ਥੀਂ ਖ਼ਾਲਸਾ ਧਰਮ ਬੋਹਤ ਸਾਰਾ ਚਲਾ ਆਉਂਦਾ ਹੈ ਜਿਥੋਂ ਤੀਕ ਉਸਦੇ ਨਿਯਮ ਹਨ ਓਥੋਂ ਤਾਂਈਂ ਠੀਕ ਹੈ ਪ੍ਰੰਤੂ ਖ਼ਾਲਸਾ ਕੇਵਲ ਓਹੋ ਜੇਹਾ ਨਹੀ ਜੇਹਾ ਕਿ ਗੁਰੂ ਜੀ ਦੇ ਸਮੇ ਸੀ (ਨਹੀਂ) ਪਰ ਖ਼ਾਲਸੇ ਹਿੰਦੂਆਂ ਦੀ ਤਰਾਂ ਫੇਰ ਵੈਹਮਾਂ ਭਰਮਾਂ ਵਿਖੇ ਰਹੇ ਹੋਏ ਰਸਮ ਰਵਾਜਾਂ ਵਿਖੇ ਬੱਧੇ ਹੋਏ ਹਨ ਮੈਂ ਇਕ ਦ੍ਰਿਸ਼ਟਾਂਤ ਛੋਟਾ ਜੇਹਾ ਦਸਦਾ ਹਾਂ ਕਿ ਮੇਰੇ ਇਕ ਪਤ ਅਬਰੋ ਵਾਲੇ ਮਿੱਤ੍ਰ ਵਰਨੰਨ ਕਰਦੇ ਹੁੰਦੇ ਸਨ ਕਿ ਉਸਦੇ ਕੁਟੰਬ ਦੇ ਲੋਕੀ ਵਿਸੇਸ਼ ਕਰਕੇ ਸਿੱਖ ਧਰਮ ਧਾਰਨ ਕਰਦੇ ਹਨ ਤੇ ਸਿੱਖਾਂ ਵਿਖੇ ਜਨੇਊ ਪਾਉਣਾ ਦੇਖ ਖਿਜਦੇ ਹਨ ਇਸ ਕਰਕੇ ਓਹੁ ਜਨੇਊ ਪੈਹਰਦੇ ਤਾਂ ਨਹੀਂ ਪ੍ਰੰਤੂ ਖ਼ੀਦਕੇ ਇਕ

ਕੋੱਲੀ ਪਰ ਲਟਕਾ ਰਖਦੇ ਹਨ ਤੇ ਜਦ ਕੋਈ ਸਮਾਂ ਸ਼ਰਾਧ ਅਕਾਦਸ਼ੀ ਆਦਿਕਾਂ ਦਾ ਆਜਾਂਦਾ ਹੈ ਤਾਂ ਬ੍ਰਾਹਮਣ ਦੇ ਸਾਹਮਣੇ ਉਸਨੂੰ ਗਲ ਵਿਖੇ ਪਾਲੈਂਦੇ ਹਨ ਸੋ ਇਹੁ ਦਾਲਦੇ ਦਾਣੇ ਟੋਹਨ ਵਾਲੀ ਗਲ ਹੈ ਹੋਰਭੀ ਇਸੇ ਤਰਾਂ ਹੀ ਖ਼ਾਸਲਾ ਜੀ ਬੌਹਤ ਸਾਰੇ ਬੰਧਨਾਂ ਵਿਖੇ ਬੱਝੇ ਹੋਏ ਹਨ॥

ਗੁਰੂ ਗੋਬਿੰਦ ਸਿੰਘ ਜੀ ਦੇ ਉਦੇਸ਼ ਕਿਸੇ ਪਾਸੋਂ ਲੁਕੇ ਹੋਏ ਨਹੀਂ ਹਨ ਪ੍ਰੰਤੂ ਫੇਰਭੀ ਲਖਾਂ ਹੀ ਸਿੱਖ ਵਰ੍ਹੇ ਦੇ ਵਰ੍ਹੇ ਨਿਗਾਹੇ ਪੀਰ ਪ੍ਰਸਿੱਧਸਖੀਸਰਵਰਦੀ ਯਾਤ੍ਰਾ ਕਰਨ ਜਾਂਦੇ ਹਨ ਅੱਜ ਕਲ ਜੇਹੜੀਆਂ ਰਸਮਾਂ ਗੁਰੂ ਭਾਈਆਂ ਸਿੱਖਾਂ ਦੀਆਂ ਬੇਅੰਤ ਦਿਖਾਈ ਦੇ ਰਹੀਆਂ ਹਨ ਸੋ ਭੀ ਸਭ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖਯਾ ਦੇ ਵਿਰੁਧ ਹੈਨ॥

ਪੰਜ ਸਿੰਘਾਂ ਨੂੰ ਹੀ ਕੇਵਲ ਪਾਹੁਲ ਦੇਣ ਦੀ ਸ਼ਕਤੀ ਦੇਣੀ ਇਹੁ ਇਕ ਧਰਮੀ ਜੱਥੇ ਦੇ ਹੀ ਹਥਾਂ ਵਿਚ ਬਾਦਸ਼ਾਹਤ ਦੇ ਨਿਯਮਾਂ ਨੂੰ ਪੱਕਾ ਕਰਨਾ ਸੀ ਤੇ ਇਸ ਤ੍ਰੀਕੇ ਨਾਲ ਗੁਰੂਡੰਮ ਦੀ ਸਿਵਕਾਈ ਪਾਸੋਂ ਜਿਸ ਦੇ ਨਮੂਨੇ ਹਿੰਦੂਆਂ ਵਿਖੇ ਪਾਏ ਜਾਂਦੇ ਸੇ ਤੇ ਜਿਸਦੀਆਂ ਖ਼ਰਾਬੀਆਂ ਬ੍ਰਾਹਮਣੀ ਧਰਮ ਦੀ ਵਿਦਯਾ ਵਿਖੇ ਪ੍ਰਗਟ ਸਨ ਤਿਸ ਵਿਚੋਂ ਕਢਨਾ ਸੀ ਇਹੁ ਅਜੇਹਾ ਉਦੇਸ਼ ਸੀ ਕਿ ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਕਿਸੇ ਤ੍ਰੀਕੇ ਨਾਲ ਭੀ ਤਿਆਗ ਨਹੀਂ ਸੀ ਸੱਕਦੇ ਤੇ ਇਹੁ ਤਦਹੀ ਹੋਸਕਦਾਸੀ ਕਿ ਗੁਰੂ ਗੋਬਿੰਦ ਸਿੰਘ ਜੀ ਆਪ ਆਪਣੇ ਹੱਥਾਂ

ਨਾਲ ਗੁਰੂ ਡੰਬਦੀ ਜੜ ਪੁਟੇ ਕੁਦਰਤੀ ਨਿਯਮ ਸਾਨੂੰ ਕੀਹ ਦਸਦਾ ਹੈ ਤੇ ਬੁੱਧਦੀ ਸ਼ਕਤੀ ਕੀਹ ਸਾਡੇ ਸਾਹਮਣੇ ਪ੍ਰਗਟ ਕਰ ਰਹੀਹੈ ਕਿ ਜਿਥੋਂ ਤੀਕ ਕਿਸੇ ਚੀਜ਼ ਦੀ ਹੱਦਹੈ ਓਤਨਾਂ ਹੀ ਵਧਾਓ ਤੇ ਜਿਤਨਾਂ ਕਿਸੇ ਵਿਖੇ ਬਲ ਹੈ ਉਤਨਾਂਹੀ ਉਸ ਨੂੰ ਮੁਕਤ ਕੀਤਾ ਜਾਵੇ ਤਾਂ ਉਸਦੀ ਯੋਗਤਾ ਥੀਂ ਲਾਭ ਉਤਨਾ ਪ੍ਰਾਪਤ ਹੋਸਕਦਾ ਹੈ ਜੇ ਉਸਪਦਵੀ ਤਕ ਖੁਲ੍ਹਾ ਨਾਂ ਛੱਡਿਆ ਜਾਵੇ ਤਾਂ ਨਹੀਂ ਪ੍ਰਾਪਤ ਹੋਸਕਦੇ ਸੋ ਇਹੀ ਬਾਤ ਸਭਨੀਂ ਭਾਂਤੀਂ ਸਿੱਧ ਹੁੰਦੀ ਹੈ ਕੀਹ ਧਰਮੀ ਸੰਸਾਰ ਵਿਖੇ ਕੀਹ ਮਿਲਨਸਾਰ ਸੰਸਾਰ ਵਿਖੇ ਕੀਹ ਰਾਜਨੀਤਿਸੰਸਾਰਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਹਿੰਦੂਆਂ ਦੀਆਂ ਸਭ ਹਾਲਤਾਂ ਦਾ ਨਕਸ਼ਾ ਸੀ ਤੇ ਓਹੁ ਚੰਗੀ ਤਰਾਂ ਜਾਣਦੇ ਭੀ ਸਨ ਕਿ ਹਿੰਦੂ ਨਿਜਸ੍ਵਾਰਥੀ ਲੋਕਾਂ ਦੇ ਉੱਦਮ ਦੇ ਕਾਰਨ ਦਿਮਾਗ਼ੀ ਸਿਵਕਾਈ ਵਿਖੇ ਫਸ ਕਰਕੇ ਆਪਣੀ ਸਾਰੀ ਪਾਣ ਪਤ ਗਵਾ ਬੈਠੇ ਹਨ ਏਸ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਦੇ ਇਹੁ ਉਦੇਸ਼ ਸਨ ਕਿ ਦਿਮਾਗ਼ੀ ਸਿਵਕਾਈ ਥੀਂ ਤਿਨ੍ਹਾਂ ਨੂੰ ਖ਼ਲਾਸੀ ਦੇਕੇ ਧਰਮੀ ਸਿਵਕਾਈ ਵਿੱਚੋਂ ਭੀ ਕੱਢ ਦੇਵੇ ਤਦ ਹੀ ਉਨ੍ਹਾਂ ਦੀ ਸੰਸਾਰਕ ਉੱਨਤੀ ਅੱਗੇਵਧ ਸਕੇਗੀ ਇਸ ਵਾਸਤੇ ਉਨ੍ਹਾਂਨੇ ਆਗਿਆ ਦਿੱਤੀ ਕਿ ਭਾਵੇਂ ਕਿਸੇ ਜ਼ਾਤ ਦੇ ਭੀ ਪੰਜ ਸਿੰਘ ਮਿਲ ਕਰਕੇ ਪਹੁਲ ਦਿੱਤਾ ਕਰਨ ਇਸ ਥੀਂ ਇਹੁ ਸਿੱਧ ਹੁੰਦਾ ਸੀ ਕਿ ਗੁਰਿਆਈ ਦਾ ਕੰਮ ਕਿਸੇ

ਖ਼ਾਸ ਪੁਰਖ ਦੇ ਅਧਿਕਾਰ ਵਿਖੇ ਨਾਂ ਰੈਹਣ ਦਿੱਤਾ ਇਹੁ ਹੁੱਜਤ ਕੀਤੀ ਜਾਂਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਪਰ ਭੀ ਤਾਂ ਨਿਸ਼ਚਾ ਕਰਾਵਣਾ ਇੱਕ ਭਾਂਤ ਦੀ ਸਿਵਕਾਈ ਵਿਖੇ ਪਾਉਣਾ ਹੀ ਹੈ ਪ੍ਰੰਤੂ ਚੇਤੇ ਰਖਣਾਂ ਲੋੜੀਏ ਕਿ ਹਰ ਇਕ ਚੀਜ਼ ਦੀ ਉਨੱਤੀ ਦੀ ਹੱਦ ਹੈ ਤੇ ਹਰ ਚੀਜ਼ ਨੂੰ ਆਪਣੇ ਆਪਣੀ ਹੱਦ ਤੱਕ ਹੀ ਬੰਧਹੀਨ ਕਰਨਾ ਚਾਹੀਦਾ ਹੈ ਖ਼ਾਲਸਾ ਧਰਮ ਤੇ ਆਦਿ ਗੁਰੂ ਗ੍ਰੰਥ ਸਾਹਬ ਜੀ ਦੀ ਸਿਖਯਾ ਓੜਕ ਦੀ ਹਦ ਤਕ ਬੰਧਹੀਨ ਹੋਣ ਦੀ ਆਗਿਆ ਦੇਂਦੀ ਹੈ ਅਰਥਾਤ ਚੰਗੀ ਹਦ ਤੱਕ ਬੰਧਹੀਨ ਹੈ ਖ਼ਾਲਸਾ ਧਰਮ ਵਿਖੇ ਬੰਧਨ ਬੌਹਤ ਘੱਟ ਹਨ ਸਗੋਂ ਸਭਨਾਂ ਧਰਮਾਂ ਨਾਲੋਂ ਘਟ ਹਨ ਉਸਨੂੰ ਉੱਨਤੀ ਕਰਨ ਦੀ ਕਾਫੀ ਗੁੰਜਾਇਸ਼ ਹੈ ਤੇ ਇਸ ਬਾਤ ਨੂੰ ਕਦੇ ਭੀ ਨਹੀਂ ਭੁਲਣਾਂ ਚਾਹੀਦਾ ਕਿ ਜੋ ਡਰ ਖ਼ਾਲਸੇ ਨੂੰ ਕਿਸੇ ਪੁਰਖ ਨੂੰ ਗੁਰੂ ਬਨਨ ਕਰਕੇ ਸੀ ਓਹੁ ਗੁਰੂ ਗ੍ਰੰਥ ਸਾਹਿਬ ਜੀ ਆਦਿ ਪਰ ਭਰੋਸਾ ਤੇ ਹੱਦ ਕਰਨੇ ਪਰ ਨਹੀਂ ਹੋ ਸਕਦਾ ਇਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਕੁਛ ਇਸ ਵਿਸ਼ੇ ਵਿਖੇ ਵਿਚਾਰ ਕੀਤੀ ਸੋ ਠੀਕ ਤੇ ਭਲੀ ਕੀਤੀ ਤੇ ਸਮੇ ਦੀ ਲੋੜ ਅਨੁਸਾਰ ਕੀਤੀ ਹਿੰਦੂ ਸਮੇ ਨੂੰ ਇਸ ਬਾਤ ਦੀ ਬੌਹਤ ਹੀ ਲੋੜ ਸੀ ਸੋ ਜੋ ਹੋਯਾ ਠੀਕ ਹੋਯਾ ਪਰ ਦੋਸ਼ ਅਰੋਪਨ ਵਾਲਿਆਂ ਲਈ ਮੈਦਾਂਨ ਬੜਾ ਖੁਲ੍ਹਾ ਹੈ ਜੇਹੜੇ ਪਾਸੇ ਚਾਹੁਣ ਵਧ ਵਧਕੇ ਛਾਲਾਂ ਮਾਰਨ ਉਨ੍ਹਾਂ ਦੇ ਬੀ ਬੰਧਨ ਮੋਖਜ ਹੋਨ॥

ਗੁਰੂ ਗੋਬਿੰਦ ਸਿੰਘ ਜੀ ਦਾ ਅੰਤ ਸਮਾ

ਅਗੋਂ ਵਾਸਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਨਿਯਤ ਕਰਨ ਦੇ ਦੋ ਦਿਨ ਮਗਰੋਂ ਪੰਜਵੀਂ ਕਤਕ ਸੰਮਤ ੧੭੬੫ ਵਿਖੇ ਪੈਹਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਇਸ਼ਨਾਨ ਕੀਤਾ ਤੇ ਸਭ ਕਪੜ ਬਸਤ੍ਰ ਪੈਹਰਕੇ ਸ਼ਸਤ੍ਰ ਸਜਾਏ ਤੇ ਕੁਛ ਸ਼ਬਦ ਪੜਕੇ ਮੰਜੀ ਪਰ ਲੇਟ ਗਏ ਸਿਖਾਂ ਪਾਸੋਂ ਜਪਜੀ ਆਦਿਕ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਾਣੀਆਂ ਸੁਣਦਿਆਂ ਹੋਯਾਂ ਸਦੀਵ ਦੇ ਵਾਸਤੇ ਇਸ ਸੰਸਾਰ ਅਸਾਰ ਥੀਂ ਕੂਚ ਕਰ ਗਏ ਤੇ ਸ੍ਰੀ ਵਾਹਿਗੁਰੂ ਜੀ ਕਾ ਖ਼ਾਲਸਾ ਸ੍ਰੀ ਵਾਹਿਗੁਰੂ ਜੀ ਕੀ ਫ਼ਤੇ ਬੁਲਾਉਂਦੇ ਹੋਏ ਆਪਣੀ ਜਾਨ ਨੂੰ ਅਕਾਲ ਪੁਰਖ ਦੇ ਪਾਸ ਸੌਂਪਣਾ ਕਰ ਦਿੱਤੀ ਤੇ ਆਪਣੇ ਸ਼ਰੀਰ ਨੂੰ ਉਸ ਅਗਨੀ ਕੁੰਡ ਵਿਖ ਪਾਕੇ ਜੇਹੜਾ ਹਿੰਦੂ ਧਰਮ ਦੇ ਭਲੇ ਵਾਸਤੇ ਬਨਾਯਾ ਸੀ ਫੇਰ ਸੁਲਘਾਯਾ ਅੱਜ ਦੇ ਦਿਨ ਹਿੰਦੂਆਂ ਦਾ ਓਹ ਸੂਰਜ ਜਿਸਦੇ ਚਾਨਣ ਕਰਕੇ ਹਿੰਦੂਆਂ ਨੇ ਫੇਰ ਦੇਖਣਾਂ ਆਰੰਭ ਕੀਤਾ ਸੀ ਤੇ ਜਿਸਦੀ ਗਰਮੀ ਕਰਕੇ ਉਨ੍ਹਾਂ ਦੇ ਉਜੜੇ ਹੋਏ ਬਾਗਾਂ ਵਿਖੇ ਸੁੱਕੇ ਹੋਏ ਮੁਰਝਾਏ ਹੋਏ ਕੁਮਲਾਏ ਹੋਏ ਬੂਟਿਆਂ ਵਿਖੇ ਫਿਰ ਪੱਤੇ ਤੇ ਫਲ ਲਗਨੇ ਆਰੰਭ ਹੋਗਏ ਸੇ ਸੋ ਮੌਤ ਰੂਪੀ ਰਾਤ ਵਿਖੇ ਛਿਪ ਗਿਆ ਓਹ ਆਸਾਂ ਕਰਕੇ ਭਰਪੂਰ ਸੋਹਣੀ ਘਟਾ ਰੂਪੀ ਤੇ ਧਾਰਮਕ ਪਿਆਰ ਰੂਪੀ ਬਿਜਲੀ

ਦੀ ਚਮਕਤਾ ਵਾਲਾ ਭਾਰਤ ਦੇਸ਼ ਭਗਤੀ ਦੀਆਂ ਬੂੰਦਾਂ ਨਾਲ ਭਰਪੂਰ ਬਦਲ ਸੀ ਜਿਸ ਕਰਕੇ ਹਿੰਦੂਆਂ ਦੇ ਸੜੇ ਤਪ ਹੋਏ ਚਿੱਤ ਤੇ ਜਾਨਾਂ ਤੇ ਸੜੇ ਹੋਏ ਦੇਸ਼ ਤੇ ਘਰਾਂ ਦੇ ਸਾਮਾਨ ਦੀ ਅੱਗ ਬੁੱਝਨ ਲਗੀ ਸੀ ਉਸ ਬਦਲ ਨੂੰ ਮੌਤ ਰੂਪ ਪੌਣ ਨੇ ਹਿੰਦੁਸਤਾਨ ਥੀਂ ਉਡਾ ਦਿੱਤਾ ਓਹੁ ਦਰਯਾ ਦੀਆਂ ਠਾਠਾਂ ਜਿਸਦੀਆਂ ਹੜਾਂ ਕਰਕੇ ਹਿੰਦੁਸਤਾਂਨ ਦਾ ਉਜੜਿਆ ਹੋਯਾ ਖੇਤ ਤੇ ਪੈਲੀਆਂ ਹਰੀਆਂ ਭਰੀਆਂ ਹੋਣਦੀਆਂ ਆਸ਼ਾ ਕਰਦੀਆਂ ਸਨ, ਸੋ ਸੁਲਾਭਾ ਹੋਕੇ ਹੀ ਵਗ ਗਿਆ ਓਹ ਮਹਾਤਮਾਂ ਜੇਹੜਾ ਹਿੰਦੂਆਂ ਨੂੰ ਫੇਰ ਸਰਜੀਤ ਕਰਨ ਨੂੰ ਆਯਾ ਸੀ ਅੱਜ ਧਰਤੀ ਥੀਂ ਚਲਾ ਗਿਆ ਓਹੁ ਪਿਆਰਾ ਸੂਰਮਾ ਜੇਹੜਾ ਹਿੰਦੂਆਂ ਦੇ ਵਾਸਤੇ ਜਿਗਰ ਦਾ ਲਹੂ ਪੀਕੇ ਉਸਦੀ ਭਲਿਆਈ ਲਈ ਤੜਫਦਾ ਸੀ ਠੰਢਾ ਹੋਗਿਆ ਹਾਏ ਹਿੰਦੂਆਂ ਦਾ ਸੱਚਾ ਪਿਆਰਾ ਹਿੰਦੂ ਧਰਮ ਦਾ ਸੱਚਾ ਭਲਿਆਈ ਚਾਹੁਣ ਵਾਲਾ ਦੇਸ਼ ਦਾ ਪ੍ਰੇਮਕ ਦੀਨਬੰਧੂ ਹਿੰਦੂਆਂ ਦਾ ਪ੍ਰਿਯਸਹਾਇਕ, ਸੱਚਾ ਦੀਨਦਯਾਲੂ ਅਸਲ ਸ਼ੁਭ ਇੱਛਕ ਓੜਕ ਨੂੰ ਚਲਾ ਗਿਆ ਤੇ ਸਦਾ ਦੇ ਲਈ ਵਿਛੁੜ ਗਿਆ॥

ਗੁਰੂ ਗੋਬਿੰਦ ਸਿੰਘ ਜੀ ਆਪਣੀਆਂ ਹੱਡੀਆਂ ਦੀ ਰੂੜੀ ਤੇ ਲਹੂ ਦਾ ਪਾਣੀ ਦੇਕੇ ਧਰਮ ਅਤੇ ਕੌਮੀਯਤ ਦਾ ਬੂਟਾ ਲਾ ਗਏ ਜਿਸਨੂੰ ਓੜਕ ਨੂੰ ਫਲ ਲੱਗਾ ਓਹੁ ਆਪਣਾ ਕੰਮ ਕਰ ਗਏ ਜੇਕਰ ਉਨ੍ਹਾਂ ਦਾ ਉਦੇਸ਼ ਉਨ੍ਹਾਂ ਦੇ ਆਪਣੇ ਸਮੇ ਪਰ

ਫਲ ਨਾਂ ਲਿਆਯਾ ਜੇਹਾਕਿ ਓਹੁ ਚਾਹੁੰਦਾ ਸੀ ਪ੍ਰੰਤੂ ਉਸਦੇ ਲਾਏ ਹੋਏ ਬੂਟੇ ਨੂੰ ਫਲ ਲੱਗਾਹੀ ਲੱਗਾ ਉਸਦੀ ਖੇਚਲ ਐਂਵੇ ਬਿਅਰਥ ਨਾਂ ਗਈ ਜਿਸ ਪ੍ਰੇਮ ਭਰੇ ਦਿਲ ਨਾਲ ਉਸਨੇ ਕੰਮ ਕੀਤਾ ਸੀ ਜਿਸ ਸੱਚੇ ਦਿਲ ਨਾਲ ਉਸਨੇ ਕਾਰਜ ਅਰੰਭਿਆ ਸੀ ਜਿਸ ਪਵਿਤ੍ਰ ਉਦੇਸ਼ ਨੂੰ ਉਸਨੇ ਤੱਤਪਰ ਹੋ ਕਰਕੇ ਸ਼ੁਰੂ ਕੀਤਾ ਸੀ ਅਤੇ ਆਪਣੇ ਖ਼ਾਨਦਾਨ ਦੇ ਲਹੂ ਨਾਲ ਭੇਗ ਪਾਯਾ ਸੀ ਸੋ ਸਾਰੀਆਂ ਹੀ ਖੇਦਤਾਈਆਂ ਸੁਫਲੀਆਂ ਹੋ ਗਈਆਂ ਭਾਵੇਂ ਉਸਨੂੰ ਆਪਣੇ ਜੀਉਂਦੇ ਜੀ ਇਨ੍ਹਾਂ ਸੁਫਲ ਕਮਾਈ ਦੇ ਫਲਾਂ ਨੂੰ ਦੇਖਣਾਂ ਭਾਗਾਂ ਵਿਖੇ ਨਹੀਂ ਸੀ ਪ੍ਰੰਤੂ ਉਨ੍ਹਾਂਦੇ ਕੰਮਕਾਰ ਤੇ ਖ਼ਾਲਸਾ ਪੰਥ ਉਸਨੂੰ ਜੀਉਂਦਾ ਹੀ ਕਰ ਰਹੇ ਹਨ ਕਈ ਵਾਰੀ ਅਜੇਹਾ ਹੁੰਦਾ ਹੈ ਇਸ ਕਰਕੇ ਉਸਦੀ ਜ਼ਿੰਦਗੀ ਨਾਕਾਮਯਾਬ ਜ਼ਿੰਦਗੀ ਨਹੀਂ ਸੀ ਨਾਕਾਮੀ ਦਾ ਉਸ ਨਾਲ ਕੋਈ ਲਗਾਉ ਨਹੀਂ ਸੀ ਓਹੁ ਨਾਮੁਰਾਦ ਨਾ ਮੋਯਾ ਕਾਮ-ਯਾਬ ਹੋਕੇ ਮੋਯਾ ਸੋ ਕਰ ਚੁੱਕਾ ਜੇਹੜੀ ਗਲ ਦਾ ਬੀੜਾ ਉਠਾਯਾ ਸੀ ਹੇ ਖ਼ਾਲਸਾ ਜੀ ਕਿਉਂ ਤੁਸੀ ਉਸਦੀ ਜ਼ਿੰਦਗੀ ਦੀ ਜੀਉਂਦੀ ਸ਼ਹਾਦਤ ਦੇ ਫਲਦਾਇਕ ਹੋਣ ਦੀ ਨਿਸ਼ਾਨੀ ਪ੍ਰਤਖ ਨਹੀਂ ਹੋ ਨਿਰਸੰਦੇਹ ਹੋ ਗੁਰੂ ਗੋਬਿੰਦ ਸਿੰਘ ਜੀ ਨੂੰ ਮਰਣੋਂ ਪੈਹਲੇ ਪਕ ਵਿਸ਼ਵਾਸ ਸੀ ਕਿ ਓਹੁ ਆਪਣਾਂ ਕੰਮ ਕਰ ਚਲਿਆ ਹੈ ਤੇ ਆਪਣੇ ਫ਼ਰਜ਼ ਨੂੰ ਸੰਪੂਰਣ ਕਰ ਚੱਲਿਆ ਹੈ ਜਿਸ ਕੰਮ ਲਈ ਅਕਾਲ ਪੁਰਖ ਦੀ ਆਗਯਾ ਪਾਕੇ ਓਹੁ ਆਯਾ ਸੀ ਸੋ

ਉਸਨੇ ਪੂਰਣ ਕਰ ਦਿੱਤਾ ਹੈ ਅਧੂਰਾ ਨਹੀਂ ਛੱਡਿਆ ਏਸੇ ਕਰਕੇ ਓਹ ਅੰਤ ਸਮੇ ਵਿਖੇ ਭੀ ਪ੍ਰਸੰਨ ਮੁਖਸੀ ਕਿਸੇ ਪ੍ਰਕਾਰ ਦੀ ਉਦਾਸੀ ਤਿਸਦੇ ਚੇਹਰੇ ਪਰਨਹੀਂ ਸੀ ਸੇਵਾ ਜੀ ਮਰਹੱਟਾ ਨੇੜੇ ਤੇੜੇ ਹੀ ਉਨੀ ਦਿਨੀਂ ਜੁੱਧ ਜੰਗ ਕਰਦਾ ਸੀ ਉਸਨੂੰ ਜੋ ਕਾਮਯਾਬੀ ਹੋਈ ਉਸਦੇ ਕੰਮਾਂ ਨਾਲ ਗੁਰੂ ਜੀ ਦੇ ਕੰਮਾਂ ਦਾ ਮੁਕਾਬਲਾ ਕਰਕੇ ਇਹ ਆਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਕਾਮਯਾਬੀ ਨਹੀਂ ਹੋਈ ਪਰ ਇਹੁ ਨਤੀਜਾ ਝੂਠਾ ਹੈ ਅਜੇਹਾ ਨਤੀਜਾ ਕਢਨ ਸਮੇ ਸਭ ਸਮਾਚਾਰਾਂ ਨੂੰ ਵਿਚਾਰਨਾਂ ਯੋਗ ਹੈ ਸੇਵਾ ਜੀ ਜੇਹੜਾ ਕੰਮ ਕਰਦਾ ਸੀ ਉਸ ਵਿਖੇ ਧਾਰਮਕ ਭਲਿਆਈ ਭੀ ਕੁਛ ਸੀ ਪ੍ਰੰਤੂ ਉਸਦਾ ਪ੍ਰਯੋਜਨ ਸੈਬਲ ਨੂੰ ਵਧਾਉਨਦਾ ਸੀ ਪਰ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਨਿਸ਼-ਕਾਮ ਸੀ ਆਪਣੇ ਵਾਸਤੇ ਸ਼ਕਤੀ ਪ੍ਰਾਪਤ ਕਰਨੀ ਹੋਰ ਬਾਤ ਹੈ ਤੇ ਇਸ ਨੀਅਤ ਨਾਲ ਜੰਗ ਜੁੱਧ ਕਰਨਾਂ ਕਿ ਹਿੰਦੁਸਤਾਨ ਥੀਂ ਹਿੰਦੂ ਦੇਸ਼ ਤੇ ਮੁਲਕ ਥੀਂ ਗ਼ਾਜ਼ੀਆਂ ਨੂੰ ਬਾਹਰ ਕਢ ਦੇਣ ਹੋਰ ਬਾਤ ਸੀ ਸੇਵਾ ਜੀ ਆਪਣੇ ਲਈ ਕੰਮ ਕਰਦਾ ਸੀ ਗੁਰੂ ਗੋਬਿੰਦ ਸਿੰਘ ਜੀ ਦੂਸਰਿਆਂ ਵਾਸਤੇ ਕਰਦਾ ਸੀ ਸੇਵਾ ਜੀਦਾ ਪ੍ਰਯੋਜਨ ਆਪਣੀ ਰਾਜਬਲ ਦੀ ਤਾਕਤ ਵਧਾਉਣ ਦਾ ਸੀ ਭਾਵੇਂ ਤਿਸ ਵਿਖੇ ਕੌਮੀ ਭਲਿਆਈ ਭੀ ਚਮਕਦੀ ਸੀ ਪਰੰਤੂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਯੋਜਨ ਧਾਰਮਿਕ ਤੇ ਰਾਜਬਲ ਦੋਵੇਂ ਬਲ ਉਤਪਤ ਕਰਨੇ ਕਰਨੇ ਨਾਲਹੀ ਕੌਮੀਅਤ

ਲੱਗੇ ਤੇ ਓਹੁ ਖੇਤ ਹੁਣਦੀ ਘੜੀ ਤੀਕ ਹਰਾ ਭਰਾ ਦਿਖਾਈ ਦੇ ਰਿਹਾ ਹੈ ਤੇ ਇਸ ਉਪਕਾਰ ਦੇ ਬਦਲੇ ਹਿੰਦੂਆਂ ਦੀਆਂ ਗਰਦਨਾਂ ਉਸਦੇ ਸਾਹਮਣੇ ਨੀਵੀਆਂ ਹੁੰਦੀਆਂ ਜਾ ਰਹੀਆਂ ਹਨ

ਗੁਰੂ ਦਾ ਸੁਭਾਵ

ਜੇਕਰ ਅਸੀਂ ਗੁਰੂ ਜੀ ਦੇ ਸੁਭਾਵ ਪਰ ਕੁਛ ਵਿਚਾਰ ਕੇ ਨਾਂ ਲਿਖੀਏ ਤਾਂ ਭਾਵੇਂ ਅਸੀਂ ਐਨਾਂ ਕੁਛ ਲਿਖ ਭੀ ਚੁੱਕੇ ਹਾਂ ਪਰ ਫੇਰ ਅਧੂਰਾ ਹੀ ਰੈਂਹਦਾ ਸੀ ਪਿਛਲਿਆਂ ਪੰਨਿਆਂ ਪਰ ਜੇਹੜੇ ਸਮਾਚਾਰ ਵਰਣਨ ਹੋ ਚੁਕੇ ਹਨ ਤਿਨਾਂ ਦ੍ਵਾਰਾਂ ਜੇਹੜਾ ਸੁਭਾਵ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਤੀਤ ਹੋਸੱਕਿਆ ਹੈ ਕੇਵਲ ਓਹੀ ਲਿਖਣ ਲਈ ਉੱਦਮ ਕਰਾਂਗੇ ਭਾਵੇਂ ਪੈਹਲੇ ਇਸ ਕੰਮਦਾ ਉੱਦਮ ਨਹੀਂ ਭੀ ਕੀਤਾ ਪਰ ਪੰਜਾਬ ਦੇ ਸਾਰੇ ਹੀ ਲੋਕ ਗੁਰੂਜੀ ਦੇ ਸੁਭਾਵ ਥੀਂ ਅਨ ਜਾਨ ਨਹੀਂ ਮੇਰੀ ਪੈਹਲੀ ਕੋਸ਼ਸ਼ ਇਹੀ ਹੋਵੇਗੀ ਕਿ ਉਸਦੇ ਸੁਭਾਵ ਪਰ ਕੁਛ ਵਿਸਤਾਰ ਪੂਰਬਕ ਲਿਖਾਂ ਸੋ ਹੇ ਪਾਠਕ ਗਣੋਂ ਜੇਕਰ ਮੈਂ ਕਿਧਰੇ ਭੁਲ ਜਾਵਾਂ ਤਾਂ ਆਸ਼ਾ ਕਰਦਾ ਹਾਂ ਕਿ ਆਪ ਮੈਨੂੰ ਖਿਮਾ ਕਰੋਗੇ ਭਾਵੇਂ ਕਿਸੇ ਕਿਸੇ ਥਾਂ ਪਰ ਇਕ ਇਕ ਗਲ ਦਾ ਦੁਬਾਰਾ ਜ਼ਿਕਰ ਆਯਾ ਹੈ ਪ੍ਰੰਤੂ ਮੇਰੇ ਵੱਸਦੀ ਗਲ ਨਹੀਂ ਕਿਉਂ ਜੋ ਪਹਿਲੇ ਕਿਸੇ ਨੇ ਐਸਾ ਨਹੀਂ ਕੀਤਾ ਪਹਿਲਾ ਮੌਕਾ ਹੈ ਕਿ ਮੈਂ ਇਹ ਕਰਨ ਲੱਗਾ ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੱਚੇ ਤਿਆਗੀ

ਸਨਤੇਨਿਸ਼ਕਾਮਦੇਸ਼ਭਗਤਸੀਕ੍ਰਿਸ਼ਨਜੀਨੇਤੇਭੀਖ਼ਮਨੇਮਹਾਂ ਭਾਰਤ ਵਿਖੇ ਉਪਦੇਸ਼ ਕੀਤਾ ਹੈ ਕਿ ਸਭਨਾਂ ਨਾਲੋਂ ਵਿਸ਼ੇਸ਼ ਤਿਆਗੀ ਓਹੁ ਹੁੰਦਾ ਹੈ ਜੇਹੜਾ ਦੂਸਰਿਆਂ ਦੀ ਭਲਿਆਈ ਵਾਸਤੇ ਜੁੱਧ ਵਿਖੇ ਪ੍ਰਾਂਨ ਤਿਆਗੇ ਸੋ ਗੁਰੂ ਗੋਬਿੰਦ ਸਿੰਘ ਜੀ ਨੇ ਕੇਵਲ ਦੂਸਰਿਆਂ ਵਾਸਤੇ ਹੀ ਨਾਂ ਕੇਵਲ ਆਪਣੇ ਹੀ ਪ੍ਰਾਣ ਤਿਆਗੇ ਸਗੋਂ ਜੋ ਕੁਛ ਉਸ ਪਾਸ ਆਪਣਾ ਸੀ ਓਹੁ ਸਾਰਾ ਹੀ ਦੇਸ਼ ਭਗਤੀ ਵਿਖੇ ਲਾਯਾ ਜੋ ਰੁਪੱਯਾ ਪੈਸਾ ਸਿੱਖਾਂ ਪਾਸੋਂ ਆਯਾ ਸੋ ਸਭ ਕੌਮ ਦੇ ਅਰਪਣ ਕੀਤਾ ਆਪਣੀ ਪਿਆਰੀ ਸੰਤਾਨ ਸਾਰੀ ਹੀ ਧਰਮ ਪਰ ਬਲਿਹਾਰ ਕੀਤੀ ਆਪਣੇ ਪੰਜ ਪਿਆਰੇ ਮੁਕਤੇ ਧਰਮ ਪਰ ਕੁਰਬਾਂਨ ਕੀਤ ਆਪਣੇ ਮਿਤ੍ਰ ਪਿਆਰੇ ਕੌਮ ਲਈ ਅਰਪਨ ਕੀਤ ਅਪਨੀ ਭੁਜਾਂ ਦੇ ਬਲ ਨੂੰ ਤੇ ਤਾਕਤ ਨੂੰ ਇਸੇ ਕੰਮ ਵਿਖੇ ਖ਼ਰਚ ਕੀਤਾ ਆਪਣੀ ਦਿਮਾਗੀ ਤਾਕਤ ਨੂੰ ਕੌਮਦੇ ਕੰਮ ਵਿਖ ਲਾਯਾ ਆਪਣੇ ਸੁਖ ਨੂੰ ਕੌਮ ਦੇ ਸਿਰ ਥੀਂ ਵਾਰਿਆ ਆਪਣੇ ਸ਼ਰੀਰ ਤੇ ਲਹੂ ਨੂੰ ਕੌਮ ਦੀ ਖ਼ਾਤਰ ਨਿਛਾਵਰ ਕੀਤਾ ਕੇਹੜੀ ਚੀਜ਼ ਸੀ ਜੋ ਉਨ੍ਹਾਂਨੇ ਕੌਮ ਦੀ ਖ਼ਾਤਰ ਭੇਟਾ ਨਹੀਂ ਸੀ ਕੀਤੀ ਕੇਹੜੀ ਚੀਜ਼ ਸੀ ਜੇਹੜੀ ਉਨ੍ਹਾਂਨੇ ਕੌਮ ਪਾਸੋਂ ਲੁਕਾ ਰਖੀ ਸੀ ਇਸੇ ਲਈ ਗੁਰੂ ਗੋਬਿੰਦ ਸਿੰਘ ਜੀ ਨਾਲੋਂ ਹੋਰ ਕੇਹੜਾ ਵਡਾ ਤਿਆਗੀ ਭਾਰਤ ਵਰਸ਼ ਵਿਖੇ ਸੀ ਤਿਆਗੀ ਉਸਨੂੰ ਆਖਦੇ ਹਨ ਜੇਹੜਾ ਜੋ ਕੁਛ ਪਾਸ ਹੋਵੇ ਸੋ ਤਿਆਗ ਦੇਵੇ ਪਾਸ ਕੁਛ

ਨਾਂ ਰਖੇ ਬੁਧਦਾ ਤਿ ਆਗਸੀ ਭੀਖ਼ਮ ਦਾ ਤਿਆਗ ਸੀ ਬੁਧਦਾ ਤਿਆਗ ਤਾਂ ਸੰ[illegible] ਦੁਖਾਂ ਦੇ ਡਰ ਕਰਕੇ ਸੀ ਭੀਖ਼ਮ ਦਾ ਤਿਆਗ ਪਰ ਸ੍ਵਾਰਥ ਹਿਤ ਸੀ ਪਰ ਆਪਣੇ ਪਿਤਾ ਨੂੰ ਆਨੰਦ ਕਰਨ ਵਾਸਤੇ ਸੀ ਪਰ ਇਨ੍ਹਾਂ ਸਭਨਾਂ ਨਾਲੋਂ ਗੁਰੂ ਗੋਬਿੰਦ ਸਿੰਘ ਜੀ ਦਾ ਤਿਆਗ ਮਹਾਂ ਤਿਆਗ ਧਰਮ ਦੀ ਖ਼ਾਤਰ ਸੀ ਤੇ ਇਹੁ ਪੈਹਲਾ ਤਿਆਗ ਸੀ ਜਿਸਨੂੰ ਤਿਆਗ ਆਖ ਸਕਦੇ ਹਾਂ ਉਸਨੂੰ ਤਾਂ ਤਿਆਗ ਨਹੀਂ ਆਖਦੇ ਕਿ ਜਦ ਪਾਸ ਹੋਵੇ ਨਾਂ ਸੁਸਤੀ ਕਰਕੇ ਕੁਛ ਕੰਮ ਨਾਂ ਕਰ ਸਕਨ ਤੇ ਤਿਆਗੀ ਬਣ ਬੈਠਣ ਤਿਆਗੀ ਅਸਲ ਵਿਖੇ ਓਹੀ ਹੈ ਜਿਸਦੇ ਪਾਸ ਕੁਛ ਹੋਵੇ ਤੇ ਓਹੁ ਸਭ ਕੁਛ ਤਿਆਗ ਦੇਵੇ ਲੰਗੋਟੇ ਵਿਖੇ ਹੋਲੀ ਖਲਨ ਵਾਲੇ ਦਾ ਤਿਆਗ ਤਿਆਗ ਨਹੀਂ ਸਦਾਉਂਦਾ ਗੁਰੂ ਗੋਬਿੰਦ ਸਿੰਘ ਜੀ ਨੇ ਐਡਾ ਵਡਾ ਤਿਆਗ ਨਹੀਂ ਮਹਾਂ ਤਿਆਗ ਸੀ ਜੋ ਬਿਨਾਂ ਕਿਸੇ ਲੋਭ ਤੇ ਲਾਲਚ ਦੇ ਤੇ ਕਿਸੇ ਨਿਜ ਪ੍ਰਯੋਜਨ ਅਰਥ ਨਹੀਂ ਨਿਸ਼ਕਾਮ ਤਿਆਗ ਕੀਤਾ ਕੋਈ ਭੀ ਕੰਮ ਉਨ੍ਹਾਂ ਦਾ ਇਸ ਤਿਆਗ ਕਰਕੇ ਨਹੀਂ ਸੀ ਸੌਰਦਾ ਪਰ ਕੌਮ ਦੀ ਭਲਿਆਈ ਵਾਸਤੇ ਉਨ੍ਹਾਂ ਨੇ ਤਿਆਗ ਕੀਤਾ ਸਭ ਕੁਰਬਾਨੀ-ਆਂ ਹਿੰਦੂ ਜ਼ਾਤ ਦੀ ਭਲਿਆਈ ਵਾਸਤੇ ਕੀਤੀਆਂ ਤੇ ਉਧਾਰ ਕੀਤਾ ਜੇ ਗੁਰੂ ਗੋਬਿੰਦ ਸਿੰਘ ਜੀ ਚਾਹੁੰਦੇ ਤਾਂ ਗੁਰਤਾ ਦੀ ਗੱਦੀ ਵਿਖੇ ਹੀ ਸਭ ਪ੍ਰਕਾਰ ਦੇ ਸੁਖ ਭੋਗਦੇ ਅਤੇ ਮਾਯਾ ਦੌਲਤ ਕਰਕੇ ਮਾਲਾਮਾਲ ਅਤੇ ਖ਼ੁਸ਼ਹਾਲ ਹੋ ਹੁੰਦੇ ਪ੍ਰੰਤੂ ਉਨ੍ਹਾਂ ਨੇ ਕਿਸੇ

ਭੀ ਚੀਜ਼ ਦੀ ਪਰਵਾਹੁ ਨਾਂ ਕੀਤੀ ਨਾਂ ਧਨ ਨਾਂ ਦੌਲਤ ਨਾਂ ਸੁਖ ਨਾਂ ਵਡਿਆਈ ਦੀ ਹੀ ਪ੍ਰਵਾਹੁ ਰੱਖੀ ਗਲ ਕਾਹਦੀ ਕਿ ਜੇਹੜੀ ਵਿਚਾਰ ਉਨ੍ਹਾਂ ਦੇ ਹਿਰਦੇ ਵਿਖੇ ਹਿੰਦੂ ਧਰਮ ਦੀ ਰਖਜ਼ਾਦੀ ਫੁਰੀ ਸੀ ਉਸ ਜਗਾ ਵਿਖੇ ਹੋਰ ਕੋਈ ਭੀ ਚੀਜ਼ ਨਹੀਂ ਸੀ ਠਹਰ ਸਕਦੀ ਨਾਹੀਂ ਕਦੇ ਉਪਮਾਂ ਵਡਿਆਈ ਦੀ ਇੱਛਾ ਕੀਤੀ ਨਾਹੀਂ ਕਿਸੇ ਪਾਸੋਂ ਉਪਕਾਰਾਂ ਦਾ ਵੱਟਾ ਮੰਗਿਆ ਉਹ ਨਿਸ਼ਕਾਮੀ ਦੇਸ਼ ਭਗਤ ਸੀ ਨਾਂਹੀਂ ਕਿਸੇ ਪਾਸੋਂ ਸ਼ਾਬਾਸ਼ ਦੀ ਇਛਾ ਸੀ ਤੇ ਨਾਂਹੀਂ ਕਿਸ ਪਾਸੋਂ ਕਦਰਦਾਨੀ ਦਾ ਨੋਟਸ ਲੈਣਾ ਚਾਹੁੰਦੇ ਸੀ ਉਨ੍ਹਾਂ ਦਾ ਤਿਆਗ ਸੱਚ ਦਿਮਾਗ਼ ਦੀ ਉਪਮਾ ਵਿਖੇ ਮਿਲਦਾ ਹੈ। ਇੱਕ ਹੀ ਪੁਰਖ ਵਿਖੇ ਸਭ ਸਿਫ਼ਤਾਂ ਹੋਣੀਆਂ ਕਠਿਨ ਹੈਨ। ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਸਭਨੀਂ ਪਾਸੀਂ ਭਰਪੂਰ ਸੀ ਕਵੀ ਓਹ ਸੀ ਪੰਥ ਦਾ ਆਗੂ ਉਹ ਸੀ, ਸੈਨਾ ਦਾਂ ਪਤੀ ਓਹ ਸੀ ਧਰਮ ਸੁਧਾਰਕ ਓਹੁ ਸੀ ਵਿਚਾਰਵਾਨ ਓਹੁ ਸੀ ਕਵੀ ਤਾਂ ਅਜੇਹੇ ਜ਼ੋਰ ਦਾ ਸੀ ਕਿ ਉਸ ਦੀ ਕਵਿਤਾ ਵਿਖੇ ਬੜੇ ਜ਼ੋਰ ਵਾਲੀ ਬਾਣੀ ਤੇ ਅਤਿਯੰਤ ਕਰਕੇ ਬੜੀ ਉੱਤਮ ਹੁੰਦੀ ਸੀ। ਅਵਲ ਦਰਜ਼ੇ ਦਾ ਧਰਮ ਸੁਧਾਰਕ ਤੇ ਪੰਥ ਦਾ ਕਰਤਾ ਸੀ ਰਣਭੂਮ ਵਿਖੇ ਨਿਡਰ ਫ਼ੌਜੀ ਸਰਦਾਰ ਲੰਮੀ ਦ੍ਰਿਸ਼ਟੀ ਵਾਲਾ ਸੱਚਾ ਵਿਚਾਰਵਾਂਨ ਧਰਮ ਦਾ ਸੱਚਾ ਪਿਆਰਾ ਸੱਚਾ ਦੇਸ਼ ਦਾ ਪਿਆਰਾ ਤੇ ਅਨਥੱਕ ਅਦੱਤੀ ਦੇਸ਼ ਪਰ ਕੁਰਬਾਨ ਹੋਣ ਵਾਲਾ ਕ੍ਰਿਸ਼ਨ, ਰਾਮਚੰਦ੍ਰ, ਅਤੇ ਸ਼ੰਕਰ ਭਾਵੇਂ ਸਭ ਆਪੋ

ਆਪਣੀ ਜਗਾਂ ਪਰ ਵਡੇ ਪੁਰਖ ਮਹਾਤਮਾ ਹੋਏ ਹਨ ਤੇ ਉਨ੍ਹਾਂ ਨੇ ਵਡੇ ਵਡੇ ਕੰਮ ਭੀ ਬੜੇ ਭਲੇ ਕੀਤੇ ਹਨ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਦਾ ਪੈਰ ਉਨ੍ਹਾਂ ਨਾਲੋਂ ਭੀ ਕੁਛ ਅੱਗੇ ਹੈ

ਕ੍ਰਿਸ਼ਨ ਜਾਦਵਾਂ ਰਾਜਿਆਂ ਦੀ ਕਾਇਰਤਾ ਨੂੰ ਰਣਭੂਮੀ ਵਿੱਚੋਂ ਕੱਢਦਾ ਹੈ ਪਰ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਪੁਰਖਾਂ ਨੂੰ ਉਠਾਉਂਦਾ ਹੈ ਜੇਹੜੇ ਮਿੱਟੀ ਵਿਖੇ ਮਿਲ ਗਏ ਹੋਏ ਸੇ ਜਿਨ੍ਹਾਂ ਦੇ ਸੁਪਨੇ ਵਿਖੇ ਭੀ ਇਹੁ ਬਾਤ ਨਹੀਂ ਸੀ ਆਈ ਕਿ ਜੰਗ ਵਿਖੇ ਚੱਲਕੇ ਬਹਾਦੁਰੀ ਦੇ ਜੌਹਰ ਦਿਖਾਵੀਏ ਜੋ ਅਰਜਨ ਦੇ ਸਭ ਕੰਮ ਭੁਲ ਜਾਂਣ ਰਾਮਚੰਦ੍ਰ ਰਾਜਾ ਸੀ ਰਾਜਾ ਰਾਜੇ ਨਾਲ ਲੜਿਆ ਪਰ ਗੁਰੂ ਗੋਬਿੰਦ ਸਿੰਘ ਜੀ ਬਿਨਾਂ ਸਰੋਸਮਾਨ ਦੇ ਰਾਜਧਾਨੀ ਹਿੰਦੁਸਤਾਨ ਦੇ ਵਿਰੁਧ ਤਿਆਰੀਆਂ ਕਰਦੇ ਸੀ

ਓਹੁ ਬੜੇ ਦ੍ਰਿੜ ਸੁਭਾਵ ਵਾਲੇ ਸੀ ਅਪਣੇ ਪਿਤਾ ਦੇ ਮਰਨ ਪਰ ਜੇਹੜਾ ਉਦੇਸ਼ ਪੱਕਾ ਠੈਹਰਾਯਾ ਸੀ ਉਸਨੂੰ ਮਰਣ ਪ੍ਰਯੰਤ ਨਾਂ ਛੱਡਿਆ ਕੋਈ ਸਮਾਂ ਭੀ ਉਸਦੀ ਜ਼ਿੰਦਗੀ ਦਾ ਅਜੇਹਾ ਨਹੀਂ ਪ੍ਰਤੀਤ ਹੋਯਾ ਤੇ ਨਾਹੀਂ ਕੋਈ ਦਿਨ ਮਹੀਨਾ, ਸਾਤਾ ਭੀ ਅਜੇਹਾ ਉਸਦੀ ਉਮਰ ਦਾ ਲੱਭਦਾ ਹੀ ਹੈ ਕਿ ਜਿਸ ਵਿਖੇ ਉਨ੍ਹਾਂ ਨੇ ਆਪਣੇ ਉਦੇਸ਼ ਨੂੰ ਵਿਸਾਰਿਆ ਹੋਵੇ ਬਰਾਬਰ ਆਪਣੇ ਕੰਮ ਵਿੱਚ ਲੱਗਾ ਹੀ ਰਿਹਾ ਜੇਹੜੀ ਧੁਨ ਬਨਾਈ ਤਿਸ ਵਿਖੇ ਸਦੀਵ ਤੇ ਅੱਥਕ ਤਰਾਂ ਨਾਲ ਲਗਾ

ਿਹਾ ਕਦੇ ਭੀ ਕਿਸੇ ਹੋਰਸ ਹਾਲਤ ਵਿਖੇ ਭੀ ਉਸ ਧੁਨ ਨੂੰ ਆਪਣੀਆਂ ਅੱਖਾਂ ਥੀਂ ਲਾਂਭੇ ਨਹੀਂ ਸੀ ਕੀਤਾ ਕੋਈ ਖੇਦ ਕੋਈ ਕਠਿਨਤਾਈ ਉਸਦੀ ਬੁੱਧੀ ਨੂੰ ਵਿਚਲਾਉਣ ਵਾਲੀ ਨਹੀਂ ਹੋਈ ਇਸ ਥੀਂ ਪ੍ਰਤੀਤ ਹੋਸਕਦਾ ਹੈ ਕਿ ਇਕ ਫ਼ਕੀਰ ਗੋਸ਼ਾਨਸ਼ੀਨ ਵੇਰ ਉਸ ਪਾਸ ਕਿਸੇ ਭਾਂਤ ਦਾ ਸ਼ਸਤ੍ਰ ਬਸਤ੍ਰ ਜੰਗ ਜੁੱਧ ਦੇ ਵਾਸਤੇ ਤਿਆਰ ਨਹੀਂ ਸੀ ਆਮਦਨੀ ਦਾ ਕੋਈ ਵਸੀਲਾ ਨਹੀਂ ਸੀ ਪ੍ਰੰਤੂ ਕਿਸੇ ਕਮੀਨੀ ਵਿਚਾਰ ਨੇ ਉਸ ਪਰ ਕਦੇ ਭੀ ਆਪਣਾਂ ਬਲ ਨਹੀਂ ਪਾਯਾ ਪੁਤ੍ਰਾਂ ਦੇ ਕਤਲ ਹੋਣ ਵਰਗੀ ਕਠੋਰਤਾਈ ਬਿਪਤਾ ਨੇ ਭੀ ਉਸਦੇ ਉਦੇਸ਼ ਨੂੰ ਕੁਛ ਘਾਟਾ ਨਾਂ ਪਹੁੰਚਾਯਾ ਦੇਸ਼ ਤੇ ਪਿਆਰਿਆਂ ਪਾਸੋਂ ਵਿਛੜਨੇ ਦੇ ਦੁਖ ਨੇ ਭੀ ਉਸਦੀ ਹਿੰਮਤ ਨੂੰ ਘਾਟਾ ਨਹੀਂ ਪੈਣ ਦਿੱਤਾ ਗਲ ਕੀਹ ਸੀ ਕਿ ਸਾਰੀ ਉਮਰ ਅੰਤ ਸਮੇ ਤੀਕ ਓਸੇ ਧੁਨ ਵਿਖੇ ਹੀ ਲਗੀ ਰਹੀ ॥

ਅਤਜੰਤ ਪਦ ਦਾ ਓਹੁ ਸਾਬਤ ਕਦਮੀ ਸੀ ਭਾਵੇਂ ਓਹੁ ਸਭ ਕੁਛ ਗਵਾ ਬੈਠਾਸੀ ਦੇਸੋਂ ਬਿਦੇਸ ਹੋਗਿਆ ਪਾਸ ਕੋਈ ਸਾਮਾਨ ਨਾਂ ਰਿਹਾ ਪ੍ਰੰਤੂ ਜਦੋਂ ਰੰਚਕ ਮਾਤ੍ਰ ਸੁਖ ਲੈਣ ਦਾ ਸਮਾਂ ਮਿਲਿਆ ਫੇਰ ਉਸਨੇ ਆਪਣੇ ਕੰਮ ਨੂੰ ਆਰੰਭ ਕਰ ਦਿੱਤਾ ਨਿਰਾਸਤਾ ਦੇ ਹੋਣ ਵੇਲੇ ਸਗੋਂ ਉਸਦੇ ਚਿਹਰੇ ਪਰ ਰੰਗ ਚੜ੍ਹਜਾਂਦਾ ਸੀ ਚਮ ਕੌਰ ਦੇ ਜੁੱਧ ਥੀਂ ਰਾਜਪੂਤਾਨੇ ਵਲ ਇਸ ਵਾਸਤੇ ਗਿਆ ਸੀ ਕਿ ਓਥੋਂ ਦੇ ਰਾਜਪੂਤਾਂ ਨੂੰ ਆਪਣੇ ਨਾਲ ਮਿਲਾਵੇ ਪ੍ਰੰਤੂ

ਰਾਜਪੂਤ ਉਸਦੇ ਸਾਥੀ ਨਾਂ ਬਣੇ ਫੇਰ ਉਨ੍ਹਾਂਨੇ ਮਰਹੱਟਿਆਂ ਦੀ ਪ੍ਰੀਖਿਆ ਲੈਣ ਵਾਸਤੇ ਦਖਣ ਵਲ ਮੁਖੜਾ ਮੋੜਿਆ ਪ੍ਰੰਤੂ ਓਥੋਂ ਮੌਤਨੇ ਸਾਮਨਾਂ ਕੀਤਾ ਗੁਰੂ ਗੋਬਿੰਦ ਸਿੰਘ ਜੀ ਨੇ ਅੰਤ ਦੇ ਸ੍ਵਾਸਾਂ ਤਕ ਆਪਣੇ ਉਦੇਸ਼ ਨੂੰ ਸਨਮੁਖ ਰਖਿਆ ਤੇ ਰੰਚਕ ਮਾਤ੍ਰ ਭੀ ਓਸ ਪਾਸੋਂ ਇਧਰ ਓਧਰ ਨਾ ਹੋਏ ਜੇਕਰ ਆਦਮੀ ਕੋਈ ਕੰਮ ਕਰੇ ਤਾਂ ਓਹੁ ਪੂਰਣ ਹੋ ਜਾਵੇ ਫੇਰ ਉਸ ਪਰ ਤਿਆਰ ਬਰ ਤਿਆਰ ਹੋਣਾ ਕੁਛ ਹੋਰ ਬਾਤ ਹੈ ਪ੍ਰੰਤੂ ਨਿਰਾਸ ਤਾ ਪਰ ਭੀ ਨਿਰਾਸ ਨਾਂ ਹੋਣਾ ਸਗੋਂ ਆਪਣਾਂ ਕੰਮ ਕਰੀ ਜਾਣਾਂ ਇਹੁ ਬੜੀ ਕਠਿਨ ਬਾਤ ਹੈ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਮਹਾਂ ਬਲੀ ਸੀ ਇਸਵਾਸਤੇ ਉਨ੍ਹਾਂਨੇ ਨਿਸਚਲਤਾ ਥੀਂ ਕਦੇ ਇਕ ਪੈਰ ਭੀ ਪਿੱਛੇ ਨਹੀਂ ਸੀ ਹਟਾਯਾ ਬੜਾ ਦਲੇਰ ਸੂਰਮਾਂ ਬੀਰ ਸੀ ਬੇਕਾਇਦਾ ਫ਼ੌਜ ਨਾਲ ਜਿਸ ਪਾਸ ਨਾਂ ਸਰੋ ਸਾਮਾਂਨ ਹੀ ਸੀ ਤੇ ਨਾਂਹੀ ਖਾਂਣ ਪੀਣ ਵਾਸਤੇ ਚੰਗਾ ਨਿਰਬਾਹੁਸੀ ਲਸ਼ਕਰ ਦਾ ਉਸੇ ਨਾਲ ਹੀ ਮੁਕਾਬਲਾ ਕਰਦਾ ਰਿਹਾ ਫੇਰ ਵਧੀ ਕੀ ਇਹੁਸੀ ਕਿ ਹਰ ਸਮੇ ਫ਼ੌਜ ਦਾ ਮੋਹਰੀ ਹੁੰਦੇ ਸੀ ਸੰਸਾਰ ਵਿਖੇ ਇਕ ਹੀ ਦ੍ਰਿਸ਼ਟਾਂਤ ਦ੍ਵਾਰਾ ਉਨ੍ਹਾਂਨੇ ਪ੍ਰਤੀਤ ਕਰਵਾ ਦਿੱਤਾ ਕਿ ਓਹੁ ਹਨੇਰਦਾ ਦਲੇਰ ਤੇ ਸੂਰਮਾ ਸੀ ਓਹੁ ਦ੍ਰਿਸ਼ਟਾਂਤ ਇਹੁ ਸੀ ਕਿ ਚਾਲੀ ਆਦਮੀਆਂ ਨੂੰ ਨਾਲ ਲੈਕੇ ਬਾਦਸ਼ਾਹੀ ਲਸ਼ਕਰ ਦਾ ਮੁਕਾਬਲਾ ਚਮਕੌਰ ਦੇ ਜੁਧ ਵਿਖੇ ਕੀਤਾ ਓਹੁ ਰਣਦਾ ਬੀਰ ਭੱਦ੍ਰ ਸੀ ਤੇ ਜੰਗ ਵਿਖੇ ਜਿਵੇਂ ਇਕ

ਬੜਾ ਭਾਰਾ ਬੁਧਵਾਨ ਤੇ ਪੁਰਾਣਾਂ ਜਰਨੈਲ ਹੁੰਦਾ ਹੈ ਕੰਮ ਲੈ ਰਿਹਾ ਸੀ ਤੇ ਬੰਦੋਬਸਤ ਕਰਦਾ ਸੀ ਤੇ ਇਹੀ ਕਾਰਣ ਸੀ ਕਿ ਓਹੁ ਥੋੜੀ ਜੇਹੀ ਫੌਜ ਨਾਲ ਹੀ ਕਈ ਵੇਰੀ ਫੌਜਾਂ ਸ਼ਾਹੀਨੂੰ ਹਾਰ ਦੇ ਚੁਕਾ ਸੀ ਓਹੁ ਅਨਡਰ ਕਿਸੇ ਭੈ ਕਰਕੇ ਡਰਾਇਮਾਨ ਨਹੀਂ ਹੁੰਦਾ ਸੀ ਆਪ ਤਲਵਾਰ ਲਈ ਹੋਈ ਸਭਨੀ ਪਾਸੀਂ ਬਿਜਲੀ ਦੀ ਵਾਂਗੂ ਜਾ ਪੈਂਦਾ ਸੀ ਬੜਾ ਚੁਸਤ ਤੇ ਚਾਲਾਕ ਸੀ ਜਿੱਥੇ ਕਿਧਰੇ ਓਸਦੀ ਲੋੜ ਪੈਂਦੀ ਓਥੇ ਹੀ ਚੱਟ ਹਾਜ਼ਰ ਹੁੰਦਾ ਬੜਾ ਖੇਦ ਸਹਾਰਨ ਵਾਲਾ, ਦੁਖ ਕਸ਼ਟਾਂ ਦੀ ਪਰਵਾਹੁ ਨਹੀਂ ਸੀ ਕਰਦਾ ਆਪਣੀ ਆਣ ਦਾ ਪੱਕਾ ਅਰ ਆਪਣੇ ਆਪਨੂੰ ਕਾਇਮ ਰਖਣ ਵਾਲਾ ਸੀ ਭਾਵੇਂ ਕਈ ਵੇਰੀ ਦਿਲ ਟੁੱਟ ਗਿਆ ਆਪਣੀਆਂ ਅੱਖਾਂ ਦੇ ਸਾਹਮਣੇ ਚਾਰੇ ਪੁਤ੍ਰ ਦੇਸ ਅਗਨ ਕੁੰਡ ਵਿਖੇ ਆਹੂਤੀ ਪਾਚੁਕਾ ਸੀ ਘਰ ਬਾਰੋਂ ਦੂਰ ਦੇਸ਼ ਤੇ ਪਿਆਰਿਆਂ ਪਾਸੋਂ ਵਖਰਾ ਪ੍ਰੰਤੂ ਉਸਨੇ ਕਦੇ ਭੀ ਆਪਣੇ ਕਿਸੇ ਕੰਮ ਪਤ ਕੌਮ ਨੂੰ ਨਿਰਾਸ ਤੇ ਭਰੋਸਾ ਹੀਨ ਨਹੀਂ ਕ੍ਰੀਤਾ ਆਪਣੇ ਪ੍ਰਣ ਨੂੰ ਚੰਗੀ ਤਰਾਂ ਨਿਭਾਹਿਆ ਔਰੰਗਜ਼ੇਬਨੇ ਦੋ ਵਾਰੀ ਸਦ ਭੇਜਿਆ ਪਰ ਓਹੁ ਨਹੀਂ ਗਿਆ ਦੇਖੋ ਭਾਵੇਂ ਓਹੁ ਬਾਜ਼ ਬਿਨਾਂ ਪਰਾਂ ਥੋਂ ਭੀ ਸੀ ਪੁਰ ਨਹੀਂ ਗਿਆ ਭਾਵੇਂ ਸ਼ੇਰ ਥੱਕਾ ਟੁਟਾ ਹੋਯਾ ਸੀ ਪਰ ਸਮੇਂ ਦੇ ਬਾਦਸ਼ਾਹੁ ਦੀ ਪਰ ਵਾਹੁ ਨਹੀਂ ਕੀਤੀ ਆਪਣੀ ਵਿਚਾਰ ਨੂੰ ਪ੍ਰਗਟ ਕਰਨ ਵਿਖੇ ਬੜਾ ਦਲੇਰ ਸੀ ਸਭਨਾਂ ਨੂੰ ਸਭ ਪ੍ਰਕਾਰ ਦੀ ਬਾਤ

ਬਿਨਾਂ ਕਿਸੇ ਲਿਹਾਜ਼ ਦੇ ਖੁਲ੍ਹਮ ਖੁਲ੍ਹੀ ਆਖ ਦੇਂਦਾ ਸੀ ਔਰੰਗਜ਼ੇਬਨੂੰ ਉਸਦੇਉਤ੍ਰ ਵਿਖੇ ਨਿਡਰਸ਼ਬਦਾਂਨੂੰਉਚਾਰਿਆ ਕਿ ਤੂੰ ਬੜਾ ਪਾਪੀ ਦ੍ਰੋਹੀਹੈਂ ਲੇਖੇ ਵਾਲੇ ਦਿਨ ਅਰਥਾਤ ਅੰਤ ਸਮੇ ਵਿਖੇਤੈਨੂੰ ਇਨ੍ਹਾਂ ਪਾਪਾਂਦਾ ਉਤ੍ਰਦੇਣਾਂ ਪਵੇਗਾ ਤੇ ਪ੍ਰਤੀਤ ਹੋਵੇਗਾ ਕਿ ਬਾਦਸ਼ਾਹ ਉਥੇ ਆਪਣੀ ਸਫ਼ਾਈ ਕਿਸ ਤਰਾਂ ਨਾਲ ਕਰ ਸਕਦਾ ਹੈ ਅਤੇ ਬੜੇ ਜ਼ੋਰ ਵਾਲੇ ਪਦਾਂ ਵਿਖੇ ਲਿਖਿਆ ਕਿ ਹੇ ਔਰੰਗਜ਼ੇਬ ਤੇਰੇ ਪਾਸੋਂ ਖ਼ਾਲਸਾ ਬਦਲਾ ਲਏ ਬਿਨਾਂ ਨਹੀਂ ਪਿੱਛੇ ਹਟੇਗਾ ਸਗੋਂ ਤੇਰੇ ਪਾਸੋਂ ਬਦਲਾ ਲੈ ਕਰਕੇ ਹੀ ਖ਼ਾਲਸਾ ਅਰਾਮ ਕਰੇਗਾ (ਇਹ ਗੱਲਾਂ ਜੇਕਰ ਦੇਖਣੀਆਂ ਹੋਣ ਤਾਂ ਜ਼ਫ਼ਰ ਨਾਮਾ ਜੋ ਫ਼ਾਰਸੀ ਜ਼ੁਬਾਨ ਵਿਖੇ ਹੈ ਟੀਕਾਭੀ ਕੀਤਾ ਹੋਯਾਹੈ ਮੰਗਾਕੇ ਪੜ੍ਹੋਗੇ ਤਾਂ ਆਪ ਪ੍ਰਤੀਤ ਹੋ ਜਾਵੇਗਾ) ਓਹੁ ਆਪਣੇ ਕੰਮ ਵਿਖੇ ਕਦੇ ਛੇਤੀ ਨਹੀਂ ਸੀ ਕਰਦਾ ਤੇ ਸਭਨਾਂ ਪਾਸਿਆਂ ਵੱਲੋਂ ਭਲੀ ਪਰਕਾਰ ਸੋਚ ਵਿਚਾਰ ਲੈਂਦਾ ਸੀ ਇਹੁ ਉਸਦੀ ਬਡੀ ਡੂੰਘੀ ਵਿਚਾਰ ਦਾ ਫਲਹੀ ਸੀ ਜੋ ਉਸਨੇ ਖ਼ਾਲਸਾ ਧਰਮ ਦੀ ਨੀਉਂ ਰੱਖੀ ਜੇਹੜਾ ਤਲਵਾਰਾਂ ਦੀ ਸ਼ਕਤੀ ਵਿਖੇ ਤੋਪਾਂ ਦੇ ਸਨਮੁਖ ਸਭਨੀ ਪਾਸੀਂ ਕਠੋਰ ਜ਼ਾਲਮਾਂ ਤੁਰਕਾਂ ਦੇ ਦਲ ਵਿਖੇ ਵਧਦਾ ਹੀ ਗਿਆ ਤੇ ਜੇਹੜਾ ਸਿੱਖ ਉਸਦਾ ਬਣਿਆ ਉਸ ਵਿਖੇ ਅਜੇਹੀ ਮਰਦਾਨਗੀ ਭਰ ਦਿਤੀ ਤੇ ਅਜੇਹਾ ਸੁਭਾਵ ਉਤਪਤ ਕਰ ਦਿੱਤਾ ਕਿ ਓਹੁ ਸਿਖ ਮੌਤ ਨੂੰ ਇਕ ਖੇਡ ਸਮਝਦਾ ਸੀ ਜਾਂਨ

ਨੂੰ ਹਥੇਲੀ ਪਰ ਰਖਕੇ ਮਰਨ ਮਾਰਨ ਨੂੰ ਤਿਆਰ ਹੋ ਜਾਂਦਾ ਜਿਥੇ ਗੁਰੂ ਗੋਬਿੰਦ ਸਿੰਘ ਜੀ ਦਾ ਮੁੜਕਾ ਡਿਗਦਾ ਸੀ ਓਥੇ ਓਹੁ ਲਹੂ ਡੋਲਣ ਨੂੰ ਤਿਆਰ ਹੁੰਦੇ ਸੇ ਹਿੰਮਤ ਤੇ ਹੌਸਲੇ ਦੀ ਅਜੇਹੀ ਫੂਕ ਮਾਰੀ ਜੋ ਇਕ ਇਕ ਸਿੱਖ ਨੂੰ ਵੀਹਾਂ ਦੇ ਸਾਹਮਣੇ ਕਰਨ ਜੋਗਾ ਕਰਦੇਂਦਾ ਸੀ ਅਜੇਹੇ ਦੇਸ਼ ਦੀ ਖਾਤ੍ਰ ਕੁਰਬਾਨ ਹੋਣ ਵਾਲੇ ਸਿੱਖ ਉਤਪਤ ਕੀਤੇ ਜੋ ਨਾਂਹੀ ਤਾਂ ਓਹੁ ਜਾਂਨ ਦੀ ਪਰਵਾਹੁ ਕਰਦੇ ਨਾਂਹੀ ਪਿਆਰਿਆਂ ਮਿਤ੍ਰਾਂ ਦਾ ਪ੍ਰੇਮ ਉਨ੍ਹਾਂ ਨੂੰ ਰੋਕ ਸਕਦਾ ਸੀ ਨਾਂਹੀ ਕੋਈ ਸੰਸਾਰੀ ਉਦੇਸ਼ ਉਨ੍ਹਾਂ ਦੇ ਚਿਤ ਵਿਖੇ ਵਿਘਨ ਪਾ ਸਕਦਾ ਸੀ ਅਜੇਹੇ ਫੌਲਾਦੀ ਸੁਭਾਵ ਵਾਲੇ ਆਦਮੀ ਬਣਾਏ ਜੋ ਕਿਸੇ ਦੁਖ ਖੇਦ ਤੇ ਕਸ਼ਟ ਨੂੰ ਕੁਛ ਭੀ ਨਹੀਂ ਜਾਨਦੇ ਸੇ ਤੇ ਉਨ੍ਹਾਂ ਦੇ ਹਿਰਦੇ ਵਿਖੇ ਆਪਣੇ ਨਾਮ ਦੀ ਤੇ ਉਦੇਸ਼ ਦੀ ਇਜ਼ਤ ਦਾ ਅਜੇਹਾ ਪੱਕ ਪਕਾਯਾ ਸੀ ਜੋ ਕੌਮੀ ਨਿਸ਼ਾਨ ਹੋ ਬਨ ਗਿਆ ਉਨ੍ਹਾਂ ਨੂੰ ਥੱਲੇ ਡਿਗਿਆਂ ਨੂੰ ਬੜੀ ਉੱਚੀ ਪਦਵੀ ਪਰ ਚੜ੍ਹਾਯਾ ਨਾ ਬ੍ਰਾਹਮਣਾਂ ਪਾਸੋਂ ਹੀ ਕੁਛ ਬਣ ਸੱਕਿਆ ਤੇ ਨਾਹੀ ਕਿਸੇ ਪੰਡਿਤ ਮਹੰਤ ਨੂੰ ਚੂੰਚਾਂ ਕਰਨ ਦਾ ਸਮਾ ਲੱਭਾ ਇਹੁ ਸਭ ਗੱਲਾਂ ਛੇਤੀ ਦੀਆਂ ਨਹੀਂ ਸਨ ਉਨ੍ਹਾਂ ਦੀ ਸੋਚ ਵਿਚਾਰ ਵਡੀ ਲੰਮੀ ਸੋਚ ਵਿਚਾਰ ਪਰ ਸੀ॥

ਓਹੁ ਸਭ ਕੰਮਾਂ ਨੂੰ ਸੋਚ ਵਿਚਾਰ ਕਰਕੇ ਲੰਮੀ ਸੋਚ ਨਾਲ ਕਰਦਾ ਸੀ ਆਉਣ ਵਾਲੀ ਗਲ ਨੂੰ ਓਹੁ ਪੈਹਲੇ ਹੀ ਤੋਲ ਲਿਆ ਕਰਦਾ ਸੀ ਤੇ ਇਹੀ ਕਾਰਨ ਸੀ ਕਿ ਖ਼ਾਲਸਾ ਧਰਮ

ਵਿਖੇ ਲੰਮੀ ਦ੍ਰਿਸ਼ਟੀ ਦ੍ਵਾਰਾ ਅਜੇਹੇ ਨਿਯਮਾਂ ਨੂੰ ਦਖਲ ਨਹੀਂ ਦਿੱਤਾ ਜਿਸ ਕਰਕੇ ਖ਼ਾਲਸਾ ਖ੍ਵਾਰ ਨਾਂ ਹੋਵੇ ਤੇ ਆਪਣੀ ਜ੍ਵਾਨਮਰਦੀ ਨੂੰ ਦਾਗ਼ ਨਾਂ ਲਾਵਣ ਏਹੀ ਕਾਰਨ ਸੀ ਕਿ ਅੱਜ ਤਕ ਖ਼ਾਲਸੇ ਵਿਖੇ ਜਾਂਨ ਬਾਕੀ ਚਲੀ ਆਉਂਦੀ ਹੈ ਇਹੁ ਭੀ ਉਸਨੇ ਦੂਰ ਅੰਦੇਸ਼ ਥੀਂ ਕੰਮ ਲੀਤਾ ਉਸਦਾ ਉਦੇਸ਼ ਫਲ ਜ਼ਰੂਰ ਲਿਆਵੇਗਾ ਇਸ ਕਰਕੇ ਓਹੁ ਨਿਰਾਸ ਨਾਂ ਮੋਯਾ ਅਕਾਲ ਪੁਰਖ ਨੇ ਜਿਸ ਬੜੇ ਕੰਮ ਖਾਤ੍ਰ ਉਸਨੂੰ ਭੇਜਿਆ ਸੀ ਉਸ ਖਾਤ੍ਰ ਉਸਨੇ ਆਪਣੇ ਖਜ਼ਾਂਨੇ ਬੇਅੰਤ ਬੁਧ ਤੇ ਅਕਲ ਤੇ ਦਾਨਾਈ ਵਿਖੇ ਭੀ ਪੂਰਣ ਭੰਡਾਰ ਬਖ਼ਸ਼ਿਆ ਸੀ ਇੰਤਜ਼ਾਮੀ ਕੰਮਾਂ ਵਿਖੇ ਬੜਾ ਪੱਕਾ ਸੀ ਜਦੋਂ ਰਾਮਰਾਇ ਦੀ ਇਸਤ੍ਰੀ ਨੇ ਆਖਿਆ ਕਿ ਮਸੰਦਾਂ ਨੇ ਉਸਦੇ ਖ਼ਾਵਿੰਦ ਨੂੰ ਮਿਲਾਵਟ ਕਰਕੇ ਇਸ ਕਰਕੇ ਮਾਰ ਦਿੱਤਾ ਹੈ ਕਿ ਓਹੁ ਮਸੰਦਾਂ ਪਾਸੋਂ ਬੜੇ ਬੁਰੇ ਹਾਲੀਂ ਰੁਪੱਯਾ ਮੰਗਦਾ ਹੁੰਦਾ ਸੀ ਮਸੰਦ ਓਹੁ ਫਿਰਕਾ ਸੀ ਜੇਹੜਾ ਗੁਰਦ੍ਵਾਰਿਆਂ ਅਤੇ ਧਰਮ ਸਾਲਾਂ ਵਿਖੇ ਮੈਨੇਜਰ ਦੀ ਤਰਾਂ ਗੁਰੂਆਂ ਦੇ ਥਾਂ ਕੰਮ ਕਰਦਾ ਹੁੰਦਾ ਸੀ ਤੇ ਆਮਦਨੀ ਵਿਚੋਂ ਕੋਈ ਮੁਕਰਰ ਰਕਮ ਗੁਰੂ ਨੂੰ ਦੇਂਦੇ ਹੁੰਦੇ ਸੇ ਬਾਕੀ ਆਪਣੇ ਘਰ ਦੇ ਕੰਮ ਵਿਖੇ ਖਰਚ ਕਰਿਆ ਕਰਦੇ ਸੇ ਇਹੁ ਫ਼ਿਰਕਾ ਮਸੰਦਾਂ ਦਾ ਬੜਾ ਹੀ ਦੁਖੀ ਕਰਦਾ ਸੀ ਇਹੁ ਫ਼ਿਰਕਾ ਭਾਈਆਂ ਦੇ ਨਾਮ ਕਰਕੇ ਪ੍ਰਗਟ ਹੈ ਵਿਸ਼ੇਸ਼ ਕਰਕੇ ਇਹੁ ਖਾਊ ਤੇ ਭੈੜੇ ਚਾਲ ਚਲਨ

ਵਾਲੇ ਹੋ ਜਾਂਦੇ ਹਨ ਇਹੁ ਗਲ ਰਾਮਰਾਇ ਦੀ ਇਸਤ੍ਰੀ ਦੀ ਬਤੌਰ ਸ਼ਿਕਾਇਤੀ ਸੁਣ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਸਾਰੇ ਇਲਾਕੇ ਦੇ ਮਸੰਦ ਸਦਵਾਏ ਤੇ ਤੱਤਾ ਤੇਲ ਕੜ੍ਹਾਹਿਆਂ ਵਿਖੇ ਸਾੜ ਕੇ ਉਨ੍ਹਾਂ ਨੂੰ ਸਾੜ ਦਿੱਤਾ ਆਪਣੇ ਮਸੰਦਾਂ ਪਰ ਭੀ ਗੁਰੂ ਜੀ ਨਾਰਾਜ ਸੀ ਉਨ੍ਹਾਂ ਥੀਂ ਅਜੇਹੀਆਂ ਹੀ ਖੇਦਤਾਈਆਂ ਤੇ ਦੁਖਦਾਈ ਗਲਾਂ ਪਾਯਾ ਕਰਦਾ ਸੀ ਏਸੇ ਹੀ ਕਾਰਨ ਉਨ੍ਹਾਂ ਨੂੰ ਖ਼ਾਲਸਾ ਧਰਮ ਵਿਖੇ ਮਿਲਣੋਂ ਬੰਦ ਕਰ ਦਿੱਤਾ ਗਿਆ ਸੀ ਓਹੁ ਬਲਵਾਨ ਸੀ ਬਹਾਦੁਰੀ ਤੇ ਸੂਰਮਤਾ ਦੇ ਕੰਮਾਂ ਨੂੰ ਚਾਹੁੰਦਾ ਸੀ ਆਪ ਭੀ ਬੜੀ ਕਠਿਨ ਝਾਲ ਝਲਣ ਯੋਗ ਸੀ ਆਪਣੇ ਸਨਬੰਧੀਆਂ ਤੇ ਸਿੱਖਾਂ ਸੇਵਕਾਂ ਵਿਖੇ ਭੀ ਖੇਦਾਂ ਨੂੰ ਸਹਾਰਨ ਜੋਗੇ ਕਰਨਾ ਚਾਹੁੰਦਾ ਸੀ ਜੇਹੋ ਜੇਹਾ ਸ਼ਰੀਰ ਕਰਕੇ ਤਕੜਾ ਸੀ ਓਹੋ ਜੇਹਾ ਚਿੱਤ ਦਾ ਭੀ ਬੜਾ ਪੱਕਾ ਤੇ ਬਹਾਦਰ ਸੀ ਜੇਹੜਾ ਸਿੱਖ ਘੋੜਾ ਅਥਵਾ ਸ਼ਸਤ੍ਰ ਭੇਟਾ ਲਿਆਕੇ ਦੇਂਦਾ ਉਸ ਪਰ ਅਤਜੰਤ ਹੀ ਖ਼ੁਸ਼ੀ ਮਨਾਉਂਦਾ ਸੀ ਸ਼ਿਕਾਰ ਵਿੱਚ ਭੀ ਬਹੁਤਾ ਏਸੇ ਕਰਕੇ ਰੁੱਝਾ ਰਿਹਾ ਕਰਦਾ ਸੀ ਕਿ ਸਿੱਖਾਂ ਨੂੰ ਤਲਵਾਰ ਚਲਾਉਂਨੀ ਤੇ ਸ਼ਸਤ੍ਰਾਂ ਦਾ ਵਰਤਣਾਂ ਆ ਜਾਵੇ ਅਤੇ ਸੁਭਾਵ ਹੋ ਜਾਵੇ ਫੇਰ ਉਸੇ ਦੀ ਅਭਿਆਸ ਹੁੰਦੀ ਰਹੇ ਕਿਉਂ ਜੋ ਇਸ ਅਭਿਆਸ ਦੀ ਲੜਾਕੇ (ਫ਼ਿਰਕੇ) ਪੰਥ ਵਾਸਤੇ ਬੜੀ ਲੋੜ ਹੁੰਦੀ ਹੈ ਇੰਤਜ਼ਾਮੀ ਬੜਾ ਪੱਕਾ ਸੀ ਆਪਣੇ ਸਭ ਕਾਰ ਵਿਹਾਰ

ਦਾ ਚੰਗੀ ਤਰਾਂ ਇੰਤਜ਼ਾਮ ਕਰਨਾਂ ਜਾਣ ਦਾ ਸੀ ਆਮਦਨੀ ਦਾ ਅਜੇਹਾ ਚੰਗਾ ਇੰਤਜ਼ਾਮ ਸੀ ਕਿ ਥੋੜੇ ਜੇਹੇ ਸਿੱਖਾਂ ਦੀ ਆਮਦਨੀ ਨਾਲ ਫ਼ੌਜ ਤਿਆਰ ਕਰਦਾ ਸੀ ਤੇ ਥੋੜੇ ਜੇਹੇ ਖ਼ਰਚ ਕਰਕੇ ਆਪਣੀ ਵਡੀ ਜਮਾਤ ਸਿੱਖਾਂ ਦੀ ਨੂੰ ਆਪਣੇ ਵਸ ਵਿਖੇ ਰਖਦਾ ਸੀ ਤੇ ਸਭਨੀ ਪਾਸੀ ਚੰਗਾ ਇੰਤਜ਼ਾਮ ਕਰਦਾ ਹੁੰਦਾ ਸੀ

ਉਸਦੇ ਵਾਕਾਂ ਵਿਖੇ ਭੀ ਤਾਸੀਰ ਸੀ ਜੋ ਕੁਛ ਓਹੁ ਸਿੱਖਾਂ ਨੂੰ ਕਹਿੰਦਾ ਸੀ ਓਹੁ ਸਿਰ ਤੇ ਅੱਖਾਂ ਪਰ ਉਸਨੂੰ ਸ੍ਵੀਕਾਰ ਕਰਦੇ ਸੇ ਸਗੋਂ ਜਾਨਾਂ ਤਕ ਭੀ ਬਲਿਹਾਰੇ ਕਰਨੋਂ ਰੰਚਕ ਮਾਤ੍ਰ ਭੀ ਨਹੀਂ ਡਰਦੇ ਸੇ ਤੇ ਸਿੱਖ ਭੀ ਅਜੇਹੇ ਸਿਦਕ ਭਰੋਸੇ ਵਾਲੇ ਸੇ ਕਿ ਗੁਰੂ ਦੇ ਬਚਨਾਂ ਪਰ ਜਾਨਾਂ ਨੂੰ ਨਿਛਾਵਰ ਕਰ ਦੇਂਦੇ ਸੇ ਤੇ ਗੁਰੂ ਭੀ ਉਨ੍ਹਾਂ ਪਰ ਬੜਾ ਹੀ ਪ੍ਰੇਮ ਕਰਦੇ ਸੇ ਤੇ ਸਭ ਨਾਲੋਂ ਵਡੀ ਬਾਤ ਇਹੁ ਸੀ ਕਿ ਸਭਨਾਂ ਸਿਖਾਂ ਨੂੰ ਸਮ ਦ੍ਰਿਸ਼ਟੀ ਦ੍ਵਾਰਾ ਦੇਖਦੇ ਸੇ ਨਾਂ ਕੋਈ ਛੋਟਾ ਨਾਂ ਕੋਈ ਵਡਾ ਹੀ ਉਸਦੀ ਦ੍ਰਿਸ਼ਟੀ ਵਿਖੇ ਸੀ ਸਭ ਸਿੱਖਾਂ ਨੂੰ ਇਕਰਸ ਜਾਣਦਾ ਸੀ ਇਹੀ ਬਾਤ ਸਿੱਖਾਂ ਦੇ ਦਿਲ ਵਿਖੇ ਘਰ ਕਰ ਗਈ ਸੀ ਬੜੇ ਖੁਸ਼ ਖੁਲਕ, ਮਿਠੀ ਰਸਨਾ ਤੇ ਪ੍ਰਸੰਨ ਬਦਨ ਸੇ ਇਸੇ ਕਾਰਨ ਕਰਕੇ ਭਾਵੇਂ ਸਾਰੇ ਹੀ ਜਾਣਦੇ ਸੇ ਕਿ ਉਸ਼ਦਾ ਉਦੇਸ਼ ਮੁਸਲਮਾਨੀ ਰਾਜ ਦੇ ਵਿਰੁਧ ਹੈ ਪਰ ਫੇਰ ਆਪ ਹੀ ਮੁਸਲਮਾਨਾਂ ਨੇ ਸਿਰ ਪਰ ਚੁੱਕ ਕੇ

ਭੇਦਾਇਕ ਸਥਾਨਾਂ ਥੀਂ ਬਾਹਰ ਕੱਢਿਆ ਸੀ ਕਿਉਂ ਜੋ ਗੁਰੂ ਸਭਨਾਂ ਪਰ ਹੀ ਪਰ ਉਪਕਾਰ ਤੇ ਕ੍ਰਿਪਾ ਦ੍ਰਿਸ਼ਟੀ ਰਖਦਾ ਸੀ ਤੇ ਪਿਆਰ ਖ਼ੁਸ਼ੀ ਨਾਲ ਸਭ ਨੂੰ ਮਿਲਦਾ ਸੀ ਬੜਾ ਹੀ ਖ਼ੁਸ਼ ਅਸਲਾ ਪੁਰਖ ਸੀ ਅਜੇਹਾ ਪਰ ਉਪਕਾਰੀ ਸੀ ਕਿ ਵੈਰੀ ਭੀ ਉਸ ਨਾਲ ਪਿਆਰ ਕਰਦੇ ਸੇ ਓਹੁ ਬੜਾ ਹੀ ਦਾਨੀ ਪੁਰਖ ਸੀ ਦਾਨੀ ਤਾਂ ਓਸਨੂੰ ਆਖਦੇ ਹਨ ਜੇਹੜਾ ਕਿਸੇ ਦਾ ਕੰਮ ਨਿਭਾਹ ਦੇਵੇ ਤੇ ਪੂਰੀ ਇੱਛਾ ਕਰੇ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਦੇਸ਼ ਦੀ ਤੇ ਧਰਮ ਦੀ ਲੋੜ ਨੂੰ ਆਪਣੇ ਪਜਾਰਿਆਂ ਦੇ ਸ਼ਰੀਰ ਨਾਲ ਪੂਰਨ ਕੀਤਾ ਇਸ ਨਾਲੋਂ ਵਧੀਕ ਦਸੋ ਕੇਹੜਾ ਦਾਨੀ ਹੋ ਸਕਦਾ ਹੈ ਵਿਸੇਸ਼ ਕਰਕੇ ਉਸਦਾ ਲੰਗਰ ਗ਼ਰੀਬਾਂ ਦੀਨਾਂ ਅਮੀਰਾਂ ਵਾਸਤੇ ਸਦੀਵ ਹੀ ਵਰਤਦਾ ਹੁੰਦਾ ਸੀ ਦੀਨਾਂ ਗ਼ਰੀਬਾਂ ਨੂੰ ਉਸਦੇ ਲੰਗਰ ਥੀਂ ਰੋਟੀ ਅਤੇ ਕਪੜਾ ਮਿਲਦਾ ਹੁੰਦਾ ਸੀ॥

ਸੁਭਾਵ ਦਾ ਪ੍ਰਸੰਨ ਮੁਖ ਤੇ ਛਬੀਲਾ ਭੀ ਸੀ ਇਕ ਵੇਰੀ ਇੱਕ ਸਿੱਖ ਨੇ ਸ਼ੇਰ ਮਾਰਕੇ ਉਸ ਦੀ ਖਲ ਸਾਰੀ ਦੀ ਸਾਰੀ ਹੀ ਸਮੇਤ ਚਿਹਰੇ ਦੇ ਲਿਆਕੇ ਗੁਰੂ ਜੀ ਦੀ ਭੇਟ ਕੀਤੀ ਗੁਰੂ ਜੀ ਨੇ ਉਸ ਖਲੜੀ ਨੂੰ ਖੋਤੇ ਦੇ ਸਰੀਰ ਪਰ ਚੜ੍ਹਵਾਕੇ ਸ਼ੈਹਰ ਬਸਤੀ ਵਲ ਛੱਡ ਦਿੱਤਾ ਲੋਕੀ ਉਸਨੂੰ ਦੇਖਕੇ ਘਬਰਾਏ ਕੋਈ ਕੋਠੇ ਪਰ ਚੜ੍ਹਗਿਆ ਕੋਈ ਲੁਕ ਹੀ ਗਿਆ ਕਿਸੇ ਨੇ ਘਰ ਦੇ ਬੂਹੇ ਹੀ ਬੰਦ ਕਰ ਲੀਤੇ ਗਲ ਕਾਹਦੀ ਸੀ ਕਿ

ਨਗਰ ਵਿਖੇ ਭੁੰਚਾਲ ਜੇਹਾ ਆਗਿਆ ਲੋਕਾਂ ਦੇ ਪੇਸ਼ਾਬ ਬੰਦ ਹੋਣ ਲਗੇ ਪ੍ਰੰਤੂ ਜਦ ਸ਼ੇਰ ਰੂਪੀ ਗਧੇ ਨੇ ਹਿੰਙਣਾਂ ਆਰੰਭਿਆ ਤਾਂ ਧੜਕ ਦੇ ਹੋਏ ਦਿਲ ਫੇਰ ਟਿਕਾਣੇ ਪਰ ਆ ਗਏ ਤੇ ਧਰਵਾਸ ਹੋਯਾ ਤੇ ਜਿਸਦੇ ਚਿਹਰੇ ਪਰ ਹਵਾਈਆਂ ਉਡ-ਦੀਆਂ ਸਨ ਓਹੁ ਹੱਸਨ ਲਗੇ ਇਹੁ ਦਿਲ ਲਗੀ ਨਵੀਨਹੀ ਢੰਗਦੀ ਸੀ ਪਰ ਇਸ ਵਿਖੇ ਭੀ ਪ੍ਰਯੋਜਨ ਸਿੰਧ ਹੁੰਦਾ ਸੀ ॥ ਓਹੁ ਬੁਧੀਵਾਨਾਂ ਦੀ ਸਤਕਾਰ ਭੀ ਕਰਦਾ ਸੀ ਤੇ ਆਪ ਭੀ ਵਿਦਯਾ ਬੌਹਤ ਪੜਣ ਤੇ ਪੜਾਉਣ ਦਾ ਸ਼ੌਕੀਨ ਸੀ ਭਾਰਤ ਦੇ ਬਹਾਦੁਰਾਂ ਦੇ ਕੰਮਾਂ ਨੂੰ ਤੇ ਇਤਹਾਸਾਂਨੂੰ ਪੜਨ ਸੁਣਨ ਦਾ ਬੜਾਹੀ ਪ੍ਰੇਮ ਰਖਦਾ ਸੀ ਕਵੀਸ਼ਰਾਂ ਦਾ ਕਦਰ ਕਰਨਵਾਲਾ ਸੀ ਕਈ ਕਵੀਸ਼ਰ ਆਪਣੇ ਪਾਸ ਨੌਕਰ ਰਖੇ ਹੋਏ ਸੇ ਛੰਦਾ ਬੰਦੀ ਕਵਿਤਾ ਨੂੰ ਬੌਹਤ ਸਲਾਹਿਆ ਕਰਦਾਸੀ ਅਰਬੀ ਬੋਲੀ ਭੀ ਜਾਣਦਾਸੀ ਸੰਸਕ੍ਰਿਤ ਵਿਖੇ ਭਾਵੇਂ ਪੰਡਿਤ ਨਹੀਂ ਸੀ ਪਰ ਕੁਛ ਜਾਣਦਾ ਸੀ ਪੁਰਾਣੀ ਧਾਰਮਿਕ ਪੁਸਤਕਾਂ ਛੇਆਂ ਸਾਸ਼ਤ੍ਰਾਂ ਤੇ ਉਪਨਿਸ਼ਦਾਂ ਪੁਰਾਣਾਂ ਆਦਿਕਾਂਦੀ ਵਿਦਯਾ ਥੀਂ ਭੀ ਚੰਗਾ ਜਾਣੂ ਪਛਾਣੂ ਸੀ ਤੇ ਪ੍ਰੇਮ ਨਾਲ ਸੁਣਿਆ ਕਰਦਾ ਸੀ ਈਸ਼੍ਵਰ ਭਜਨ ਵਿਖੇ ਰੌਹਣਾ ਬੜਾ ਪਸੰਦ ਕਰਦਾਸੀ ਤੇ ਸਿੱਖਾਂ ਨੂੰ ਭੀ ਸਦੀਵ ਉਸੇਦੀ ਉਪਦੇਸ਼ ਦੀ ਪਕਿਆਈ ਕਰਦਾ ਸੀ ਸਦੀਵ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਹੋਯਾ ਕਰਦੀ ਸੀ ਆਪ ਭੀ ਸੁਣਿਆ ਕਰਦੇ ਸਵੇਰੇ ਸਾਂਝ ਸਮੇਂ ਆਪ ਜਪਜੀ

ਤੇ ਰਹੁਰਾਸ ਦਾ ਪਾਠ ਕਰਿਆ ਕਰਦੇ ਸੇ ਆਪਣੇ ਕਰਮਾਂ ਤੇ ਨੇਮਾਂ ਵਿਖੇ ਪੱਕੇ ਤੇ ਦ੍ਰਿੜ ਵਿਸਵਾਸੀ ਮੂਰਤੀ ਪੂਜਾ ਆਦਿਕ ਥੀਂ ਵਿਰੁੱਧ ਸਨ ॥

ਓਹੁ ਸਦਾ ਸੱਚ ਬੋਲਣ ਵਾਲਾ ਸੀ ਸਭਨਾਂ ਕੰਮਾਂ ਵਿਖੇ ਸਤਵਾਦੀ ਰਹਿੰਦਾ ਸੀ ਨਾਂਹੀ ਮੈਦਾਂਨ ਵਿਖੇ ਕਦੇ ਕੋਈ ਸਤਵਾਦ ਤਾਦੇ ਵਿਰੁਧ ਕੰਮ ਕੀਤਾ ਨਾਂਹੀ ਕਾਰ ਵਿਹਾਰ ਵਿਖੇ ਕਦੇ ਝੂਠ ਬੋਲੇ ਭਾਵੇਂ ਲੋਕਾਂਨੇ ਉਸਨੂੰ ਕਰਾਮਾਤ ਦਿਖਾਉਣ ਵਾਸਤੇ ਬੜਾ ਜ਼ੋਰ ਲਾਯਾ ਪ੍ਰੰਤੂ ਉਸ ਪ੍ਰਮਿਸ੍ਵਰ ਦੇ ਬੰਦੇ ਨੇ ਇਹੀ ਆਖਯਾ ਕਿ ਕੋਈ ਕਰਾਮਾਤ ਨਹੀਂ ਹੈ ਕਰਾਮਾਤ ਕੇਵਲ ਈਸ਼੍ਵਰ ਦੇ ਵੱਸ ਹੈ ॥

ਇਕ ਸਮੇ ਵਿਖੇ ਆਗਰੇ ਵਿਖੇ ਕਿਸੇ ਨੇ ਕਰਾਮਾਤ ਦਾ ਨਿਰਣਾ ਪੁਛਣ ਲਈ ਪ੍ਰਸ਼ਨ ਕੀਤਾ ਤਾਂ ਉਸ ਨੇ ਉਤ੍ਰ ਦਿੱਤਾ ਕਿ ਕਰਾਮਾਤ ਤਾਂ ਕਦੇ ਭੀ ਕੋਈ ਨਹੀਂ ਦੱਸ ਸਕਦਾ ਜੋ ਕਿਸ ਰੰਗ ਰੂਪ ਦੀ ਹੈ ਪਰ ਹਾਂ ਮੈਂ ਤਿੰਨਾਂ ਚੀਜ਼ਾਂ ਨੂੰ ਸੰਸਾਰ ਵਿਖੇ ਕਰਾਮਾਤ ਹੀ ਜਾਣਦਾ ਹਾਂ (੧) ਲੋਹੇ ਦੀ ਕਰਾਮਾਤ ਇਹੁ ਅਜੇਹੀ ਕਰਾਮਾਤ ਹੈ ਕਿ ਇਸਦੇ ਵਸੀਲੇ ਜੇਹੜੀ ਚੀਜ਼ ਮੰਗੋਗੇ ਸੋਈ ਮਿਲ ਸਕਦੀ ਹੈ ਬਾਦਸ਼ਾਹੀ ਮੁਕਟ ਭੀ ਇਸੇ ਦੇ ਵਸੀਲੇ ਨਾਲ ਮਿਲ ਸਕਦਾ ਹੈ॥ ਅਰਥ, ਧਰਮ, ਮੋਖ, ਕਾਮ, ਚਾਰੇ ਹੀ ਪਦਾਰਥ ਇਸਦੇ ਵਸੀਲੇ ਨਾਲ ਪ੍ਰਾਪਤ ਹੋ ਸਕਦੇ ਹਨ ਜੇਹੜੀ ਚੀਜ਼ ਪੁਰਖ ਨੂੰ ਨਾਂ ਮਿਲ ਸਕੇ ਸੋ ਇਸ ਕਰਕੇ ਪ੍ਰਾਪਤ ਹੋ ਸਕਦੀ ਹੈ ਇਹੀ ਉੱਚੀ ਪਦਵੀ ਹੈ ਜੇਹੜੇ ਇਸਦੀ

ਪੂਜਾ ਕਰਦੇ ਹਨ ਉਨਾਂ ਨੂੰ ਚਾਰੇ ਹੀ ਪਦਾਰਥ ਪ੍ਰਾਪਤ ਹੋਂਦੇ ਹਨ ਗੁਰੂ ਦਾ ਤਾਤਪ੍ਰਜ ਲੋਹੇ ਥੀਂ ਸ਼ਸਤ੍ਰਾਂ ਥੀਂ ਹੈ ਅਰਥਾਤ ਜੇਹੜਾ ਪੁਰਖ ਅਥਵਾ ਜੇਹੜੀ ਕੌਮ ਸ਼ਸਤ੍ਰਾਂ ਦਾ ਅਭਿਆਸ ਕਰਦੀ ਹੈ ਸਭਚੀਜ਼ਾਂ ਤੇ ਬਰਕਤਾਂ ਉਸਦੀ ਸੇਵਾ ਵਿਖੇ ਹਾਜ਼ਰ ਹੋ ਜਾਂਦੀਆਂ ਹਨ ਕੀਹ ਧਨ ਕੀਹ ਧਰਤੀ, ਕੀਹ ਇਸਤ੍ਰੀ ਕੀਹਸੰਸਾਰ,ਤੇਕੀਹਪਰਮਾਰਥਉਸਦੀਸਾਰੇਸੇਵਾਕਰਦੇਹਨ ਸ਼ਾਹਜ਼ਾਦੇਉਸਦੇਸੇਵਕ ਤੇਸ਼ਾਹਜ਼ਾਦੀਆਂਉਸਦੀਆਂ ਬਾਂਦੀਆਂ ਬਣਦੀਆਂਹਨ ਅਰਥਾਤ ਜਿਸਦੀ ਤੇਗ ਉਸੇ ਦੀ ਤੇਗ ਮੁਕਤੀ ਇਸ ਕਰਕੇਕਿਜੇਹੜਾ ਪੁਰਖ ਰਣ ਖੇਤ ਵਿਖੇ ਮਰਦਾਹੈ ਓਹੁ ਸਿਧਾਹੀਪਰਮਾਨੰਦਨੂੰ ਪ੍ਰਾਪਤਹੋ ਜਾਂਦਾਹੈ ਸੰਸਾਰ ਵਿਖੇਭੀਉਸ ਦਾ ਸਤਕਾਰ ਹੁੰਦਾਹੈ ਸ਼ਹੀਦ ਤੇਬਹਾਦੁਰ ਉਸਨੂੰ ਸੱਦਦੇ ਹਨ ਤੇ ਦੇਸ਼ ਭਗਤੀ ਦੀ ਪਦਵੀ ਨੂੰ ਪ੍ਰਾਪਤ ਹੋਂਦਾ ਹੈ ਤੇ ਸਦੀਵ ਹੀ ਦੇਸ ਨਿਵਾਸੀ ਉਸ ਨਾਲ ਪਿਆਰ ਕਰਦੇ ਹਨ ਲੋਹੇ ਦੀਆਂ ਇਹੁ ਕਰਾਮਾਤਾਂ ਹਨ ਜਿਨਾਂ ਵਲ ਗੁਰੂ ਗੋਬਿੰਦਸਿੰਘ ਜੀ ਦਾ ਇਸ਼ਾਰਾਸੀ ਪ੍ਰੰਤੂ ਜੇਹੜਾ ਕੰਮ ਇਸ ਸਮੇ ਵਿਖੇ ਲੋਹੇ ਨੇ ਕੀਤਾ ਹੈ ਜਿਸ ਵਿਚ ਕਿ ਅਸੀਹਾਂ ਓਹੁਭੀ ਕਰਾਮਾਤ ਥੀ ਕੁਛ ਘੱਟ ਨਹੀਂ ਹੈ ਇਸਲੋਹੇ ਨੂੰ ਫਰ ਲਾਕੇ ਦਰਯਾਵਾਂ ਤੇ ਸਮੁੰਦ੍ਰਾਂ ਵਿਖ ਤਰਾਯਾ ਗਿਆ ਹੈ ਇਸ ਲੋਹੇ ਦੇ ਇੰਜਨ ਬੰਬੇ ਬਣਾਕੇ ਹਵਾ ਵਿਖੇ ਉਡਾਏ ਜਾਂਦੇ ਹਨ ਏਸੇ ਲੋਹੇ ਦੀ ਬਰਕਤ ਕਰਕੇ ਹਜ਼ਾਰਾਂਹੀ ਕਲਾ ਚਲਦੀਆਂਹਨ ਸੰਸਾਰਨੂੰ ਸਸਤਾ ਤੇ ਚੰਗਾ

ਸਾਮਾਨ ਜ਼ਿੰਦਗੀ ਦਾ ਇੱਕਤ੍ਰ ਕੀਤਾ ਹੈ ਇਹੀ ਲੋਹਾ ਸੋਨੇ ਦੇ ਮੁਲ ਨਾਲੋਂ ਵੱਧ ਮੁਲ ਦਾ ਬਣ ਰਿਹਾ ਹੈ ਅਤੇ ਬਡ਼ਾਹੀ ਲੋੜ-ਵੰਦਾ ਹੈ ਇਹ ਸਦੀ ਲੋਹੇ ਦੀ ਹਕੂਮਤ ਦੀ ਸੀ॥

ਦੂਸਰਾ ਬਲ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕਰਾਮਾਤ ਪ੍ਰਗਟ ਕੀਤਾ ਅਰਥਾਤ ਸਾਰੇ ਸੰਸਾਰ ਵਿਖੇ ਪ੍ਰਾਣੀ ਬਲ ਦੇ ਹੋਣ ਕਰਕੇ ਹੀ ਰਾਜ ਕਰਦਾ ਹੈ ਬਲਵਾਲੇ ਦਾ ਬਲ ਹੀਨ ਤੇ ਕਮ ਜ਼ੋਰਾ ਸੇਵਕ ਹੈ ਸਭ ਖਾਣੀਆਂ ਵਿਖੇ ਇਹੁ ਕੁਦਰਤੀ ਨੇਮ ਹੈ ਕਿ ਬਲਹੀਣ ਬਲਵਾਨ ਦੀ ਆਗਿਆ ਵਿਖੇ ਰਹੇ ਭਾਵੇਂ ਤਾਂ ਉਸ ਪ੍ਰਾਣੀ ਵਿਖੇ ਬਾਹੁਬਲ ਹੋਵੇ ਭਾਵੇਂ ਸਰੀਰਕ ਬਲ ਭਾਵੇਂ ਬੁਧ ਦਾ ਬਲ ਹੋਵੇ ਬਲ ਨੂੰ ਸਦੀਵ ਹੀ ਵਡਿਆਈ ਤੇ ਰਾਜ ਸਾਜ ਪ੍ਰਾਪਤ ਹੋਂਦਾ ਆਯਾ ਹੈ ਇਹੀ ਨੇਮ ਬਣਚਰਾਂ ਵਿਖੇ ਸ਼ੇਰ ਆਦਿਕਾਂ ਵਿਖੇ ਵਰਤਮਾਨ ਹੈ ਇਹੀ ਪੰਖੀਆਂ ਵਿਖੇ ਹੈ ਇਹੀ ਅੰਡਜ ਵਿਖੇ ਤੇ ਪੁਰਖਾਂ ਵਿਖੇ ਹੈ ਬਲ ਤੇ ਸਮਰਥਤਾ ਦੇ ਸਾਹਮਣੇ ਸਭੋ ਹੀ ਸਿਰ ਨੀਂਵਾਂ ਕਰਦੇ ਹਨ ਕੌਮਾਂ ਬਲ ਦੇ ਆਸਰੇ ਉਠਦੀਆਂ ਹਨ ਬਲ ਦੇ ਹੀ ਸਹਾਰੇ ਵਧਦੀਆਂ ਹਨ ਤੇ ਬਲ ਦੇ ਹੀ ਆਸਰੇ ਵਾਧੇ ਪੈਂਦੀਆਂ ਤੇ ਹਰੀਆਂ ਭਰੀਆਂ ਰੈਂਹਦੀਆਂ ਹਨ ਬਲ ਦੇ ਹੋਣ ਕਰਕੇ ਹੀ ਪੁਰਖ ਪਸ਼ੂਆਂ ਪਾਸੋਂ ਕੰਮ ਲੈਂਦਾ ਹੈ ਬਲ ਦੇ ਸਹਾਰੇ ਵੈਰੀਆਂ ਨੂੰ ਡੰਡ ਦਿਤਾ ਜਾਂਦਾ ਹੈ ਸਾਰੇ ਖੇਡ ਸੰਸਾਰ ਦੇ ਬਲ ਦੇ ਸਿਰ ਹਨ ਬਲਹੀਣ ਸਦੀਵ ਹੀ ਮੰਦੇ ਭੈੜੇ ਹਾਲ ਰੈਂਹਦੇ ਹਨ ਬਲਵਾਨ ਆਤਮਾ ਦੇ ਲਈ

ਸ਼ਰੀਰ ਬਲਵਾਨ ਦੀ ਲੋੜ ਹੈ ਤੇ ਬਲਵਾਨ ਸ਼ਰੀਰ ਆਤਮਾ ਬਲਵਾਨ ਦਾ ਆਸਰਾ ਤਕਦਾ ਹੈ ਤੇ ਬਲ ਕਰਾਮਾਤ ਨਾਲੋਂ ਕੁਛ ਘੱਟ ਨਹੀਂ ਕੰਮਾਂ ਨੂੰ ਕਰਦਾ ਤੀਸਰੀ ਕਰਾਮਾਤ ਗੁਰੂ ਗੋਬਿੰਦ ਸਿੰਘ ਜੀ ਨੇ ਧੰਨ ਨੂੰ ਆਖਿਆ ਹੈ ਇਸ ਦੇ ਖੇਡ ਤਮਾਸ਼ੇ ਐਨ ਪ੍ਰਗਟ ਹੈਨ ਕਿ ਵਰਨੰਨ ਨਹੀਂ ਹੋਸਕਦੇ ਸੰਸਾਰ ਵਿਖੇ ਜੇਹੜੀ ਚੀਜ਼ ਚਾਹੋ ਇਹੁ ਪ੍ਰਾਪਤ ਕਰ ਸੱਕਦਾ ਹੈ ਦੋਸ਼ਾਂ ਨੂੰ ਢਕਣ ਵਾਲਾ ਧੰਨ ਹੈ ਸਭ ਰੋਗਾਂਦਾ ਨਾਸ਼ ਕਰਨ ਵਾਲੀ ਮਾਯਾ ਹੈ ਕੋਈ ਲੋੜ ਨਹੀਂ ਜੇਹੜੀ ਇਸਦੇ ਪ੍ਰਾਪਤ ਕਰਕੇ ਨਾਂ ਪ੍ਰਾਪਤ ਹੋਸਕੇ ਕੋਈ ਕੰਮ ਨਹੀ ਜਿਸ ਨੂੰ ਇਹੁ ਪੂਰਨ ਨਾਂ ਕਰਸਕੇ ਇਹੁ ਪਾਸ ਨਾਂ ਹੋਵੇ ਤਾਂ ਕੋਈ ਪਿਆਰਾ ਨਹੀਂ ਕੋਈ ਮਿਤ੍ਰ ਨਹੀਂ ਕੋਈ ਸਾਕ ਨਹੀਂ ਬਣਦਾ ਕੋਈ ਸੁਖ ਦੁਖ ਨਹੀਂ ਪੁੱਛਦਾ ਇਸ ਬੀਂ ਬਿਨਾਂ ਪੁਤ੍ਰ ਪੁਤ੍ਰ ਨਹੀਂ ਬਣਦਾ ਮਾਂ ਪਿਉ ਪਿਆਰ ਨਹੀਂ ਕਰਦੇ ਮਿਤ੍ਰਕੋਲਦੀਭੀਨਹੀਂ ਲੰਘਦੇ ਇਸਤ੍ਰੀ ਨੱਕ ਮੂੰਹ ਚੜ੍ਹਾਉਂਦੀ ਹੈ ਸਾਕ ਮੂੰਹ ਚੜ੍ਹਾਕੇ ਗੱਲਾਂ ਕਰਦੇ ਹਨ ਭਰਾ ਬੁਰਾ ਜਾਣਦਾ ਹੈ ਸਭਾ ਸਮਾਜ ਉਸਨੂੰ ਭੈੜਾ ਸਮਝਦੇ ਹਨ ਜੇਕਰ ਇਹੁ ਪਾਸ ਹੋਵੇ ਤਾਂ ਪਰਾਏ ਭੀ ਆਪਣੇ ਹੁੰਦੇ ਹਨ ਸਾਰੇ ਹੀ ਉਸ ਪੁਰਖ ਨਾਲ ਪਿਆਰ ਕਰਦੇ ਹਨ ਅਤੇ ਸਾਰੇ ਹੀ ਉਸਦੇ ਮੂੰਹ ਵਲ ਤੱਕਦੇ ਹਨ ਇਸ ਕਰਕੇ ਮਾਯਾਦੀਆਂ ਕਰਾਮਾਤਾਂ ਭੀ ਪੈਹਲੀਆਂ ਦੋ ਚੀਜ਼ਾਂ ਨਾਲੋਂ ਕੁਛ ਘੱਟ ਨਹੀਂ ਹਨ॥

ਗੁਰੂ ਗੋਬਿੰਦ ਸਿੰਘ ਜੀ ਦਾ ਵਰਤਾਓ ਬਿਲਕੁਲ ਸਿੱਧਾ ਸਾਦਾ ਸੀ ਸਭਨਾਂ ਨਾਲ ਹੱਸਦੇ ਹੱਸਦੇ ਮੱਥੇ ਮਿਲਦੇ ਸੀ ਸਭਨਾ ਨਾਲ ਪਿਆਰ ਕਰਦੇ ਸੀ ਸਭਨਾਂ ਨਾਲੋਂ ਵਧੀਕੀ ਉਨ੍ਹਾਂ ਵਿਖੇ ਇਹੁ ਸੀ ਕਿ ਉਸ ਵਿਖੇ ਕੋਈ ਭੀ ਕਿਸੇ ਪ੍ਰਕਾਰ ਦਾ ਦੋਸ਼ ਨਹੀਂ ਸੀ ਨਾਂ ਉਪਮਾਂ ਦੀ ਇੱਛਾ ਕਰਦਾ ਸੀ ਨਾ ਕਿਸੇ ਦੀ ਦ੍ਵੈਖਤਾ ਈਰਖਾ ਕਰਨੀ ਚਾਹੁੰਦਾ ਸੀ ਬੜੇ ਖੁਲ੍ਹੇ ਦਿਲ ਵਾਲਾ ਪੁਰਖ ਸੀ ਪਹਾੜੀਆਂ ਰਾਜਿਆਂ ਨੇ ਭਾਵੇਂ ਸਦਾ ਹੀ ਉਸਨੂੰ ਕਸ਼ਟ ਤੇ ਖੇਦ ਦਿੱਤੇ ਪਰ ਜਦੋਂ ਕਦੇ ਉਨ੍ਹਾਂ ਨੂੰ ਲੋੜ ਪੈ ਗਈ ਤਦ ਹੀ ਗੁਰੂ ਜੀ ਉਨ੍ਹਾਂ ਦੀਆਂ ਕਰਤੂਤਾਂ ਨੂੰ ਵਿਸਾਰ ਕਰਕੇ ਉਨ੍ਹਾਂ ਨੂੰ ਸਹਾਇਤਾ ਦੇਂਦੇ ਰਹੇ ਤੇ ਪਿਛਲੀ ਗਲ ਨੂੰ ਵਿਸਾਰ ਦੇਂਦੇ ਰਹੇ ਬਹਾਦੁਰ ਸ਼ਾਹੁ ਨੇ ਜਾਗੀਰ ਦੇਣੀ ਚਾਹੀ ਪਰ ਉਨ੍ਹਾਂ ਨੇ ਨਾਹੀ ਲਈ ਹਿੰਦੂਆਂ ਦਾ ਸੱਚਾ ਸ਼ੁਭ ਇੱਛਕ ਸੀ ਜਦ ਬਹਾਦੁਰ ਸ਼ਾਹੁ ਨੇ ਫ਼ੌਜੀ ਜਰਨੈਲ ਬਨਾਕੇ ਮਰਹੱਟਿਆਂ ਦੇ ਵਿਰੁਧ ਭੇਜਣਾਂ ਚਾਹਿਆ ਤਾਂ ਉਨ੍ਹਾਂ ਨੇ ਨਾਂ ਅੰਗੀਕਾਰ ਕੀਤਾ ॥

ਭਾਂਤ ਭਾਂਤ ਦੀਆਂ ਰੈਹਤਾਂ ਬੈਹਤਾਂ ਪਰ ਗੁਰੂ ਗੋਬਿੰਦ ਸਿੰਘ ਜੀ ਦੀ ਰਾਇ ਦਾ ਨਿਰਣਾ

ਓਹੁ ਔਤਾਰਾਂ ਦੇ ਸ਼ਰੀਰ ਨੂੰ ਨਹੀਂ ਮੰਨਦਾ ਸੀ ਤੇ ਨਾਹੀਂ ਇਸ ਬਾਤ ਨੂੰ ਹੀ ਅੰਗੀਕਾਰ ਕਰਦੇ ਸੀ ਕਿ ਈਸ਼੍ਵਰ ਦਾ ਕੋਈ ਔਤਾਰ ਸੰਸਾਰ ਵਿਖੇ ਹੋ ਸਕਦਾ ਹੈ ਕੋਈ ਕੋਈ ਪੁਰਖ ਦਸਵੀਂ

ਪਾਤਸ਼ਾਹੀ ਦੇ ਗ੍ਰੰਥ ਸਾਹਿਬ ਜੀ ਦੇ ਉਨ੍ਹਾਂ ਬਚਨਾਂ ਨੂੰ ਜੋਹੜੇ ਛੰਦਾ ਬੰਦੀ ਵਿਖੇ ਕ੍ਰਿਸ਼ਨ ਬਿਸ਼ਨ, ਰਾਮ ਚੰਦ੍ਰ ਆਦਿਕਾਂ ਚੋਵੀਹਾਂ ਔਤਾਰਾਂ ਬ੍ਰਹਮਾਂ ਅਦਿਕਾਂ ਨੂੰ ਔਤਾਰ ਨਿਵੇਦਨ ਕਰਦੇ ਹਨ ਇਸ ਬਾਤ ਨੂੰ ਪੱਕਾ ਕਰਦੇ ਹਨ ਕਿ ਓਹੁ ਉਨ੍ਹਾਂ ਨੂੰ ਔਤਾਰ ਈਸ਼੍ਵਰ ਮੰਨਦੇ ਸੀ ਜੇਕਰ ਈਸ਼੍ਵਰ ਨੂੰ ਅਵਤਾਰ ਨਾਂ ਮੰਨਦੇ ਤਾਂ ਉਨ੍ਹਾਂ ਦੀ ਉਪਮਾਂ ਕਿਉਂ ਕਰਦੇ ਕਿਸੇ ਵਸਤੂ ਦੀ ਉਪਮਾਂ ਕਰਨੀ ਹੀ ਔਤਾਰਾਂ ਨੂੰ ਪ੍ਰਮੇਸ਼੍ਵਰ ਨਹੀਂ ਬਣਾ ਸਕਦੀ ਤੇ ਨਾਹੀਂ ਉਨ੍ਹਾਂ ਕਬਿੱਤਾਂ ਸ੍ਵੈਯਾਂ ਥੀਂ ਇਹੁ ਪ੍ਰਤੀਤ ਹੁੰਦਾ ਹੈ ਕਿ ਕਿਧਰੇ ਭੀ ਓਨ੍ਹਾਂ ਨੇ ਉਨ੍ਹਾਂ ਨੂੰ ਅਵਤਾਰ ਮੰਨਿਆ ਹੋਵੇ ਹਾਂ ਇਹੁ ਗਲ ਠੀਕ ਹੈ ਕਿ ਉਨ੍ਹਾਂ ਨੇ ਉਨ੍ਹਾਂ ਔਤਾਰਾਂ ਦੇ ਇਤਿਹਾਸਾਂ ਨੂੰ ਛੰਦਾ ਬੰਦੀ ਵਿਖੇ ਤੇ ਦੇਸ਼ ਭਾਖਾ ਵਿਖੇ ਜਿਵੇਂ ਸ਼ਾਇਰ ਇਤਹਾਸ ਲਿਖਦੇ ਹਨ ਤਿਵੇਂ ਲਿਖਯਾ ਹੈ ਤੇ ਉਨ੍ਹਾਂ ਦੀ ਬੀਰਤਾ ਬਹਾਦੁਰੀ ਦੇ ਕੰਮਾਂ ਨੂੰ ਚੰਗੀ ਬਾਣੀ ਦ੍ਵਾਰਾ ਛੰਦਾ ਬੰਦੀ ਵਿਖੇ ਰਚਕੇ ਆਪਣੇ ਸਿੱਖਾਂ ਦੇ ਜੋਸ਼ ਉਭਾਰਨੇ ਵਾਸਤੇ ਲਿਖਯਾ ਹੈ ਤੇ ਇਸਥੀਂ ਕਿਸੇ ਪ੍ਰਕਾਰ ਕਰਕੇ ਭੀ ਇਹੁ ਫਲ ਨਹੀਂ ਕੱਢ ਸੱਕਦੇ ਕਿ ਓਹੁ ਔਤਾਰ ਹੋਣਾਂ ਈਸ਼੍ਵਰ ਨੂੰ ਮੰਨਦੇ ਸੀ ਅਥਵਾ ਕ੍ਰਿਸ਼ਨ ਆਦਿਕਾਂ ਨੂੰ ਔਤਾਰ ਜਾਣਦੇ ਸੀ ਪਰ ਸਾਨੂੰ ਇਨ੍ਹ ਗਲਾਂ ਪਰ ਬੈਹਸ ਕਰਨ ਦੀ ਕੀਹ ਲੋੜ ਪਈ ਹੈ ਜਦੋਂ ਉਸਦੇ ਬਚਨ ਸਾਮਰਤਖ ਪ੍ਰਗਟ ਪਏ ਭਾਸ਼ਦੇ ਹਨ ਕਿ ਕੋਈ ਈਸ਼੍ਵਰ ਦਾ ਔਤਾਰ ਨਹੀਂ ਹੋ ਸਕਦਾ ਦੋ ਪ੍ਰਕਾਰ ਦੇ ਬਚਨ ਹਨ

ਇੱਕ ਓਹੁ ਕਿ ਜਿਨ੍ਹਾਂ ਦ੍ਵਾਰਾ ਦ੍ਰਿਸ਼ਟਾਂਤਾਂ ਵਿਖੇ ਲਿਆ ਕਰਕੇ ਖੰਡਨ ਕੀਤਾ ਹੈ ਦੂਸਰੇ ਓਹੁ ਜਿਨ੍ਹਾਂ ਵਿਖੇ ਪ੍ਰਤਖ ਔਤਾਰਾਂ ਦਾ ਖੰਡਨ ਹੈ ॥

ਪੈਹਲੀ ਭ੍ਾਂਤ ਦੇ ਬਚਨ ਇਹੁ ਹਨ ਢੇਰ ਵਿੱਚੋਂ ਇੱਕ ਮੁੱਠੀ ਲੈਕੇ ਮੈਂ ਦੱਸਦਾ ਹਾਂ ॥

(੧) ਅਕਾਲ ਉਸਤਤਿ ਵਿਖੇ ਲਿਖਯਾ ਹੈ 'ਨਮਸਤ੍ਵੰ ਅਕਾਏ,

(ਟੀਕਾ) ਨਮਸਕਾਰ ਹੋਵੇ ਉਸ ਈਸ਼੍ਵਰ ਨੂੰ ਜਿਸਦਾ ਕੋਈ ਸ਼ਰੀਰ ਨਹੀਂ ਹੈ ॥

ਨਮਸਤ੍ਵੰ ਅਜਾਏ ਨਮਸਕਾਰ ਹੋਵੇ ਉਸਨੂੰ ਜੋ ਜਨਮ ਨਹੀਂ ਧਾਰਦਾ ਨਮਸਤ੍ਵੰ ਅਜਨਮੇ ਨਮਸਕਾਰ ਹੈ ਉਸ ਨੂੰ ਜੋ ਜਨਮ ਨਹੀਂ ਲੈਂਦਾ ॥

(੨) ਇਕ ਹੋਰ ਅਸਥਾਨ ਵਿਖੇ ਭੀ ਕਿਹਾ ਹੈ ਕਿ ਅਜਨਮ ਹੈ ਉਸਦਾ ਜਨਮ ਨਹੀਂ ਤੇ ਨਾਂਹੀਂ ਸ਼ਰੀਰ ਹੈ ॥

ਅਬਰਨ ਹੈ ਉਸ ਪ੍ਰਮਾਤਮਾਂ ਦਾ ਕੋਈ ਵਰਨ ਨਹੀਂ ਹੈ ॥

ਦੂਸਰੀ ਭ੍ਾਂਤ ਦੇ ਬਚਨ

(੩) ਕਿਤੇ ਕ੍ਰਿਸ਼ਨ ਸੇ ਕੀਟ ਕੋਟੈਂ ਉਪਾਏ ॥
ਉਸਾਰੇ ਮੜੇ ਫੇਰ ਮੇਟੇ ਬਣਾਏ ॥

(ਟੀਕਾ) ਕ੍ਰਿਸ਼ਨ ਵਰਗੇ ਕਈ ਕ੍ਰੋੜਾਂਹੀ ਕੀੜੇ ਉਤਪਤ ਕੀਤੇ ਤੇ ਸਵਾਰੇ ਘੜਕੇ ਫੇਰ ਨਾਸ਼ ਕਰਕੇ ਫੇਰ ਬਣਾਏ ॥

ਪੰਜਗ੍ਰੰਥੀ ਪਾਤਸ਼ਾਹੀ ਦਸ ਭੁਜੰਗ ਪ੍ਰਯਾਤ ਛੰਦ ਨੰਬਰ ੫,੯੫

(੪) ਕਾਹੂਨੇ ਠੇਕ ਬਧੇ ਉਰ ਠਾਕੁਰ ਕਾਹੂ ਮਹੇਸ਼ਕੋ ਏਸ਼

ਬਖਾਨਜੇ ॥

(ਟੀਕਾ) ਕਿਸੇ ਨੇ ਪੱਥਰ ਦੇ ਠਾਕੁਰ ਗਲ ਵਿਚ ਬੰਨ੍ਹ ਲਏ ਕਿਸੇ ਨੇ ਮਹੇਸ਼ ਨੂੰ ਹੀ ਪ੍ਰਮੇਸ੍ਵਰ ਮੰਨ ਲੀਤਾ ॥

ਕਾਹੂ ਕਹਯੋ ਹਰਿ ਮੰਦਰ ਮੇਂ ਹਰੀ ਕਾਹੂ ਮਸੀਤ ਕੇ ਬੀਚ ਪ੍ਰਮਾਨਜੇ ॥

(ਟੀਕਾ) ਕੋਈ ਆਖਦਾ ਹੈ ਕਿ ਪ੍ਰਮਾਤਮਾ ਮੰਦਰਾਂ ਵਿਚ ਹੈ ਕੋਈ ਉਸਨੂੰ ਮਸੀਤ ਵਿਚੇ ਹੀ ਮੰਨਦਾ ਹੈ ॥

ਕਾਹੂ ਨੇ ਰਾਮ ਕਹਯੋ ਕ੍ਰਿਸ਼ਨਾ ਕਹੂ ਕਾਹੂ ਮਨੇ ਅਵਤਾਰ ਨ ਮਾਨਯੋ ॥

(ਟੀਕਾ) ਕਿਸੇ ਨੇ ਰਾਮ ਤੇ ਕ੍ਰਿਸ਼ਨ ਨੂੰ ਹੀ ਈਸ਼ੁਰ ਮੰਨਣਾ ਹੈ ਪਰ ਮੈਂ ਕਿਸੇ ਨੂੰ ਈਸ਼ੁਰ ਅਵਤਾਰ ਨਹੀਂ ਮੰਨਦਾ ਹਾਂ ॥

ਫੋਕਟ ਧਰਮ ਬਿਸਾਰ ਸਭੈ ਕਰਤਾਰ ਹੀ ਕੋ ਕਰਤਾ ਜੀਯ ਜਾਨਯੋ ॥

(ਟੀਕਾ) ਸਭ ਝੂਠ ਲਬਾੜ ਧਰਮ ਹੈਨ ਅਸੀ ਤਾਂ ਇਕ ਕਰਤਾਰ ਨੂੰ ਹੀ ਕਰਤਾ ਈਸ਼ਵਰ ਜਾਣਦੇ ਹਾਂ ॥

(੫) ਜੌ ਕਹੋ ਰਾਮ ਅਜੋਨੀ ਅਜੈ ਅਤਿ ਕਾਹੇ ਕੋ ਕੌਸ਼ਲ ਕੁੱਖ ਜਯੋਜੂ ॥

(ਟੀਕਾ) ਜੇਕਰ ਰਾਮ ਅਜੋਨੀ ਤੇ ਅਜਾਤ ਆਖਦੇ ਹੋ ਤਾਂ ਫੇਰ ਓਹੁ ਕੌਸ਼ਲਜਾ ਦੀ ਕੁਖ ਥੀਂ ਕਿਉਂ ਉਤਪਤ ਹੋਯਾ ॥

ਕਾਲ ਹੂ ਕਾਨ ਕਹੇ ਜਿਹਕੋ ਕਿਹ ਕਾਰਨ ਕਾਲ ਤੇ ਦੀਨ ਭਯੋਜੂ ॥

(ਟੀਕਾ) ਜਿਸ ਨੂੰ ਕਾਲ ਨਾਸ਼ ਨਹੀ ਕਰਦਾ ਓਹੁ ਕਿਉਂ ਕਾਲ ਅੱਗੇ ਫੇਰ ਦੀਨ ਹੋਯਾ।

ਕਿਉਂ ਕਹੋ ਕ੍ਰਿਸ਼ਨ ਕ੍ਰਿਪਾਨਿਧ ਹੈ ਕਿਹ ਕਾਜ ਤੇ ਬਧਕ ਬਾਨ ਲਗਾਯੋ ॥

ਔਰ ਕੁਲੀਨ ਉਧਾਰਤ ਜੋ ਕਿਹਿਤੇ ਅਪਨੋ ਕੁਲ ਨਾਸ
ਕਰਾਯੋ ॥
ਆਦਿ ਅਜੋਨੀ ਕਹਾਇ ਕਹੋ ਕਿਮ ਦੇਵਕੀ ਕੇ
ਜਠਰੰਤਰ ਆਯੋ ॥
ਤਾਤ ਨਾਂ ਮਾਤ ਕਹੇ ਜਿਹ ਕੋ ਤਿਹੁ ਕਿਉਂ ਬਸ ਦੇਵਹ
ਬਾਪ ਕਹਾਯੋ ॥

(ਟੀਕਾ) ਤੁਸੀ ਜੋ ਕ੍ਰਿਸ਼ਨ ਜੀ ਨੂੰ ਹੀ ਕ੍ਰਿਪਾ ਨਿਧ ਕਰਕੇ ਉਚਾਰਦੇ ਹੋ ਭਲਾ ਜੇਕਰ
ਓਹੁ ਕ੍ਰਿਪਾ ਨਿਧ ਸੀ ਤਾਂ ਬਧਕ ਦੇ ਹੱਥੋਂ ਕਿਉਂ ਮੋਯਾ ॥
ਜੋ ਹੋਰਨਾਂ ਕੁਲਾਂ ਨੂੰ ਉਧਾਰਨ ਜੋਗ ਹੈ ਤਾਂ ਯਾਦਵਾਂ ਦੇ ਸਰਬੰਸ ਨੂੰ ਕਿਉਂ ਨਾਸ
ਕਰਾਯਾ ॥
ਜੇਹੜਾ ਆਦਿ ਥੀਂ ਪਰੇ ਹੈ ਅਜਨਮਾ ਹੈ ਓਹੁ ਭਲਾ ਫੇਰ ਕਿਸ ਤਰਾਂ ਨਾਲ ਦੇਵਕੀ
ਦੇ ਜਠਰ ਵਿਖੇ ਆ ਸਕਦਾ ਹੈ ॥
ਜਿਸ ਦੀ ਮਾਤਾ ਪਿਤਾ ਕੋਈ ਨਹੀਂ ਫੇਰ ਉਸਦਾ ਪਿਤਾ ਬਾਸਦੇਵ ਕੀਕੂ ਬਣਦਾ ਹੈ॥

(੭) ਕਾਲ ਬਧੇ ਸਭ ਹੀ ਮ੍ਰਿਤ ਕੇ ਕੋਊ ਰਾਮ ਰਸੂਲ ਨਾਂ
ਬਾਚਨ ਪਾਇ ॥ ਦਾਨਵ ਦੇਵ ਫਨਿੰਦ ਧਰਾ ਧਰ ਭੂਤ
ਭਵਿਖ ਉਪਾਇ ਮਿਟਾਇ ॥
ਅੰਤ ਮਰੇ ਪਛੁਤਾਇ ਪ੍ਰਿਥੀ ਪਰੁ ਜੇ ਜਗ ਮੈਂ ਅਵਤਾਰ
ਕਹਾਇ ॥
ਰੇ ਮਨ ਲੈਇਲੈ ਕੇਲਹੀ ਕ ਲ ਕੇ ਲਾਗਤ ਕਹਿਨਾ
ਪਾਇ ਨ ਧਾਇ ॥

(ਟੀਕਾ) ਸਭ ਮੌਤ ਕੇ ਜਾਲ ਵਿਖੇ ਬੰਧੇ ਹੁਏ ਹੈਂ ਜਿਸ ਥੀਂ ਕੋਈ ਰਾਮ ਰਸੂਲ ਨਹੀਂ
ਬਚ ਸਕਦਾ ॥
ਜਿਨਾਂ ਨੇ ਔਤਾਰ ਹੋਣ ਦਾ ਦਾਵਾ ਕੀਤਾ ਹੈ ਓਹ ਓੜਕ ਨੂੰ ਪਛਤਾਇ ਮਰਗਏ ॥
ਹੇ ਮਨ ਤੂੰ ਅਕਲਾ ਹੈ ਅਕਾਲ ਪੁਰਖ ਦੇ ਚਰਣਾ ਵਿਚ ਕਿਉਂ ਨਹੀਂ ਲਾਂਵਦਾ ॥

(੮) ਚੌਪਈ ॥ ਮੈਨਾਂ ਗਨੇਸ਼ਹਿ ਪ੍ਰਿਥਮ ਮਨਾਊਂ ॥
ਕ੍ਰਿਸ਼ਨ ਬਿਸ਼ਨ ਕਬਹੂੰ ਨਾਂ ਧਿਆਊਂ ॥
ਕਾਂਨ ਸੁਨੇ ਪਹਿਚਾਨ ਨਾਂ ਤਿਨਸਿਉਂ ॥ ਲਿਵਲਾਗੀ ਮੋਰੀ ਪਮਾਇਨ ਸਿਉਂ ॥ ਮਹਾਂ ਕਾਲ ਰੱਖਵਾਰ ਹਮਾਰੋ ॥ ਮਹਾ ਲੋਹ ਮੈਂ ਕਿੰਕਰਬਾਰੋ ॥

(ਟੀਕਾ) ਮੈਂ ਗਨੇਸ਼ ਕ੍ਰਿਸ਼ਨ ਤੇ ਬਿਸ਼ਨ ਨੂੰ ਕਦੇ ਭੀ ਅਦਿ ਵਿਖੇ ਨਹੀਂ ਪੂਜਦਾ ॥
ਕੰਨੀ ਸੁਣੇ ਹਨ ਪਰ ਤਿਨਾ ਦੀ ਪਛਾਣ ਮੈਨੂੰ ਨਹੀਂ ॥
ਮੇਰਾ ਪ੍ਰੇਮ ਤਾਂ ਈਸ਼ਵਰ ਦੇ ਚਰਨਾਂ ਵਿਖੇ ਲਗਾ ਹੋਯਾ ਹੈ ॥
ਮਹਾਂ ਕਾਲ ਸ੍ਰੀ ਅਕਾਲ ਪੁਰਖ ਮੇਰੀ ਰਖਯਾ ਕਰਦਾ ਹੈ ॥
ਬੜੇ ਕਠੋਰ ਦੁਖ ਵਿਖੇ ਸਹਾਇਤਾ ਦੇਂਦਾ ਹੈ ॥
ਤੇ ਤਿਸ ਵਿਖੇ ਅਪਣਾ ਸੇਵਕ ਜਾਣਕੇ ਬਚਾਉਂਦਾ ਹੈ ॥

(੯) ਕ੍ਰਿਸ਼ਨ ਨੇ ਰਾਖਸ਼ਾਂ ਨੂੰ ਮਾਰਯਾ ਤੇ ਹੋਰ ਕਈ ਕੰਮ ਕੀਤੇ ਨਾਲ ਹੀ ਆਪਣੇ ਆਪ ਨੂੰ ਬ੍ਰਹਮ ਉਚਾਰਿਆ ਪ੍ਰੰਤੂ ਓਹੁ ਈਸ਼੍ਵਰ ਨਹੀਂ ਬਣ ਸਕਦਾ ਓਹੁ ਤਾਂ ਆਪ ਕਾਲ ਦੀ ਬੁਰਕੀ ਬਣਿਆ ਭਲਾ ਜੇਹੜੇ ਤਿਸ ਪਰ ਨਿਸਚਾ ਕਰਨਗੇ ਉਨ੍ਹਾਂ ਨੂੰ ਕਿਸ ਪ੍ਰਕਾਰ ਬਚਾ ਸਕਦਾ ਹੈ ਜੋ ਆਪ ਡੁੱਬਦਾ ਹੋਵੇ ਓਹ ਦੂਸਰਿਆਂ ਨੂੰ ਕਿਸਤਰਾਂ ਨਾਲ ਤਾਰ ਸਕਦਾ ਹੈ ਕੇਵਲ ਈਸ਼੍ਵਰ ਹੀ ਸ਼ਕਤੀ ਮਾਨ ਹੈ ਓਹ ਹੀ ਉਤਪਤ ਕਰਦਾ ਹੈ ਓਹੀ ਮਿਟਾਉਂਦਾ ਹੈ ॥

(੧੦) ਨਾਂ ਤਾ ਉਪਮਾਂ ਦੇ ਕਰਕੇ ਹੀ ਬਸ ਹੁੰਦਾ ਹੈ ਨਾ ਬੁਰਾ ਫੇਰਨ ਕਰਕੇ ਗੁਸੇ ਹੀ ਹੁੰਦਾ ਹੈ ਫੇਰ ਓਹੁ ਕ੍ਰਿਸ਼ਨ ਦਾ

ਔਤਾਰ ਕਿਵੇਂ ਹੋਸਕਦਾਹੈ ਜਿਸ ਦਾ ਕੋਈ ਮਾਤਾ ਪਿਤਾਨਹੀਂ ਜਿਸਦੀ ਕੋਈ ਸੰਤਾਨ ਨਹੀਂ ਓਹੁ ਫੇਰ ਦੇਵਕੀਦੇ ਪੇਟ ਵਿਖੇ ਕਿਸ ਪ੍ਰਕਾਰ ਆਸਕਦਾ ਹੈ ਇਹੁ ਸਭ ਦਸਵੀਂ ਪਾਤਸ਼ਾਹੀ ਦੇ ਸ਼ਬਦ ਹਜ਼ਾਰੇ ਵਿਖੇ ਲਿਖਯਾ ਹੈ ॥

ਦੇਵੀ ਦੇਵਤਾ

ਜਿਵੇਂ ਓਹੁ ਔਤਾਰ ਹੋਣਦੇ ਵਿਰੁਧਸੀ ਏਸੇ ਪ੍ਰਕਾਰ ਓਹੁ ਦੇਵੀ ਦੇਵਤਿਆਂ ਪਰ ਭੀ ਨਿਸਚਾ ਨਹੀਂ ਸੀ ਧਾਰਦਾ ਨਾਹੀਂ ਕਿਸੇ ਨੂੰ ਦੇਵੀ ਦੇਵਤੇ ਦੀ ਪੂਜਾ ਵਾਸਤੇ ਪ੍ਰੇਰਦਾ ਨਾਂਹੀਂ ਆਪ ਕਰਦਾ ਹੁੰਦਾ ਸੀ ॥

(੧) ਰਾਮ ਰਹੀਮ ਦੇ ਨਾਮ ਉਚਾਰਨ ਕਰਕੇ ਕਲਯਾਨ ਨਹੀਂ ਹੁੰਦੀ ਬ੍ਰਹਮਾਂ ਵਿਸ਼ਨੂੰ ਸ਼ਿਵ ਸੂਰਜ ਚੰਦ੍ਰਮਾਂ ਆਦਿਕ ਸਭ ਕਾਲ ਦੇਹੀ ਵੱਸ ਹੈਨ (ਯਥਾ)

(੨) ਕ੍ਰਿਸ਼ਨ ਔ ਬਿਸ਼ਨ ਜਪੇ ਤੁਹਿ ਕੋਟਿਕ ਰਾਮ ਰਹੀਮ ਭਲੀ ਬਿਧ ਧਯਾਯੋ ॥ ਬ੍ਰਹਮ ਜਪਯੋ ਅਰ ਸੰਭੁ ਥਪਯੋ ਤਹਿ ਤੇ ਤੁਹਕੋ ਕਿਨ ਹੂੰ ਨਾ ਬਚਾਇਓ ॥ ਕੋਟ ਕਰੀ ਤਪਸਾਦਿਨਕੋਟਕ ਕਾਹੂੰ ਨਾ ਕੌਡੀ ਕੋ ਕਾਮਕਢਾਯੋ ॥ ਕਾਮਕਾ ਮੰਤ੍ਰ ਕਿਸੀਰੇ ਦੇ ਕਾਮਨਾ ਕਾਲਕੋ ਘਾਉ ਕਿਨ ਹੂੰਨਾਂ ਬਚਾਯੋ ॥

(ਟੀਕਾ) ਕ੍ਰਿਸ਼ਨ ਬਿਸ਼ਨ ਕ੍ਰੋੜਾਂ ਦੀ ਪੂਜਾ ਕਰੋ ਹਿੰਦੂਆਂ ਨੇ ਚਾਰ ਵੇਦਾਂ ਦੀ ਮੁਸਲਮਾਨਾਂ ਨੇ ਰਹੀਮ ਦੀ ਪੂਜਾ ਕੀਤੀ ਸ਼ਿਵਜੀ ਬ੍ਰਹਮਾ ਦੀ ਉਪਾਸ਼ਨਾ ਭੀ ਕੀਤੀ ਪ੍ਰੰਤੂ ਕਈਭੀ ਤੁਹਾਂ ਨੂੰ ਨਹੀਂ ਬਚਾਸਕੇਗਾ ਤੁਸੀ ਭਾਵੇ ਕ੍ਰੋੜਾਂਹੀ ਦਿਨ ਕ੍ਰੋੜਾਂ ਦੇਵਤਿਆਂ ਦੀਆਂ ਉਪਾਸ਼ਨਾ ਕਰੋ

ਜਾਵੇ ਪ੍ਰੰਤੂ ਤਿਨਾਂ ਨੇ ਤਾਂ ਕੌਡੀ ਭੱਜੀ ਵਰਗਾ ਭੀ ਕੰਮ ਨਹੀ ਦੇਣਾਂ ਮਿਸਾਰੀ ਲੋਭ ਲਾਲਚੇ ਵਿਖੇ ਮੰਤ੍ਰ ਤੰਤ੍ਰ ਜੰਤ੍ਰ ਕਰਦਾ ਫਿਰਦਾ ਰਿਹ ਪਰ ਮੌਤ ਦੇ ਪਉਥੀਂ ਤੈਨੂੰ ਕਿਸੇ ਭੀ ਨਹੀ ਬਚਾ ਸੱਕਣਾ ॥

ਜਦੋਂ ਗੁਰੂ ਗੋਬਿੰਦ ਸਿੰਘ ਜੀ ਆਪਣੇ ਆਪ ਨੂੰ ਇਕ ਪੁਰਖ ਵਰਗਾ ਹੀ ਆਖਦੇ ਹਨ ਤਾਂ ਫੇਰ ਭਲਾ ਕਿਸਤ੍ਰਾਂ ਹੋ ਸਕਦੀ ਹੈ ਕਿ ਓਹੁ ਦੇਵੀ ਦੇਵਤੇ ਨੂੰ ਵਡਾ ਜਾਣਦਾ ਹੋਵੇ ਲੋਕਾਂ ਨੇ ਜਿਸਨੂੰ ਚਾਹਿਆ ਦੇਵਤਾ ਸਥਾਪਨ ਕਰ ਲੀਤਾ ਤੇ ਪੂਜਾ ਆਰੰਭ ਕਰ ਦਿੱਤੀ ਅਜੇਹੇ ਘੋਰ ਸਮੇਂ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਔਤਾਰ ਬਣ ਜਾਣਾਂ ਕੋਈ ਅਸੰਭਵ ਗਲ ਨਹੀਂ ਸੀ ਪ੍ਰੰਤੂ ਉਨ੍ਹਾਂ ਨੇ ਆਪਣੇ ਆਪ ਹੀ ਇਸ ਬਾਤ ਨੂੰ ਵਿਚਾਰ ਕੇ ਆਪਣੀ ਪਦਵੀ ਪੁਰਖ ਨਾਲੋਂ ਵਿਸ਼ੇਸ਼ ਨਹੀਂ ਵਰਨੰਨ ਕੀਤੀ ॥

ਮੁਹੰਮਦ ਖੁਦਾ ਦਾ ਪਿਆਰਾ ਬਣ ਬੈਠਾ ਮੂਸਾ ਖੁਦਾਂ ਦਾ ਮਿਤ੍ਰ ਬਣਿਆ ਈਸਾ ਅਕਾਲ ਪੁਰਖ ਦਾ ਪੁਤ੍ਰ ਹੀ ਬਣ ਬੈਠਾ ਕ੍ਰਿਸ਼ਨ ਜੀ ਤਾਂ ਆਪ ਹੀ ਪ੍ਰਮੇਸ਼੍ਵਰ ਸੀ ਬੁਧ ਜੀ ਭੀ ਈਸ਼੍ਵਰ ਬਣੇ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਸਚਾਈ ਨਾਲ ਤੇ ਭਲਿਆਈ ਨਾਲ ਅਕਾਲ ਪੁਰਖ ਦਾ ਸੇਵਕ ਤੇ ਪੁਰਖ ਉਚਾਰਨ ਕੀਤਾ ਜੇਹਾ ਕੁ ਬਚਿੱਤ੍ਰ ਨਾਟਕ ਵਿਖੇ ਵਰਨੰਨ ਹੈ ॥

ਜੋ ਹਮਕੋ ਪ੍ਰਮੇਸ਼੍ਵਰ ਉਚਰਹਿ॥ ਤੇ ਸਭ ਨਰਕ ਕੁੰਡਮੋਂ ਪਰਹਿ॥
ਮੁਝਕੋ ਦਾਸ ਤਵਨ ਕਾ ਜਾਨੋ ॥ ਯਾ ਮੈਂ ਭੇਦ ਨਾਂ ਰੰਚ ਪਛਾਨੋ॥
ਮੈਹੂੰ ਪਰਮ ਪੁਰਖ ਕੋ ਦਾਸਾ॥ ਦੇਖਨ ਆਯੋ ਜਗਤ ਤਮਾਸਾ॥

ਜੇਹੜਾ ਮੈਨੂੰ ਪ੍ਰਮੇਸ਼੍ਵਰ ਉਚਾਰੇਗਾ ਸੋ ਸਦਾ ਹੀ ਨਰਕਾਂ ਵਿਖੇ

ਰਹੇਗਾ ਮੈਨੂੰ ਸਾਰਾਹੀ ਸੰਸਾਰ ਉਸ ਪ੍ਰਮੇਸ਼੍ਰ ਦਾ ਦਾਸ ਜਾਣੋ ਤੇ ਇਸ ਬਾਤ ਵਿਖੇ ਰੰਚਮਾਤ੍ਰ ਭੀ ਸੰਦੇਹ ਨਾਂ ਕਰੋ ਮੈਂ ਠੀਕ ਠੀਕ ਉਸ ਈਸ਼੍ਰ ਦਾ ਦਾਸ ਹਾਂ ਤੇ ਸੰਸਾਰ ਵਿਖੇ ਤਮਾਸ਼ਾ ਦੇਖਣ ਲਈ ਆਯਾ ਹਾਂ ਤੇ ਇਹੀ ਕਾਰਨ ਹੈ ਕਿ ਇਹੁ ਸੱਚਾ ਗੁਰੂ ਹੋਰਨਾਂ ਸੰਸਾਰੀ ਸਾਰੇ ਮਹਾਤਮਾਂ ਨਾਲੋਂ ਵੱਧ ਪ੍ਰਕਾਸ਼ ਹੋ ਰਿਹਾ ਹੈ ਇਨ੍ਹਾਂ ਸਮਾਚਾਰਾਂ ਥੀਂ ਇਹੁ ਭੀ ਫਲ ਨਿਰਸੰਦੇਹ ਨਿਕਲਦਾ ਹੈ ਕਿ ਓਹੁ ਵੇਦਾਂਤ ਦੇ ਉਸ ਵਾਕ ਨੂੰ ਭੀ ਨਹੀਂ ਮੰਨਦੇ ਸੀ ਜੇਹੜਾ ਈਸ਼੍ਰ ਤੇ ਜੀਵ ਦੀ ਏਕਤਾ ਦਾ ਬਚਨ ਹੈ ਈਸ਼੍ਰ ਤੇ ਜੀਵ ਨੂੰ ਓਹੁ ਵਖੋ ਵਖਰਾ ਮੰਨਦੇ ਸੀ ਇਸਦਾ ਨਿਰਣਾਂ ਕਈ ਹੋਰਨੀ ਥਾਈਂ ਪ੍ਰਗਟ ਹੈ ॥

ਮੂਰਤੀ

ਜਦੋਂ ਓਹੁ ਅਜੇਹੇ ਦੇਵਤੇ ਤੇ ਔਤਾਰਾਂ ਦੇ ਸ਼ਰੀਰ ਹੋਣੇ ਹੀ ਨਹੀਂ ਮੰਨਦੇ ਸੀ ਤਾਂ ਫੇਰ ਓਹੁ ਉਨ੍ਹਾਂ ਦੀ ਮੂਰਤੀ ਪੂਜਾ ਨੂੰ ਕਦੋਂ ਭਲੀ ਆਖ ਸਕਦੇ ਸੀ ਓਹੁ ਤਾਂ ਪ੍ਰਗਟ ਹੀ ਮੂਰਤੀ ਪੂਜਾ ਦੇ ਵਿਰੁਧ ਸੀ ਏਸੇ ਤਰਾਂ ਹੀ ਮੜ੍ਹੀ ਪੂਜਾ ਤੇ ਪਿਤ੍ਰਾਂ ਦੀ ਪੂਜਾ ਦੇ ਭੀ ਵਿਰੁਧ ਸੀ ਸਗੋਂ ਪਾਪ ਜਾਣਦੇ ਸੀ ਉਸਦੇ ਬਹੁਤ ਸਾਰੇ ਸ਼ਬਦ ਇਸ ਵਿਸ਼ੇ ਪਰ ਹਨ ਨਮੂਨੇ ਦੀ ਤੌਰ ਤੇ ਏਥੇ ਕੁਛ ਲਿਖਦੇ ਹਾਂ ॥

(੧) ਫੋਕਟ ਧਰਮ ਭਜੋ ਫਲ ਹੀਨ ਜੋ ਪੂਜ ਸਿਲਾ ਯੁਗ ਕੋਟ ਗਵਾਏ ॥ ਸਿੱਧ ਕਹਾਂ ਸਿਧ ਕੇ ਪਰਸੇ ਫਲ ਬ੍ਰਿਧ

ਘਟੇਂ ਨਵਨਿਧ ਨਾਂ ਪਾਏ ॥ ਆਜ ਹੀ ਆਜ ਸਮਾ ਜੋ ਬਿਤਯੋ ਕਾਜ ਸਰਯੋ ਕੁਛ ਲਾਜ ਨਾਂ ਪਾਏ ॥ ਸ੍ਰੀ ਭਗਵੰਤ ਭਜਯੋ ਨਾ ਅਰੇ ਜੜ ਐਸੇਹੀ ਐਸੇ ਸੁਬੈ ਸਗਵਾਏ ॥

(ਟੀਕਾ) ਪਾਖੰਡ ਧਰਮ ਤਾਂ ਨਿਸ਼ਫਲ ਹੈ ਭਾਵੇਂ ਸਿਲਾ ਨੂੰ ਕ੍ਰੋੜਾਂ ਜੁਗਾਂ ਪ੍ਰੀਤਿ ਪੂਜਦੇ ਰਹੋ ਐਵੇ ਆਪਣਾਂ ਸਮਾ ਗਵਾਉਣਾ ਹੈ ।
ਪਥਰ ਪੂਜਣ ਕਰਕੇ ਕੁਛ ਪ੍ਰਾਪਤ ਨਹੀ ਹੋਂਦਾ ਸਗੋਂ ਬਲਕੇ ਉਨਤੀ ਨਸ਼ਟ ਹੋਜਾਂਦੀ ਹੈ ਅਤੇ ਪ੍ਰਮਾਨੰਦ ਨੂੰ ਪ੍ਰਤਖ ਪ੍ਰਾਪਤ ਨਹੀਂ ਹੋਸਕਦਾ॥
ਹੇ ਮੂਰਖ ਤੂੰ ਸਾਰਾ ਸਮਾ ਹੀ ਗਵਾ ਬੈਠਾ ਤੇ ਮੂਰਤ ਪੂਜਾਹੀ ਕਰਦਾ ਰਿਹੋਂ ਇਸ ਵਿਖੇ ਹੀ ਤੇਰੀ ਸਾਰੀ ਉਮਰਾਂ ਬਿਅਰਥ ਬੀਤ ਗਈ ਤੂੰ ਪ੍ਰਮੇਸ਼ਵਰ ਭਗਵਾਨ ਦੀ ਸੇਵਾ ਨਾਂ ਕੀਤੀ ਐਵੇਂ ਹੀ ਸੰਸਾਰ ਵਿਖੇ ਆਕੇ ਮਰ ਗਿਓਂ ॥ ਹੇ ਮੂਰਖਾ ਮੂਰਤੀ ਪੂਜਨ ਵਿਖੇ ਤੈਨੂੰ ਸ਼ਰਮ ਨਹੀਂ ਆਉਂਦੀ ਐਵੇਂ ਬਿਅਰਥ ਉਮਰਾਂ ਨਾਂ ਗਵਾਤੇ ਸ੍ਰੀ ਭਗਵੰਤ ਨੂੰ ਯਾਦ ਕਰਕੇ ਜਨਮ ਸਵਾਰ ਲੈ॥

(੨) ਕਾਹੇ ਕੋ ਪੂਜਤ ਪਾਹਨ ਕੋ ਕੁਛ ਪਾਹੁਨਮੈ ਪ੍ਰਮੇਸਵਰ ਨਾਹੀ॥

ਇਤਆਦੀਬੋਹਤਵਾਕਗੁਰੂਗ੍ਰੰਥਸਾਹਿਬਵਿਖੈ ਭਰੇਪਏਹਨ ॥ ਹੇ ਮਿਤ੍ਰੋ ਪੱਥਰਾਂ ਨੂੰ ਕਿਉਂ ਪੂਜਦੇ ਹੋ ਉਨਾਂ ਦੇ ਪੂਜਣੇ ਕਰਕੇ ਪ੍ਰਮਸ਼ਵਰ ਨਹੀਂ ਪ੍ਰਾਪਤ ਹੁੰਦਾ ਓਸ ਪ੍ਰਮੇਸ਼ਵਰ ਨੂੰ ਪੂਜੋ ਜਿਸ ਦੀ ਪੂਜਾ ਕਰਨੇ ਕਰਕੇ ਸਭ ਦੁਖ ਕਸ਼ਟ ਦੂਰ ਹੋ ਜਾਂਦੇ ਹਨ ਧੋਖੇ ਤੇ ਕਪਟ ਦੇ ਧਰਮਾਂ ਥੀਂ ਕੁਛ ਲਾਭ ਨਹੀਂ ॥

(੩) ਜੋ ਜਗ ਤੇ ਕਰਹੀ ਤਪਸਾ ਕੁਛ ਤੋਹਿ ਪ੍ਰਸੰਨ ਨਾਂ ਪਾਹਨ ਕੈ ਹੈ ॥

ਹਾਥ ਉਠਾਏ ਫਲੇ ਬਿਧ ਸੋ ਜੜ ਤੋਹਿ ਕਛੂ ਬਰਦਾਨ ਨਾਂ

ਦੇ ਹੈ ॥ ਇਤਆਦਿਕ ॥

ਹੇ ਪਿਆਰਿਓ ਜੇਤੁਸੀਂ ਜੁਗਾਂ ਤੀਕ ਭੀ ਪੱਥਰਾਂ ਦੀ ਪੂਜਾ ਕਰਦੇ ਰਹੋਗੇ ਤਾਂ ਪੱਥਰ ਨੇ ਕਿਸੇ ਪ੍ਰਕਾਰ ਦੀ ਭੀ ਪ੍ਰਸੰਨਤਾ ਪ੍ਰਗਟ ਨਹੀਂ ਕਰਨੀ ਹੇ ਮੂਰਖਾ ਤੈਨੂੰ ਉਸ ਬਿਨਾਂ ਸ਼ਕਤੀ ਵਾਲੇ ਪ੍ਰਮੇਸ੍ਵਰ ਦੇ ਪੱਥਰ ਨੇ ਤੈਨੂੰ ਕੋਈ ਬਰਕਤ ਨਹੀਂ ਦੇਣੀ ਤੈਨੂੰ ਇਹੁ ਕੀਹ ਭਰਮ ਪੈਗਿਆ ਹੈ ਜੋ ਦੁਖਾਂ ਕਸ਼ਟਾਂ ਥੀਂ ਮੂਰਤੀ ਮੈਨੂੰ ਬਚਾਵੇ ਗੀ ਸੋ ਹੇ ਮੂਰਖ ਬੇਸਮਝਾ ਪੁਰਖਾ ਇਹੁ ਬਾਤ ਚੇਤੇ ਰਖ ਜੋ ਇਸ ਝੂਠੇ ਧਰਮ ਦੇ ਧਾਰਨ ਕਰਕੇ ਤੂੰ ਆਪਣੀ ਪਤ ਗਵਾ ਬੈਠੇਂਗਾ ॥ ਬਚਿਤ੍ਰਨਾਟਕ

(੪) ਪਖਾਨ ਪੂਜਹੋਂ ਨਹੀਂ ॥ ਨਾਂ ਭੇਖ ਭੀਜ ਹੋਂ ਕਹੀਂ
ਅਨੰਤ ਨਾਮ ਗਾਇ ਹੋਂ ॥ ਪਰਮ ਪੁਰਖ ਪਾਇ ਹੋਂ

(ਟੀਕਾ) ਮੈਂ ਮੂਰਤੀ ਪੂਜਕ ਨਹੀ ਹਾਂ ਨਾਹੀਂ ਕਿਸੇ ਭੇਖ ਵਿਚ ਭਿਜਦਾ ਹਾਂ ਅਨੰਤ ਨਾਮ ਵਾਹਿਗੁਰੂ ਨੂੰ ਸਿਮਰਦਾ ਹਾਂ ਤੁਰੰਤ ਪਰਮਪੁਰਖ ਨੂੰ ਪਾਵਾਂਗਾ॥

(੫) ਮਹਾਦੇਵਕੋ ਕੈਹਤ ਸਦਾ ਸ਼ਿਵ ॥ ਨਿਰੰਕਾਰ ਕਾ
ਚੀਨਤ ਨਹਿ ਭਿਵ ॥ (ਰਹੁਰਾਸ)

(ਟੀਕਾ) ਮਹਾਦੇਵ ਨੂੰ ਸ਼ਿਵ ਆਖਦੇ ਹਨ ਪਰ ਨਿਰੰਕਾਰਜੀ ਦਾ ਭੇਦ ਨਹੀਂ ਪਾਸਕਦੇ ਉਸ ਪੱਥਰ ਦੀ ਮੂਰਤੀ ਦੀ ਪੂਜਾ ਕਰਦੇ ਹਨ ਜਹੜੇ ਪੁਰਖ ਈਸ਼ਵਰ ਦਾ ਭਜਨ ਪੂਜਨ ਨਹੀਂ ਕਰਦੇ ਓਹੁ ਬੜੇ ਹੀ ਅਹਮਕ ਨਾਦਾਨ ਹੈਨ ਇਸ ਉਪਰ ਹੋਰ ਕਈ ਬਚਨ ਗੁਰੂ ਸਾਹਿਬ ਦੇ ਉਚਾਰੇ ਹੋਏ ਹਨ ਪਰ ਇਥੇ ਤਾਂ ਅਸਾਂ ਦ੍ਰਿਸ਼ਟਾਂਤ ਮਾਤ੍ਰ ਹੀ ਦਸੇ ਹਨ ॥

ਜਨੇਊ ਪਰ ਵਿਚਾਰ

ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਧਰਮ ਵਾਸਤੇ ਜਨੇਊ ਨੂੰ

ਪੈਹਰਨਾਂ ਬੰਦਕਰ ਦਿੱਤਾ ਇਸ ਪਰ ਵਿਸਤਾਰ ਪੂਰਬਕ ਪੈਹਲੇ ਨਿਰਣਾਂ ਕੀਤਾ ਜਾ ਚੁਕਾ ਹੈ ਏਥੇ ਤਾਂ ਕੇਵਲ ਐਨਾਂਹੀ ਦਸਣਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਕੀਹ ਮਰਜ਼ੀ ਸੀ ਕਿਉਂ ਜੋ ਹੁਣ ਇਹੁ ਉਦਮ ਕਰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਯਗਜੋ ਪਵੀਤ ਸੰਸਕਾਰਾਂ ਵਿਖੇ ਪ੍ਰਤਖ ਕਰੀਏ ਸੋ ਅਜਕਲ ਇਕ ਨਵੇਂ ਸਿੱਖ ਦੀ ਹਿੰਮਤ ਤੇ ਕੋਸ਼ਸ ਹੋ ਰਹੀ ਹੈ ਜੇਹੜਾ ਅਪਣੇ ਆਪ ਨੂੰ ਭੀ ਬ੍ਰਾਹਮਣ ਪ੍ਰਗਟ ਕਰਦਾ ਹੈ ਤੇ ਆਰੀਯਾ ਸਮਾਜ ਦਾ ਭੀ ਮੈਂਮਬਰ (ਸਹਾਇਕ ਹੈ) ਇਹੁ ਪ੍ਰਗਟ ਕਰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਭੀ ਜਨੇਊ ਪਹਿਰਾਯਾ ਚਾਹੁੰਦੇ ਸੀ ਇਸ ਵਾਸਤੇ ਸਿਖਾਂ ਨੂੰ ਭੀ ਜਨੇਊ ਧਾਰਨ ਕਰਨਾ ਚਾਹੀਏ ਪ੍ਰੰਤੂ ਇਸ ਬਾਤ ਵਿਖੇ ਓਹ ਭੁੱਲ ਰਿਹਾ ਹੈ ਹਾਂ ਜੇਹੜੇ ਹਿੰਦੂ ਜਨੇਊ ਧਾਰਕ ਹਨ ਉਨਾਂ ਦੇ ਬਚਾਉ ਵਾਸਤੇ ਸਿਖਾਂ ਨੂੰ ਉਪਦੇਸ਼ ਜ਼ਰੂਰ ਦਿਤਾ ਹੈ ਪ੍ਰੰਤੂ ਖ਼ਾਲਸੇ ਨੂੰ ਜਨੇਊ ਪਹਿਨਣੋਂ ਮੁਕਤ ਕਰ ਦਿੱਤਾ ਹੈ ਸੋ ਮੈਂ ਪਾਠਕ ਜਨਾਂ ਦੀ ਦ੍ਰਿਸ਼ਟੀ ਗੋਚਰ ਰੈਹਤ ਨਾਮਾ ਕਰਦਾ ਹਾਂ ਜਿਸ ਵਿਖੇ ਪ੍ਰਤਖ ਇਉਂ ਲਿਖਿਆ ਹੈ।

,,ਸਿੰਘ ਹੋਇ ਗਲ ਤਾਗਾ ਮੇਲੈ॥ ਚੌਪੜ ਬਾਜ਼ੀ ਗਨਕਾ ਖੇਲੈ,,

ਜੇਹੜਾ ਮੇਰਾ ਸਿੰਘ ਹੋ ਕਰਕੇ ਜਨੇਊ ਪਾਵੇ ਅਥਵਾ ਚੌਪੜ ਅਥਵਾ ਬੇਸਵਾ ਗਮਨ ਕਰੇਗਾ ਸੋ ਕੁਸ਼ਟੀ ਹੋ ਕਰਕੇ ਨਰਕਾਂ ਵਿਖੇ ਪਵੇਗਾ॥

ਮੇਰੀ ਵਿਚਾਰ ਵਿਖੇ ਜਦ ਪ੍ਰਤਖ ਇਕ ਬਚਨ ਸਪਸ਼ਟ ਉਲਟਾ ਮਿਲ ਜਾਵੇ ਤਾਂ ਬਾਦੀ ਪੁਰਖ ਨੂੰ ਚੁੱਪਕਰ ਜਾਣਾਂ ਲੋੜੀਏ ॥

ਟੀਕਾ ਰੈਹਤ ਨਾਮਾ ਤਵਾਰੀਖ ਅੰਗ੍ਰੇਜ਼ੀ ਸਿਖਾਂ ਦੀ ਬਣਾਇਆ ਹੋਇਆ ਕਨੀਂਘਮ ਸਾਹਿਬ ਦੀ ਦਾ ਸਫਾ ੨੭੪ ਪਰ ਲਿਖਯਾ ਵੇਖੋ ॥

ਜੇਹੜੇ ਲੋਕ ਇਹੁ ਆਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਜਨੇਊ ਪਹਿਰਨ ਦੇ ਅਨਕੂਲ ਸੀ ਓਹੁ ਧੋਖਾ ਦੇਂਦੇ ਹਨ ਸਗੋਂ ਉਸਦੇ ਉਦੇਸ਼ ਪਰ ਪਾਣੀ ਫੇਰਦੇ ਹਨ ॥

ਵਰਨ

ਇੱਕ ਅਜੇਹਾ ਫਿਰਕਾ ਹੈ ਕਿ ਜੇਹੜਾ ਪੱਕ ਇਸਗਲ ਦਾ ਨਿਸ਼ਚਾ ਕਰਵਾਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਵਰਨਾਸ਼੍ਰਮਾਂ ਨੂੰ ਮੰਨਦਾ ਸੀ ਤੇ ਹਿੰਦੂਆਂ ਵਿਖੇ ਜੇਹੜੇ ਵਰਨ ਆਸ਼੍ਰਮ ਹਨ ਓਹੁ ਉਨਾਂ ਦੀ ਵਲ ਪਖ ਕਰਦੇ ਸੀ ਹੈ ਬਿਨਾਂ ਦਲੀਲੋਂ ਜਿਸਦਾ ਜੀ ਚਾਹੇ ਸੋ ਦਾਵਾਕਰੇ ਤੇ ਬਿਨਾਂ ਸਬੂਤ ਦੇ ਜਿਸਦਾਜੀ ਚਾਹੇ ਪਿਆ ਪੇਸ਼ ਕਰੇ ॥

ਨਿਰ ਸੰਦੇਹ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਜੀ ਵੇਦਾਂ ਦੇ ਸਤਕਾਰ ਕਰਦੇ ਸੇ ਤੇ ਵੇਦਾਂ ਨੂੰ ਮੰਨਦੇ ਭੀ ਸਨ ਤੇ ਵੇਦਾਂ ਨਾਲ ਉਨ੍ਹਾਂ ਦੀ ਬਾਣੀ ਬੌਹਤ ਸਾਰੀ ਅਨਕੂਲ ਭੀ ਹੈ ਸਗੋਂ ਕਿਧਰੇ ਕਿਧਰੇ ਬੜੇ ਜ਼ੋਰ ਦਾਰ ਵਾਕਾਂ ਵਲ ਹਿੰਦੂਆਂ ਨੂੰ ਭੀ ਪ੍ਰੇਰਿਆ ਹੈ ਤੇ ਇਸ ਵਿਖੇ ਭੀ ਕੁਛ ਸੰਦੇਹ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਤੇ ਖ਼ਾਲਸਾ ਧਰਮ

ਵੈਦਕ ਧਰਮ ਦੇ ਬਚਾਉਣ ਲਈ ਉਤਪਤ ਕੀਤਾ ਸੀ ਪ੍ਰੰਤੂ ਇਨ੍ਹਾਂ ਗਲਾਂ ਥੀਂ ਇਹੁ ਪ੍ਰਗਟ ਕਰਦਾ ਹਾਂ ਕਿ ਓਹੁ ਵਰਨ ਆਸ਼੍ਰਮਾਂ ਦੇ ਅਨਕੂਲ ਸੀ ਇਹੁ ਸਚ ਮੁੱਚ ਕੂੜ ਹੈ ਕਿਉਂ ਜੋ ਉਸਦੇ ਪ੍ਰਤੱਖ ਬਚਨਾਂ ਦ੍ਵਾਰਾ ਪ੍ਰਤੀਤ ਹੋ ਰਿਹਾ ਹੈ ਤੇ ਉਨ੍ਹਾਂਦਾ ਸਾਰਾ ਉਦੇਸ਼ ਤੇ ਉਮਰਾਂ ਭਰ ਦੇ ਕੰਮ ਇਸ ਗਲ ਦੇ ਸਾਖੀ ਹਨ ਕਿ ਓਹੁ ਵਰਨ ਆਸ਼੍ਰਮਾਂ ਨੂੰ ਤੋੜਨ ਵਿਖੇ ਉਦੱਮ ਕਰਦੇ ਰਹੇਸੀ ਤੇ ਪ੍ਰਚਲਤ ਕਰਨ ਵਾਸਤੇ ਕਦੇ ਭੀ ਉਨ੍ਹਾਂ ਨੇ ਉਪਦੇਸ਼ ਨਹੀਂ ਸੀ ਕੀਤਾ ਤੇ ਜੇਕਰ ਇਸ ਦੇ ਪ੍ਰਤਕੂਲ ਉਸਨੂੰ ਵਰਨ ਆਸ਼੍ਰਮਾਂ ਖਾਸ ਕਰਕੇ ਹਿੰਦੂ ਵਰਨ ਆਸ਼੍ਰਮਾਂ ਦਾ ਸਹਾਇਕ ਮੰਨਿਆ ਜਾਵੇ ਤਾਂ ਅਜੇ ਹੀ ਬਾਤਦੇ ਕਰਨੇ ਕਰਕੇ ਉਨ੍ਹਾਂਦੀ ਸਾਰੀ ਉਮਰਾਂ ਦੇ ਪਵਿਤ੍ਰ ਉਦੇਸ਼ ਤੇ ਉਨ੍ਹਾਂਦੀਆਂ ਅਦੁਤੀ ਕੁਰਬਾਨੀਆਂ ਤੇ ਉਸਦੀਆਂ ਕਸ਼ਟਤਾਈਆਂ ਖੇਦਾਂਦੀਆਂ ਸੈਹਨ ਸੀਲਤਾਂ ਤੇ ਹਿੰਦੂਆਂ ਦੇ ਵਾਸਤੇ ਜੇਹੜੇ ਉਬਾਰਨ ਦੇ ਵਾਸਤੇ ਬੜੇ ਪਕੇ ਕੰਮ ਕੀਤੇ ਹਨ ਗੋਯਾ ਉਨ੍ਹਾਂ ਪਰ ਇਕ ਬੇ ਇਨਸਾਫੀ ਦੀ ਛੁਰੀ ਫੇਰਦੇਣੀ ਹੈ ਜੇਹੜੇ ਥੋੜੇ ਜੇਹੇ ਸਿੱਖ ਆਪਣੇ ਆਪ ਨੂੰ ਜ਼ਾਤੀ ਅਭਿਮਾਨ ਵਿਖੇ ਖਤ੍ਰੀ ਸਿੱਖਾ, ਤੇ ਬ੍ਰਾਹਮਣ ਸਿੱਖ ਸਮਝਦੇ ਹਨ ਤੇ ਆਪਣੇ ਆਪ ਨੂੰ ਵਰਨ ਆਸ਼੍ਰਮਾਂ ਦੇ ਬੰਧਨ ਵਿਖੇ ਮੰਨਦੇ ਹਨ ਓਹੁ ਕੇਵਲ ਕੇਸਾਂ ਕਰਕੇਹੀਸਿੱਖਹਨਓਹੁਗੁਰੂਗੋਬਿੰਦਸਿੰਘਜੀਦੇਸਿਖਨਹੀਂਹਨ ਜਿਨ੍ਹਾਂ ਨੂੰ ਖ਼ਾਲਸਾ ਤੇ ਸਿੰਘੀ ਦੀ ਪਦਵੀ ਦਿੱਤੀ ਗਈ ਸੀ

ਓਹੁ ਤਾਂ ਰੈਹਤ ਬੈਹਤ ਵਿਖੇ ਪਕੇ ਸੂਰਬੀਰ ਖਤ੍ਰੀ ਧਰਮ ਨੂੰ ਧਾਰਨ ਵਾਲੇ ਤੇ ਧਰਮ ਦੇ ਬਰਾਉਨ ਵਿਖੇ ਪ੍ਰਯਤਨ ਕਰਨ ਵਾਲੇ ਹਨ ਪਰ ਜੇਹੜੇ ਕੇਵਲ ਕੇਸਾਂ ਦੇ ਹੀ ਧਾਰਨ ਕਰਕੇ ਸਿੰਘੀ ਦਾ ਦਾਵਾ ਕਰਦੇ ਹਨ ਓਹ ਕੂੜੇ ਸਿੱਖ ਹਨ ਤੇ ਆਪਣੀ ਵਿਚਾਰ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਉਦੇਸ਼ ਨੂੰ ਭੀ ਖਿਲਤ ਮਿਲਤ ਕਰ ਦੇਣਾ ਇਹੁ ਸਚਾਈ ਥੀਂ ਦੂਰ ਬਾਤ ਹੈ ਤੇ ਇਹੁ ਗਲ ਤਾਂ ਠੀਕ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਵਰਨ ਆਸ਼੍ਰਮਾਂ ਦੀ ਕੈਦ ਨੂੰ ਖੋਲ੍ਹਣਾ ਚਾਹੁੰਦੇ ਸੀ ਤੇ ਸੂਦਰਾਂ ਨੂੰ ਖਤ੍ਰੀ ਸਗੋਂ ਤਿਨ੍ਹਾਂ ਥੀਂ ਭੀ ਉੱਚੀ ਪਦਵੀ ਦੇਣ ਲਈ ਆਏ ਸੀ ਸੋ ਉਨ੍ਹਾਂਨੇ ਤਾਂ ਆਪਣੇ ਖ਼ਾਲਸੇ ਨੂੰ ਸਭਨਾਂ ਨਾਲੋਂ ਵਿਸ਼ੇਸ਼ ਪਦਵੀ ਦਿੱਤੀ ਹੈ ਪਰ ਜੇਕਰ ਕੋਈ ਜਾਣੇ ਤਦ ਤਾਂ ਠੀਕ ਹੈ ਸੋ ਹੇ ਭਾਈ ਖ਼ਾਲਸਾ ਜੀ ਜੇ ਤੱਤ ਖਾਲਸੇ ਹੋ ਖਬਰਦਾਰ ਰਹੋ ਬ੍ਰਾਹਮਨ ਸਿੱਖ, ਖਤ੍ਰੀ ਸਿੱਖ, ਤੇ ਆਰੀਯਾ ਸਿਖ ਅਜੇ ਜਾਤੀ ਅਭਿਮਾਨ ਵਿਖੇ ਫਿਰ ਤੁਹਾਨੂੰ ਹੇਠਾਂ ਡੇਗਣ ਦੇ ਧਿਆਨ ਵਿਖੇ ਹਨ ਇਨ੍ਹਾਂ ਪਾਸੋਂ ਬੇੜ ਜੇਹੇ ਬਚਕੇ ਹੀ ਰੈਹਣਾਂ ਕਿਸੇ ਖ਼ਾਲਸੇ ਨੂੰ ਇਹੁ ਬਾਤ ਕਦੇ ਭੀ ਚੰਗੀ ਨਹੀਂ ਪ੍ਰਤੀਤ ਹੁੰਦੀ ਹੋਵੇਗੀ ਕਿ ਜਿਸ ਬੂਟੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੁੱਤ੍ਰਾਂ ਦੇ ਲਹੂ ਨਾਲ ਸਿੰਚਕੇ ਉਚੇਰਾ ਕੀਤਾ ਹੋਵੇ ਓਹੁ ਸ੍ਵਾਰਥੀ ਪੁਰਖਾਂ ਦੀ ਬੇਤਰਸੀ ਨਾਲ ਪੁੱਟਿਆ ਜਾਵੇ ॥

ਇਸ ਵਿਸ਼ੇ ਪਰ ਗੁਰੂ ਗੋਬਿੰਦ ਸਿੰਘ ਜੀ ਦਾ ਬਚਨ ਹੈ ਕਿ ਹੇ

ਨੰਦਲਾਲ ਨੰਦਲਾਲ ਗੁਰੂ ਜੀ ਦਾ ਸੇਵਕ ਸਿਖ ਹੈ ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਉਸਦੀ ਪਤ੍ਰ ਕਾਦੇ ਉਤ੍ਰ ਵਿਖੇ ਲਿਖਯਾ ਹੈ ਸੀ ਕਿ ਖ਼ਾਲਸੇ ਦੇ ਕੀਹ ਕੀਹ ਕੰਮ ਯੋਗ ਕਰਨ ਦੇ ਹਨ ਤੇ ਉਸਦੇ ਉੱਤ੍ਰ ਨੂੰ ਤਨਖ਼ਾਹ ਨਾਮਾਂ ਕਰਕੇ ਆਖਦੇ ਹਨ) ਜੋ ਕੁਛ ਉਪਰ ਆਗਯਾ ਦਿਤੀ ਗਈ ਹੈ ਇਸ ਪਰ ਚਲਣਾਂ ਖ਼ਾਲਸੇ ਦਾ ਪਰਮ ਧਰਮ ਹੈ ਮੈਂ ਆਪਣੀ ਰਾਜਧਾਨੀ ਬਨਾਵਾਂਗਾ ਚਾਰੇ ਹੀ ਵਰਨ ਇੱਕ ਵਰਨ ਹੋਜਾਣਗੇ ਸਾਰੇ ਸੰਸਾਰ ਇੱਕੋ ਹੀ ਵਾਹਿ ਗੁਰੂ ਈਸ੍ਵਰ ਦਾ ਨਾਮ ਜਪਾਵਾਂਗਾ ਸਿੰਘ ਘੋੜਿਆਂ ਪਰ ਸਵਾਰੀਆਂ ਕਰਨਗੇ ਤੇ ਹਥਾਂ ਪਰ ਬਾਜ ਜੁਰਰੇ ਬੈਠਾਵਣਗੇ ਤੁਰਕ ਉਨ੍ਹਾਂ ਦੇ ਅੱਗੇ ਅੱਗੇ ਭੱਜ ਦੇ ਫਿਰਨਗੇ ਇਤ ਆਦਿਕ ॥

ਰੈਹਤ ਨਾਮੇ ਵਿਖੇ ਲਿਖਯਾ ਹੈ ਕਿ ਮੈਂ ਚੌਹਾਂ ਵਰਨਾਂ ਨੂੰ ਇੱਕ ਅੰਗ ਬਣਾਵਾਂਗਾ ਤੇ ਉਨ੍ਹਾਂ ਦੇ ਜਪਣ ਵਾਸਤੇ ਇੱਕ ਵਾਹਿ ਗੁਰੂ ਦਾ ਹੀ ਸ਼ਬਦ ਸਜਾਵਾਂਗਾ ॥

ਇਸ ਵਿਸ਼ੇ ਪਰ ਪੈਹਲੇ ਵਿਸਤਾਰ ਪੂਰਬਕ ਬਾਦ ਹੋ ਚੁਕਾ ਹੈ ਗੁਰੂ ਗੋਬੰਦ ਸਿੰਘ ਜੀ ਨੇ ਵਰਨ ਆਸ੍ਰਮਾਂ ਨੂੰ ਮੇਟਿਆ ਹੈ ਭਲਾ ਕੀਹ ਮਜਾਲ ਹੈ ਕਿ ਉਨ੍ਹਾਂ ਨੇ ਸਿੰਘਾਂ ਵਿੱਚ ਕੋਈ ਜ਼ਾਤ ਪਾਤ ਬ੍ਰਾਹਮਨ ਯਾ ਖਤ੍ਰੀ ਦੀ ਭਿੰਨ ਭੇਦਤਾਈ ਰਖੀ ਹੋਵੇ ॥

ਵਾਹਿਗੁਰੂ॥ ਗੁਰੂ ਵਾਹਿਗੁਰੂ ਤੇ ਗੁਰੂ ਸ਼ਬਦ ਥੀਂ ਸਿੰਘਾਂ ਦੇ ਪੁਸਤਕਾਂ ਵਿਖੇ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਭੀ ਤਾਤ ਪ੍ਰਜਤਾ

ਈਸ਼੍ਵਰਦੀ ਹੀ ਸੀ ਜੇਹੜਾ ਪੁਰਖ ਦਾ ਸੱਚਾ ਤੇ ਬੇਸ਼ਰੀਕ ਅਦੁਤੀ ਹੈ ਗੁਰੂ ਗੁਰੂ ਗੋਬਿੰਦਸਿੰਘ ਜੀ ਨੇ ਭੀ ਇਨਾਂ ਸ਼ਬਦਾਂ ਨੂੰ ਉਸੇ ਤਰਾਂ ਹੀ ਈਸ਼੍ਵਰ ਦਾ ਨਾਮ ਹੀ ਸਿਧ ਕੀਤਾ ਹੈ ਜੇਹਾ ਕਿ ਆਦਿਅੰਤ ਏਕੋ ਅਵਤਾਰਾ ॥ ਸੋਈ ਗੁਰੂ ਸਮਝੀਓ ਹਮਾਰਾ॥

ਸ਼ਰਾਧ ਸ਼ਰਾਧਾਂ ਨੂੰ ਭੀ ਨਹੀਂ ਮੰਨਦੇ ਸੀ ਤੇ ਸਗੋਂ ਉਨਾਂ ਦੇ ਪ੍ਰਤਿ ਕੂਲ ਵਾਕ ਉਚਾਰਦੇ ਸੀ॥

(੧) ਜੀਵਤ ਪਿਤ੍ਰ ਨਾਂ ਮਾਨੇ ਕੋਊ ਮੂਏ ਸਰਾਧ ਕਰਾਹੀ॥
ਪੁਨਹ ਮਾਟੀ ਕੇ ਕਰ ਦੇਵਾ ਦੇਵੀ ਤਿਸ ਆਗੇ ਜੀਉ ਦੇਹੀ॥
ਐਸੇ ਪਿਤ੍ਰ ਤੁਮਾਰੇ ਕਹੀਅਹਿ ਆਪਨ ਕਿਹਾ ਨਾਂ ਲੇਹੀ॥
(੨) ਪਿਤ੍ਰ ਭੀ ਬਪਰੇ ਕਿਉਂ ਕਰ ਪਾਵਹਿ ਕਊਏ ਕੂਕਰ ਖਾਂਹੀ॥

(ਟੀਕਾ) ਜਦ ਸ਼ਰਾਧਾਂ ਦਾ ਕੀਤਾ ਹੋਯਾ ਪ੍ਰਸਾਦਿ ਕਾਂ ਤੇ ਕੁੱਤੇ ਹੀ ਖਾਂਦੇ ਹਨ ਤਾਂ ਪਿਤ੍ਰਾਂ ਨੂੰ ਕਿਸ ਪ੍ਰਕਾਰ ਕਰਕੇ ਭੋਜਨ ਪੌਹਚ ਸਕਦਾ ਹੈ ਜੀਉਂਦੇ ਪੁਰਖਾਂ ਨੂੰ ਪਿੱਤ੍ਰਾਂ ਕੋਈ ਮੰਨਦਾ ਹੀ ਨਹੀਂ ਮਰਨੇ ਪਰ ਸਰਾਧ ਕਰ ਉਣੇ ਨਿਸ਼ਫਲ ਹਨ ਫੇਰ ਮਿੱਟੀ ਦੇ ਦੇਵੀ ਦੇਵਤੇ ਬਣਾਕੇ ਉਨਾਂਦੇ ਅੱਗੇ ਜੀਵ ਘਾਤ ਕਰਦੇ ਹੈਨ ਕੀਹ ਤੁਹਾਡੇ ਪਿਤ੍ਰ ਅਜੇਹੇ ਬਲਹੀਨ ਹੈਨ ਜੋ ਅਪਣੇ ਜੋਗੀ ਭੀ ਰੋਟੀ ਨਹੀਂ ਪ੍ਰਾਪਤ ਕਰ ਸਕਦੇ ॥

ਤੀਰਥ ਅੰਮ੍ਰਿਤਸਰ ਨੂੰ ਖਾਲਸੇ ਵਾਸਤੇ ਹੀ ਤੀਰਥ ਠੈਹਰਾਯਾ ਹੈ ਪ੍ਰੰਤੂ ਤੀਰਥ ਵਿਖੇ ਇਸ਼ਨਾਨ ਕਰਨ ਨੂੰ ਅਤੇ ਦਰਸ਼ਨ ਕਰਨ ਨੂੰ ਹੀ ਓਹੁ ਪਵਿੱਤ੍ਰ ਫਲਦਾਇਕ ਉਤਮ ਕਾਰਜ ਨਹੀਂ ਦਸਦੇ ਅੰਮ੍ਰਿਤਸਰ ਤੀਰਥ ਠੈਹਰਾਉਨ ਕਰਕੇ ਖਾਲਸੇ ਦੇ ਵਾਸਤੇ ਇੱਕ ਨਿਸ਼ਾਨ ਪ੍ਰਚਲਤ ਕਰ ਦਿਤਾ ਹੈ ਜੇਕਰ ਹਿੰਦੂ ਭੀ ਇਸੇ ਤਰਾਂ ਹੀ ਆਪਣੇ ਤੀਰਥਾਂ ਨੂੰ ਆਪਣੇ ਫਿਰਕੇ ਦਾ

ਮਧਜਸਭ ਨਿਯਤ ਕਰਨ ਤਾਂ ਕੁਛ ਤਾਤਪ੍ਰਯ ਪ੍ਰਾਪਤ ਹੋਸਕ ਦਾ ਹੈ ਪ੍ਰੰਤੂ ਐਵੇਂ ਹੀ ਤੀਰਥਾਂ ਦੇ ਦਰਸ਼ਨਾਂ ਨੂੰ ਤੇ ਇਸ਼ਨਾਨ ਕਰਨ ਨੂੰ ਗੁਰੂ ਗੋਬਿੰਦਸਿੰਘ ਜੀ ਆਤਮਕ ਫਲਦਾਤਾ ਨਹੀਂ ਮੰਨ ਦੇ ਹਨ ਜੇਹਾਕੁ ॥

ਜਲਕੇ ਮੱਜਨਜੇ ਗਤਿ ਹੋਵੇ ਨਿਤ ਨਿਤ ਮੇਂਡਕ ਨ੍ਹਾਵੈ ॥
ਜੈਸੇ ਮੇਂਡਕ ਤੈਸੇ ਓਇ ਨਰ ਫਿਰ ਫਿਰ ਜੂਨੀ ਆਵੈ ॥

ਟਿਪ

ਪਾਨੀ ਵਿਖੇ ਇਸ਼ਨਾਨ ਕਰਨੇ ਕਰਕੇ ਜੇ ਮੁਕਤੀ ਹੁੰਦੀ ਤਾਂ ਡੱਡੂ ਹਰ ਵੇਲੇ ਹੀ ਇਸ਼ਨਾਨ ਕਰਦਾ ਹੈ ਉਨ੍ਹਾਂ ਦੀ ਕਿਉਂ ਗਤੀ ਨਹੀਂ ਹੁੰਦੀ ਏਸੇ ਤਰਾਂ ਹੀ ਪ੍ਰਾਣੀ ਜਲਦੇ ਇਸ਼ਨਾਨ ਕਰਨੇ ਕਰਕੇ ਮੁਕਤੀ ਨੂੰ ਪ੍ਰਾਪਤ ਨਹੀਂ ਹੋ ਸਕਦਾ ਤੇ ਫੇਰ ਫੇਰ ਡੱਡੂ ਵਾਂਗੂੰ ਹੀ ਜੰਮਦਾ ਮਰਦਾ ਰੰਹਦਾ ਹੈ ॥

ਧਰਮ ਮਜ਼ਬ ਸਭ ਧਰਮਾਂ ਦੀ ਸਿਖਯਾ ਤੇ ਪੁਰਾਣਾਂ ਆਦਿਕ ਹਿੰਦੂਆਂ ਦੀਆਂ ਪੁਸਤਕਾਂ ਨੂੰ ਧੋਖਾ ਦੇਣ ਵਾਲੀਆਂ ਜਾਣਦੇ ਸੀ ਤੇ ਉਸ ਧੋਖੇ ਥੀਂ ਬਚਨ ਲਈ ਬਾਰੰਬਾਰ ਸਿਖਾਂ ਨੂੰ ਉਪਦੇਸ਼ ਕਰਦੇ ਸੀ ਜਿਸਦੇ ਦ੍ਰਿਸ਼ਟਾਂਤ ਅਨੇਕਾਂ ਹੀ ਪਿਹਲੇ ਪੰਨਿਆਂ ਪਰ ਲਿਖੇ ਹਨ ਅਥਵਾ ਅਗਾਂਹ ਭੀ ਲਿਖੇ ਜਾਣਗੇ ਸ਼ਰਾਬ ਤੇ ਮਸਤੀ ਦੇਣ ਵਾਲੀਆਂ ਚੀਜ਼ਾਂ ਥੀਂ ਖ਼ਾਲਸੇ ਨੂੰ ਮਨਾ ਕੀਤਾ ਤਮਾਕੂ ਆਦਿਕ ਦਾ ਛੋਹਣਾ ਭੀ ਬੁਰਾ ਜਾਨਦੇ ਸਨ ਔਰ ਸ਼ਰਾਬ ਆਦਿਕ ਦੀ ਭੀ ਆਗਯਾ ਨਹੀਂ ਹੈ ॥

ਆਪ ਭੀ ਸ਼ਿਕਾਰ ਖੇਡਿਆ ਕਰਦੇ ਸੀ ਤੇ ਖ਼ਾਲਸੇ ਨੂੰ ਭੀ

ਸ਼ਿਕਾਰ ਖੇਡਨ ਦੀ ਆਗਿਆ ਦੇ ਛੱਡੀ ਹੈ ਜੇਹਾਕੁ ਉਨ੍ਹਾਂਦੀ ਰਸਨਾ ਦ੍ਵਾਰਾ ਵਾਕ ਨਿਕਲਿਆ ਹੈ ॥

ਰਾਜ ਸਾਜ ਹਮ ਪਰ ਜਬ ਆਯੋ ॥ ਯਥਾਸ਼ਕਤਿ ਤਬ ਧਰਮ ਚਲਾਯੋ।ਭਾਂਤਭਾਂਤਤਬਖੇਲ ਸ਼ਿਕਾਰਾ। ਮਾਰੇਰੋਂਰੀਛਝਝੰਖਾਰਾ

ਪੁਨਹ ਔਰ ਵਾਸ਼ਨਾ ਨਾਹ ਕੁਛ ਧਰਮ ਜੁੱਧ ਕੋ ਚਾਇ॥

ਟਿ ਜਦ ਮੈਨੂੰ ਹਕੂਮਤ ਮਿਲੀ ਤਾਂ ਮੈ ਆਪਨੀ ਸ਼ਕਤਿ ਅਨੁ-
ਯੋ ਸਾਰ ਧਰਮ ਚਲਾਯਾ ਤੇ ਭਾਂਤ ਭਾਂਤ ਦੇ ਸ਼ਿਕਾਰਾਂ ਵਿਖੇ ਰਿੱਛ ਤੇ ਰੋਝ ਆਦਿਕ ਮਾਰੇ ॥

ਬਿਨਾ ਧਰਮ ਜੁਧਦੇ ਹੋਰ ਕੋਈ ਮੇਰੀ ਇਛਾ ਨਹੀਂ ਹੈ॥

ਤਨਖ਼ਾਹ ਨਾਮੇ ਵਿਖੇ ਲਿਖ੍ਯਾ ਹੈ ਕਿ ਕੋਈ ਸਿੰਘ ਤੁਰਕਾਂ ਦੇ ਹੱਥਾਂ ਦਾ ਮਾਰਿਆ ਹੋਯਾ ਮਹਾਂ ਪ੍ਰਸ਼ਾਦ (ਮਾਸ) ਨਾਂ ਖਾਵੇ ਇਸ ਥੀਂ ਹੀ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂਨੇ ਮਾਂਸਖਾਂਣ ਦੀ ਆਗਿਆ ਸਿਖਾਂ ਨੂੰ ਦਿੱਤੀ ਸੀ ਮਾਸ ਦੇ ਭੋਜਨ ਨੂੰ ਮਹਾਂ ਪ੍ਰਸ਼ਾਦ ਕਰਕੇ ਉਚਾਰਦੇ ਹਨ ਗੈਂਡੇਦਾ ਨਾਉਂ ਰੂਪਾਪ੍ਰਸ਼ਾਦ ਰਖਿਆ ਹੋਯਾ ਹੈ ਕਿਉਂਕਿ ਕਈ ਹਿੰਦੂ ਗੈਂਡਾ ਖਾਣੇ ਭੀ ਪ੍ਰਹੇਜ਼ ਕਰਦੇ ਹਨ ਇਸ ਵਾਸਤੇ ਇਸਦਾ ਨਾਮ ਹੀ ਰੂਪਾਕਰ ਦਿੱਤਾ ਹੈ (ਵੇਦ) ਬੇਦਾਂ ਨੂੰ ਓਹੁ ਚੰਗਾ ਤੇ ਪਵਿੱਤ੍ਰ ਜਾਣਦਾ ਸੀ ਤੇ ਇਸੇ ਦੀ ਹੀ ਸਹਾਇਤਾ ਤੇ ਬਚਾਉ ਵਾਸਤੇ ਉਸਨੇ ਖ਼ਾਲਸਾ ਧਰਮ ਬਨਾਯਾ ਸੀ ਇਸਬਾਤ ਦਾ ਨਿਰਣਾਂ ਬਚਿੱਤ੍ਰ ਨਾਟਕ ਵਿਖੇ ਵਿਸਤਾਰ ਪੂਰਬਕ ਹੈ ਹਾਂ ਇਸਗਲ ਦੀ

ਬਾਬਤ ਸੰਦੇਹ ਹੈ ਕਿ ਖ਼ਬਰੇ ਓਹੁ ਵੇਦਾਂ ਨੂੰ ਆਕਾਸ਼ ਬਾਣੀ ਮੰਨਦਾ ਸੀ ਯਾ ਨਹੀਂ ਸੀ ਮੰਨ ਦਾ ਪ੍ਰੰਤੂ ਜਿਤਨੀ ਵਧੀਕ ਓਹੁ ਵੇਦਾਂ ਦੀ ਇਜ਼ਤ ਕਰਦੇ ਸੀ ਉਸ ਥੀਂ ਪ੍ਰਤੀਤ ਹੋਸ੍ਕਦਾ ਹੈ ਕਿ ਓਹੁ ਬੇਦਾਂ ਨੂੰ ਈਸ਼੍ਵਰ ਰਚਤ ਬਾਣੀ ਮੰਨਨ ਵਾਲਾ ਸੀ ਕਿਉਂਕਿ ਉਸ ਨੇ ਕਈ ਵਾਰੀ ਹਿੰਦੂਆਂ ਨੂੰ ਵੇਦਾਂ ਦੀ ਸਿਖਯਾ ਦੇ ਧਾਰਨ ਵਾਸਤੇ ਕਈ ਜਗਾਂ ਕਿਹਾ ਬਤੌਰ ਨਮੂਨੇ ਦੇ ਮੈਂ ਕੁਛ ਵਾਕ ਲਿਖਦਾ ਹਾਂ॥

(੧) ਤੁਮ ਸਭ ਹੀ ਤ ਰੈਹਤ ਨਿਰਾਲਮ ॥ ਜਾਨਤ ਬੇਦ ਭੇਦ ਅਰੁ ਆਲਮ ॥

ਅਰਥ ਹੇ ਈਸ਼੍ਵਰ ਤੂੰ ਸਭਨਾਂ ਥੀਂ ਨਿਰਾਲਾ ਹੈਂ ਅਰਥਾਤ ਪ੍ਰਕ੍ਰਿਤੀ ਜੀਵਾਂ ਥੀਂ ਵਖਰਾ ਹੈ ਬੇਦ ਜਾਨਦੇ ਹਨ ਤੇ ਵਿਦਯਾਵਾਨ ਭੇਦ ਜਾਣਦੇ ਹਨ॥

(੨) ਜਿਸਥਾਂ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਇਹੁ ਕਹਾ ਹੈ ਕਿ ਲੋਕ ਵੇਦਾਂ ਪਰ ਨਹੀਂ ਚਲਦੇ ਅਤੇ ਸ਼ੁਰਤੀਆਂ ਸਿੰਮ੍ਰਤੀਆਂ ਵਿਖੇ ਜਿੱਥੇ ਕਿਧਰੇ ਪ੍ਰਤਿਕੂਲ ਵਾਕ ਹਨ ਓਥੇ ਇਹੁ ਜਾਣ ਲੈਣਾ ਕਿ ਓਹੁ ਵੇਦਾਂ ਦੇ ਪ੍ਰਤਿਕੂਲ ਸੀ ਝੂਠ ਹੈ॥

ਈਸ਼੍ਵਰ ਗੁਰੂ ਗੋਬਿੰਦ ਸਿੰਘ ਜੀ ਉਸ ਈਸ਼੍ਵਰ ਨੂੰ ਮੰਨਦੇ ਸੀ ਜਿਸਦਾ ਵੇਦਾਂ ਵਿਖੇ ਨਿਰਣਾ ਹੈ ਅਰਥਾਤ ਅਜੇਹੇ ਈਸ਼੍ਵਰ ਨੂੰ ਜੇਹੜਾ ਸਚਦਾਨੰਦ, ਅਕਾਲ, ਅਜਨਮਾ, ਅਜੂਨੀ ਅਮਰ,

ਅਭੈ, ਸਰਬਵਿਆਪਕ, ਬੇਅੰਤ, ਅਦ੍ਵੈਤੀ, ਅਰੂਪ, ਅਸਥਾਨ ਥੀਂ ਰੈਹਤ, ਹੱਦਾਂ ਥੀਂ ਰੈਹਤ, ਅਨੰਤਸਰਬੰਆਧਾਰ ਨਿਰ-ਲੇਪ, ਨਿਆਇਕਾਰੀ ਹੈ ਉਸਦੀ ਪੂਜਾ ਕਰਦੇ ਸੀ ਪੁਰਖ ਦੇ ਰਚੇ ਹੋਏ ਕਰਤੱਬ ਨੂੰ ਈਸ੍ਵਰ ਨਹੀਂ ਮੰਨਦੇ ਸੀ ਤੇ ਨਾਹੀਂ ਉਸਦੇ ਰਚੇ ਹੋਏ ਕਿਸੇ ਪੁਰਖ ਨੂੰ ਔਤਾਰ ਹੀ ਜਾਣਦੇ ਤੇ ਨਾਹੀਂ ਪੂਜਾ ਕਰਦੇ ਹੁੰਦੇ ਸੀ॥

ਇਨ੍ਹਾਂ ਗਲਾਂ ਦਾ ਹੋਰ ਹਾਲ ਲਿਖਣ ਦੀ ਲੋੜ ਨਹੀਂ ਕਿਉਂ ਜੋ ਇਹੁ ਬੜੇ ਖੁਲਾਸੇ ਬਚਨ ਹੈਨ ਤੇ ਤਿਨ੍ਹਾਂ ਨਾਲ ਹੀ ਸਾਰਾ ਗੁਰੂ ਗ੍ਰੰਥ ਸਾਹਿਬ ਜੀ ਭਰਿਆ ਹੋਯਾ ਹੈ ਮੈਂ ਤਾਂ ਕੇਵਲ ਬਚਿਤ੍ਰ ਨਾਟਿਕ, ਰਹੁਰਾਸ, ਹਜ਼ਾਰੇ ਦੇ ਸ਼ਬਦ ਅਕਾਲ ਉਸਤਿਤਿ ਆਦਿਕ ਹੀ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕਰਦਾ ਹਾਂ॥

ਆਵਾਗਉਨ ਉਹ ਆਵਾਗਵਣ ਨੂੰ ਮੰਨਦਾ ਸੀ ਤੇ ਅਪਣਾ ਜਨਮ ਧਾਰਨ ਦਾ ਕਾਰਨ ਆਵਾਗਉਣ ਨਾਲ ਹੀ ਪ੍ਰਬੰਧ ਬਚਿੱਤ੍ਰ ਨਾਟਿਕ ਵਿਖੇ ਕੀਤਾ ਹੈ ਤੇ ਮੈਂਹਦੀ ਮੀਰ ਵਿਖੇ ਵ੍ਰਰਨੰਨ ਹੈ ਕਿ ਜੇਹੜਾ ਇਕ ਪ੍ਰਮੇਸ਼੍ਵਰ ਅਕਾਲ ਪੁਰਖ ਨੂੰ ਨਹੀਂ ਮੰਨਦਾ ਸੋ ਬਾਰੰਬਾਰ ਜੰਮਦਾ ਮਰਦਾ ਰੈਹਿੰਦਾ ਹੈ॥

ਕੁੜੀਮਾਰ ਹਿੰਦੂਆਂ ਦੀਆਂ ਕਈਜ਼ਾਤਾਂ ਵਿਖੇ ਜੇਹੜੇ ਆਪਣੇ ਆਪ ਨੂੰ ਉੱਚੀ ਜ਼ਾਤ ਮੰਨਦੇ ਹੈਨ ਕੁੜੀ ਮਾਰਨ ਦੀ ਰਸਮ ਪ੍ਰਚਲਤ ਸੀ ਜਿਸਦਾ ਕਾਰਨ ਕੁਛ ਤਾਂ ਮੁਸਲਮਾਨਾਂ ਦੇ ਉਪੱਦ੍ਰਵ ਸੇ ਪ੍ਰੰਤੂ ਹਿੰਦੂਆਂ ਦੀ ਜ਼ਾਤ ਵਰਨਾਂ ਦੀ ਵਡਿਆਈ

ਭੀ ਇਸਦਾ ਕਾਰਨ ਸੀ ਗੁਰੂ ਗੋਬਿੰਦ ਸਿੰਘ ਜੀ ਇਸ ਬਾਤਦੇ ਅਤਯੰਤ ਹੀ ਵਿਰੁਧ ਸੀ ਜੋ ਉਨ੍ਹਾਂਨੇ ਆਪਣੇ ਖ਼ਾਲਸੇ ਨੂੰ ਆਗਿਆ ਕੀਤੀ ਕਿ ਜੇਹੜੇ ਪੁਰਖ ਕੁੜੀਮਾਰ ਹੈਨ ਉਨ੍ਹਾਂ ਨਾਲ ਖ਼ਾਲਸਾ ਮੇਲ ਜੋਲ ਨਾਂ ਰਖੇ ਤੇ ਨਾਂਹੀ ਇਸਦੇ ਘਰ ਦਾ ਪ੍ਰਸਾਦ ਜਲ ਛੱਕੇ ਤੇ ਨਾਂਹੀ ਕਿਸੇ ਪ੍ਰਕਾਰ ਦੀ ਸਕੀਰੀ ਉਨ੍ਹਾਂ ਨਾਲ ਕਰੇ ਜੇਹਾ ਕਿ ਰੈਹਤ ਨਾਮੇ ਵਿਖੇ ਲਿਖਯਾ ਹੈ ਕਿ ਜੇਹੜਾ ਸਿੰਘ ਕੁੜੀਮਾਰ ਦੇ ਘਰੋਂ ਭੋਜਨ ਜਲ ਖਾਵੇਪੀਵੇਗਾ ਓਹੁ ਪਾਪੀ ਮਰਕੇ ਕਸ਼ਟ ਉਠਾਵੇਗਾ॥

ਸੂਤਕ ਗੁਰੂ ਨਾਨਕ ਦੇਵ ਜੀ ਦੇ ਵਾਂਗੂੰ ਉਨ੍ਹਾਂ ਵਰਗੇ ਹੀ ਅੰਦਰੋਂ ਅੰਦਰ ਸੂਤਕਦੇ ਪ੍ਰਤਿਕੂਲਸੇ ਓੜਕ ਨੂੰ ਜੋ ਅੰਤ ਸਮੇ ਵਿਖੇ ਆਗਿਆ ਕੀਤੀ ਹੈ ਉਸ ਵਿਖੇ ਸੂਤਕ ਨਾਂ ਰਖਣ ਦੀ ਲਈ ਹੁਕਮ ਹੈ ਤੇ ਸੂਤਕ ਤਦੇ ਹੀ ਹਟ ਸੱਕਦਾ ਹੈ ਜਦ ਸ਼ਰੀਰ ਨੂੰ ਪਵਿਤ੍ਰ ਰਖੋਗੇ ਹੋਰ ਕੋਈ ਸੂਤਕ ਨਹੀਂ ਪ੍ਰੰਤੂ ਮੁਸਲਮਾਨਾਂ ਨਾਲ ਛੂਤ ਛਾਤ ਵਲੋਂ ਤੇ ਉਨ੍ਹਾਂ ਦੇ ਹਲਾਲ ਕੀਤੇ ਹੋਏ ਮਾਸ ਖਾਂਣ ਵਲੋਂ ਗੁਰਾਂ ਨੇ ਮਨਾਹ ਕੀਤਾ ਹੈ ਸੀ ਕਿਉਂਕਿ ਓਹੁ ਜਾਣਦੇ ਸੀ ਜੋ ਇਸਤਰਾਂ ਦੂਰ ਰੈਹਣ ਕਰਕੇ ਭੀ ਹਿੰਦੂ ਮੁਸਲਮਾਨ ਹੋਣੋ ਬਚੇ ਰਹੇ ਹਨ ਭਾਵੇਂ ਘਾਟੇ ਭੀ ਉਨ੍ਹਾਂ ਨਾਲੋਂ ਕੁਛ ਘੱਟ ਨਹੀਂ ਹੋਏ ਕਿਉਂਕਿ ਜੇਹੜਾ ਪੁਰਖ ਹਿੰਦੂ ਧਰਮ ਥੀਂ ਰੰਚਕ ਮਾਤ੍ਰ ਡਿਗਾ ਫੇਰ ਓਹੁ ਮੁੜ ਨਾ ਉਠਿਆ ਇਸ ਵਾਸਤੇ ਮੁਸਲਮਾਨਾਂ ਦੇ

ਸਨਮੁਖ ਸੂਤਕ ਭਿੱਟ (ਅਪਵਿਤ੍ਰਤਾ) ਦੀ ਗਲ ਨੂੰ ਬੋੜੀਂ ਜੇਹੀ ਪਕਿਆਈ ਨਾਲ ਉਸਦੇ ਘਾਟੇ ਨੂੰ ਇਸਤਰਾਂ ਨਾਲ ਬਦਲ ਦਿੱਤਾ ਕਿ ਜੇਹੜਾ ਪੁਰਖ ਹਿੰਦੂ ਧਰਮ ਥੀਂ ਡਿਗਜਾਵੇ ਭਾਵੇਂ ਓਹੁ ਕੋਈ ਧਰਮ ਗ੍ਰੈਹਣ ਕਰਲਵੇ ਪਰ ਓਹੁ ਫਿਰ ਪਾਹੁਲ ਲੈਕੇ ਖਾਲਸਾ ਧਰਮ ਵਿਖੇ ਮਿਲ ਸਕਦਾ ਹੈ ਦੂਸਰੇ ਬੋਲੀ ਫ਼ਾਰਸੀ ਤੇ ਅਰਬੀ ਪੜ੍ਹਨ ਵਲੋਂ ਸਿੱਖਾਂ ਨੂੰ ਨਿਖੇਧ ਕੀਤਾ ਜਿਸਦਾ ਤਾਤਪ੍ਰਯ ਇਸ ਗਲ ਥੀਂ ਬਿਨਾਂ ਹੋਰ ਕੋਈ ਸਿੱਧ ਨਹੀਂ ਹੁੰਦਾ ਕਿ ਖ਼ਾਲਸੇ ਨੂੰ ਮੁਸਲਮਾਨ ਥੀਂ ਸਭਨਾਂ ਚੀਜ਼ਾਂ ਨਾਲੋਂ ਘਿਨ ਕਰਾਈ ਜਾਵੇ ਇਕ ਕਹਾਵਤ ਇਸ ਵਿਖੇ ਪਰ ਪ੍ਰਚਲਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਉਪਦੇਸ਼ ਦਿੱਤਾ ਸੀ ਕਿ ਮੁਸਲਮਾਨਾਂ ਦੀ ਕਿਸੇ ਵਸਤੂ ਦੀ ਉਪਮਾਂ ਨਹੀਂ ਕਰਨੀ ਜੇਹੜਾ ਕਰੇਗਾ ਓਹੁ ਤਨਖ਼ਾਹੀਆ ਸਿੱਖ ਹੋਵੇਗਾ ਅਤੇ ਉਸ ਉਤੇ ਜੁਰਮਾਨਾਂ ਕੀਤਾ ਜਾਵੇਗਾ ॥

ਇਕ ਵਾਰੀ ਇਕ ਮੜ੍ਹੀ ਅਥਵਾ ਮਸੀਤ ਦੀਆਂ ਕੰਧਾਂ ਨੂੰ ਸੁੰਦਰ ਬਣੀਆਂ ਦੇਖਕੇ ਗੁਰੂ ਗੋਬਿੰਦ ਸਿੰਘ ਜੀ ਆਪ ਉਸਦੀ ਉਪਮਾਂ ਕਰ ਬੈਠੇ ਤਾਂ ਸਿੱਖਾਂ ਨੇ ਇਸ ਬਾਤੋਂ ਪਕੜ ਲੀਤਾ ਤੇ ਓੜਕ ਨੂੰ ਸਿੰਘਾਂ ਦੇ ਦੀਵਾਨ ਵਿਖੇ (੧੫ ਰੁਪਯੇ ਤਨਖ਼ਾਹ) ਅਰਥਾਤ ਜੁਰਮਾਨਾ ਗੁਰੂ ਗੋਬਿੱਦ ਸਿੰਘ ਜੀ ਉਤੇ ਸਿੰਘਾਂ ਨੇ ਲਾਯਾ ਤੇ ਉਸ ਤਨਖ਼ਾਹ ਨੂੰ ਲੈਕਰਕੇ ਕੜਾਹ ਪ੍ਰਸਾਦ ਸਜਾਕੇ ਵਰਤਾਯਾ ਸਿਖ ਹੋਣ ਤਾਂ ਅਜੇਹੇ ਹੋਣ ਤੇ ਗੁਰੂ ਹੋਣ ਤਾਂ

ਅਜੇਹੇ ਹੀ ਹੋਣ ਕਿਉਂ ਨਾਂ ਹੁੰਦੇ ਓੜਕ ਨੂੰ ਖ਼ਾਲਸਾ ਧਰਮ ਦੀ ਸਿਖਯਾ ਸੀ ਨਿਆਉਂ ਇਸੇ ਦਾ ਨਾਂਉਂ ਹੈ ਤੇ ਬਿਨਾ ਅਭਿਮਾਨੋ ਪਿਆਰ ਕਰਨ ਵਾਲੀ ਕੌਮ ਇਸੇ ਨੂੰ ਆਖਦੇ ਹਨ ਪ੍ਰੰਤੂ ਫ਼ਾਰਸੀ ਤੇ ਅਰਬੀ ਨਾ ਪੜ੍ਹਨ ਦੀ ਅਜੇਹੀ ਬੰਧਨ ਸੀ ਕਿ ਉਸਦੀ ਤਾਮੀਲ ਨਾ ਹੋਈ ਤੇ ਨਾਂਹੀ ਇਹੁ ਹੋਣਾ ਸੰਭਵ ਸੀ ॥

ਰੰਗ ਹਿੰਦੂਆਂ ਨੂੰ ਕਿਸੇ ਸਮੇਂ ਵਿਖੇ ਨੀਲੇ ਰੰਗ ਨਾਲ ਬੜਾ ਪਿਆਰ ਸੀ ਪ੍ਰੰਤੂ ਇਸ ਵਾਸਤੇ ਕਿ ਨੀਲਾ ਰੰਗ ਮੁਸਲਮਾਨਾਂ ਵਿਖੇ ਧਾਰਮਕ ਜਾਣਕੇ ਪਵਿਤ੍ਰ ਗਿਣਿਆ ਜਾਂਦਾ ਹੈ ਸੀ ਇਸ ਕਰਕੇ ਹਿੰਦੂਆਂ ਨੇ ਉਸ ਪਾਸੋਂ ਘਿਣ ਕਰਕੇ ਉਸਨੂੰ ਵਰਤਣਾਂ ਬੁਰਾ ਜਾਤਾ ਤੇ ਐਥੋਂ ਤਾਈ ਇਸ ਨਾਲ ਈਰਖਾ ਕਰਨ ਲਗ ਗਏ ਕਿ ਰਾਜ ਪੂਤ ਨੀਲ ਬੀਜਦੇ ਭੀ ਨਹੀਂ ਸੇ ਕੇਸਰੀ ਰੰਗ ਹਿੰਦੂਆਂ ਵਿਖੇ ਬੌਹਤ ਚਿਰਾਂ ਥੀਂ ਪਵਿਤ੍ਰ ਧਾਰਮਕ ਗਿਣਿਆਂ ਗਿਆ ਹੈ ਪ੍ਰੰਤੂ ਗੇਰੀ ਰੰਗੇ ਕਪੜੇ ਵਾਲੇ ਫ਼ਕੀਰਾਂ ਨੇ ਓਹੁ ਧੁੰਧ ਮਚਾਈ ਕਿ ਕੇਸਰੀ ਰੰਗ ਨੂੰ ਭੀ ਬਦਨਾਮ ਕਰਦਿੱਤਾ ਤੇ ਬੁਧਵਾਨ ਹਿੰਦੂਆਂ ਨੂੰ ਉਸ ਪਾਸੋਂ ਘਿਣ ਹੋ ਗਈ ਅਤੇ ਹਿੰਦੂ ਸਾਧੂ ਭਗਵੇਂ ਰੰਗਾਂ ਦੇ ਬਸਤ੍ਰ ਓਢਕੇ ਟੱਟੀ ਦਾ ਸ਼ਿਕਾਰ ਖੇਡਣ ਲਗ ਗਏ ਇਸ ਵਾਸਤੇ ਸਿਖਾਂ ਨੂੰ ਕੇਸਰੀ ਰੰਗੋਂ ਭੀ ਗੁਰੂ ਜੀਨੇ ਬੰਦ ਕਰਦਿਤਾ ਸੀ ਤੇ ਇਹੁ ਗਲ ਬੜੀ ਹੀ ਲੋੜ ਵਾਲੀ ਸੀ ਕਿਉਂ ਜੋ ਇਸ ਰੰਗਦੇ ਧਾਰਨ ਕਰਕੇ ਨਿਕੰਮੇ ਤਿਆਗ ਵਲ ਚਿਤ ਤੁਰ ਪੈਂਦਾ ਸੀ ਤੇ ਇਹੁ ਤਿਆਗ ਗੁਰੂ

ਗੋਬਿੰਦ ਸਿੰਘ ਜੀ ਨੂੰ ਸੀਕਾਰ ਕਰਨਾ ਨਹੀਂ ਸੀ ਅਤੇ ਗੇਰੀਦਾਰ ਕਪੜਿਆਂ ਦਾ ਸਤਕਾਰ ਭੀ ਉਡਾਉਣ ਦੀ ਇਛਾ ਸੀ ਪ੍ਰੰਤੂ ਨੀਲੇ ਰੰਗਦਾ ਕਪੜਾ ਪ੍ਰਚਲਤ ਕਰ ਦਿੱਤਾ ਭਾਵੇਂ ਪ੍ਰਤਖ ਤਾਂ ਇਹ ਗੱਲਾਂ ਛੋਟੀਆਂ ਪ੍ਰਤੀਤ ਹੁੰਦੀਆਂ ਹਨ ਪ੍ਰੰਤੂ ਇਨਾਂ ਦਾ ਅਸਰ ਬੜਾਹੀ ਹੁੰਦਾ ਹੈ॥

ਆਕਾਸ਼ਬਾਣੀ ਗੁਰੂ ਗੋਬਿੰਦ ਸਿੰਘ ਜੀ ਨੇ ਸਦੀਵ ਇਹੀ ਆਖਿਆ ਹੈ ਕਿ ਜੋ ਕੁਛ ਓਹੁ ਕਰਦਾ ਹੈ ਅਕਾਲ ਪੁਰਖ਼ਦੀ ਇੱਛਾ ਤੇ ਆਗਜਾਨੁਸਾਰ ਕਰਦਾ ਹੈ ਪ੍ਰੰਤੂ ਇਹ ਕਦੇ ਭੀ ਉਸਨੇ ਦਾਵਾ ਨਹੀਂ ਕੀਤਾ ਕਿ ਮੈਨੂੰ ਅਕਾਸ਼ ਬਾਣੀ ਹੋਈ ਹੈ ਅਥਵਾ ਉਸਨੇ ਪ੍ਰਮੇਸ਼ਰ ਨਾਲ ਗੱਲਾਂ ਕੀਤੀਆਂ ਹਨ ਅਥਵਾ ਕੋਈ ਕਿਤਾਬ ਪ੍ਰਮੇਸ਼ਰ ਨੇ ਭੇਜੀ ਹੈ॥

ਓਹੁ ਤਾਂ ਕਰਾਮਾਤ ਦਾ ਵਿਸ਼ਵਾਸੀ ਭੀ ਨਹੀਂ ਸੀ ਤੇ ਨਾਂਹੀ ਕਦੇ ਪੱਕੀ ਤਰਾਂ ਨਿਵੇਦਨ ਕੀਤਾ ਸੀ ਭਲਾ ਓਹੁ ਜਦ ਕਰਾਮਾਤ ਨੂੰਹੀ ਠੀਕ ਨਹੀਂ ਸੀ ਜਾਣਦੇ ਤਾਂ ਓਹੁ ਕਿਸ ਪ੍ਰਕਾਰ ਅਕਾਸ਼ ਬਾਣੀ ਦਾ ਦਾਵਾ ਕਰਦੇ ਓਹੁ ਵਿਸ਼ੇਸ਼ ਕਰਕੇ ਸੱਚਾ ਸੱਤਵਾਦੀ ਪੁਰਖ ਸੀ ਤੇ ਕਿਸੇ ਪ੍ਰਕਾਰ ਕਰਕੇ ਧੋਖ ਨਾਲ ਕੰਮ ਕੱਢਣਾਂ ਬੜਾ ਭਾਰਾ ਪਾਪ ਜਾਣਦਾ ਸੀ ਉਸ ਦਾ ਆਤਮਾਂ ਮਹਾਂਬਲੀ ਸੀ ਤੇ ਉਸਦਾ ਆਤਮਾਂ ਬਲਦਾ ਅਸਰ ਖ਼ਾਲਸਾ ਵਿਖੇ ਕੌਮੀਅਤ ਤੇ ਜੋਸ਼ ਦੇਣ ਦੀ ਸ਼ਕਤੀ ਰਖਦਾ ਸੀ ਅਤੇ ਉਸਨੂੰ ਕਿਸੇ ਫ਼ਰੇਬੀ ਵੰਗ ਨਾਲ ਪ੍ਰਮੇਸ਼ੂਰ ਦੇ ਨਾਮ ਉਪਰ

ਝਗੜਾ ਕਰਾਵਣ ਦੀ ਇੱਛਾ ਨਹੀਂ ਸੀ ਪ੍ਰੰਤੂ ਜੇਹੜੇ ਲੋਕੀਂ ਕੇਵਲ ਕਿਸੇ ਪੁਰਖ ਦੇ ਮਹਾਂ ਉਤਮਾਂ ਕੰਮਾਂ ਤੇ ਵਡਿਆਈਆਂ ਨੂੰ ਵੇਖਕੇ ਕੇਵਲ ਕਰਾਮਾਤੀ ਕੰਮ ਜਾਣਦੇ ਹਨ ਅਸੀਂ ਉਨ੍ਹਾਂ ਦਾ ਧਿਆਨ ਗੁਰੂ ਗੋਬਿੰਦ ਸਿੰਘ ਜੀ ਦੇ ਕੰਮਾਂ ਵਲ ਕਰਾਉਂਦੇ ਹਾਂ ਜੋ ਕਦੇ ਭੀ ਕਰਾਮਾਤਾਂ ਥੀਂ ਘੱਟ ਨਹੀਂ ਸਨ ਖ਼ਾਲਸਾ ਧਰਮ ਉਸਦੀ ਕਰਾਮਾਤ ਹੈ ਜਿਸ ਵਿਖੇ ਉਸਨੇ ਓਹੁ ਲੀਲਾ ਕੀਤੀ ਕਿ ਸਾਰਾ ਹੀ ਸੰਸਾਰ ਹੱਕਾ ਬੱਕਾ ਹੈ ਨਾਮਰਦਾਂ ਨੂੰ ਮਰਦ ਬਨਾਯਾ ਲੂੰਬੜੀਆਂ ਨੂੰ ਸ਼ੇਰ ਸਜਾਯਾ ਧਰਮ ਦੇਹ ਨੂੰ ਪਲਟ ਦਿਖਾਯਾ ਹੈ ਇਸ ਵਾਸਤੇ ਸੱਜਣੋਂ ਖ਼ਾਲਸਾ ਗੁਰੂ ਜੀ ਦੀ ਜੀਉਂਦੀ ਕਰਾਮਾਤ ਸਾਹਮਣੇ ਪ੍ਰਤੱਖ ਦਿੱਸ ਰਹੀ ਹੈ ਕਿਸੇ ਹੋਰਸ ਕਰਾਮਾਤ ਦੇ ਵੇਖਣ ਦੀ ਤੇ ਭਾਲਣ ਦੀ ਲੋੜ ਨਹੀਂ ਹੈ ॥

ਬਿਆਹੁ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਨੂੰ ਹਿੰਦੂਆਂ ਵਿਖੇ ਵਿਆਹੁ ਕਰਨਾ ਭੀ ਮਨਾਂਹ ਹੈ ਇਸਦਾ ਤਾਤਪ੍ਰਯ ਇਹੁ ਕਦੇ ਭੀ ਨਹੀਂ ਹੋ ਸਕਦਾ ਕਿ ਓਹੁ ਹਿੰਦੂਆਂ ਨਾਲੋਂ ਖ਼ਾਲਸੇ ਨੂੰ ਵਖਰਾ ਕਰਨਾ ਚਾਹੁੰਦਾ ਸੀ ਸਗੋਂ ਇਸਦੇ ਦੋ ਕਾਰਨ ਹੈਨ ॥ ਇਕ ਤਾਂ ਇਹੁ ਕਿ ਆਮ ਹਿੰਦੂਆਂ ਦੀਆਂ ਲੜਕੀਆਂ ਲੈਣ ਵਿਖੇ ਜੇਹੜੇ ਪ੍ਰਾਕ੍ਰਮ ਬਹਾਦੁਰੀ ਦੇ ਗੁਰੂ ਗੋਬਿੰਦ ਸਿੰਘ ਜੀ ਉਤਪਤ ਕਰਨਾਂ ਚਾਹੁੰਦੇ ਸੀ ਓਹੁ ਧੀਰੇ ਧੀਰੇ ਸੰਤਾਂਨ ਵਿੱਚੋਂ ਘੱਟ ਜਾਣੇ ਸੇ ਕਿਉਂ ਜੋ ਉਸ ਸਮੇਂ ਦੇ ਸਭ ਹਿੰਦੂ ਕਾਇਰ ਬਣ ਰਹੇ ਸੇ ॥

ਦੂਸਰੀ ਗਲ ਇਹੁ ਸੀ ਕਿ ਖ਼ਾਲਸਾ ਧਰਮ ਵਿਖੇ ਵਿਸ਼ੇਸ਼ ਕਰਕੇ ਸ਼ੂਦਰ ਹੀ ਬੌਹਤ ਸਾਰੇ ਸਨ ਹਿੰਦੂ ਆਪਣੀ ਪੁਤ੍ਰੀ ਨਹੀਂ ਦੇਣੀ ਚਾਹੁੰਦੇ ਸੇ ਇਸ ਵਾਸਤੇ ਦੀਰਘ ਦ੍ਰਿਸ਼ਟੀ ਦ੍ਵਾਰਾ ਗੁਰੂ ਗੋਬਿੰਦ ਸਿੰਘ ਜੀ ਨੇ ਭੀ ਇਹ ਬਾਂਨੂਨੂ ਬੰਨਿਆਂ ਕਿ ਖਾਲਸਾ ਭੀ ਹਿੰਦੂਆਂ ਨੂੰ ਲੜਕੀਆਂ ਨਾਂ ਦੇਵੇ ਤੇ ਨਾਂਹੀ ਲਵੇ ਅਤੇ ਆਪੋ ਵਿਚੋਂ ਹੀ ਸ਼ਾਦੀ ਵਿਆਹੁ ਕਰਿਆ ਕਰਨ ਤੇ ਇਹੁ ਤਾਤਪ੍ਰਯ ਇਸ ਥੀਂ ਕਢੱਨਾਂ ਚੰਗਾ ਨਹੀਂ ਕਿ ਓਹੁ ਹਿੰਦੂਆਂ ਨਾਲੋਂ ਸਿੱਖਾਂ ਨੂੰ ਵਖ ਕਰਨਾਂ ਚਾਹੁੰਦਾ ਸੀ ਜੇਕਰ ਗੁਰੂ ਗੋਬਿੰਦ ਸਿੰਘ ਜੀ ਹਿੰਦੂਆਂ ਥੀਂ ਖ਼ਾਲਸੇ ਨੂੰ ਵਖਰਾ ਕਰਨਾਂ ਚਾਹੁੰਦੇ ਤਾਂ ਉਨ੍ਹਾਂ ਵਾਸਤੇ ਧਰਮਸ਼ਾਸਤ੍ਰ ਅਤੇ ਰਾਜਨੀਤਿ ਭੀ ਵਖਰੇ ਬਣਾਉਂਦੇ ਫੇਰ ਜਾਇਦਾਦਾਂ ਦਾ ਨਿਯਮ ਭੀ ਓਹੀ ਰੈਹਣ ਦਿੱਤਾ ਜੋ ਚਿਰਾਂ ਥੀਂ ਪ੍ਰਚਲਤ ਹੈ ਸੀ॥

ਭਜਨ ਦਾ ਢੰਗ ਗੁਰੂ ਨਾਨਕ ਦੇਵ ਜੀ ਦੀ ਸਿਖ੍ਯਾ ਬਾਣੀ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਭੀ ਭਜਨ ਕਰਨ ਦਾ ਢੰਗ ਖ਼ਾਲਸੇ ਲਈ ਸਾਦਾ ਹੀ ਰਖਿਆ ਤੇ ਖ਼ਾਲਸਾ ਭਗਤੀ ਕਰਨ ਦਾ ਢੰਗ ਐਥੋਂ ਤਾਂਈ ਸਾਦਾ ਹੈ ਕਿ ਐਡਾ ਸਾਦਾ ਹੋਰ ਹੋਣਾ ਹੀ ਅਸ਼ੰਭਵ ਹੈ ਸਵੇਰੇ ਅਸ਼ਨਾਨ ਕਰਕੇ ਜਪਜੀ ਸਾਹਿਬ ਤੇ ਸਾਂਝ ਸਮੇ ਰਾਹਿਰਾਸ ਪੜ੍ਹਨੀ ਇਹੁ ਵੈਦਕ ਸੰਧਿਆ ਦੀ ਜਗਾ ਸਥਾਪਤ ਹੈ ਸਭਨਾ ਸੰਸਾਰੀ ਭਗਤੀ ਕਰਨ ਦਿਆਂ ਢੰਗਾਂ ਨਾਲੋਂ ਇਹੀ ਢੰਗ ਸੈਹਲ ਹੈ ਤੇ ਠੀਕ ਭੀ ਹੈ ਇਸ ਥੀਂ

ਵਧਕੇ ਧਰਮ ਸਾਲਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੜਨਾਂ ਤੇ ਓੜਕ ਨੂੰ ਇਹੁ ਕਿ ਆਪਣੇ ਕੰਮਾਂ ਕਾਰਾਂ ਵਿਖੇ ਭੀ ਪ੍ਰਮੇਸ਼੍ਰ ਨੂੰ ਯਾਦ ਰਖਣਾ ਅਰਥਾਤ ਜੇਹੜੇ ਕਾਰ ਵਿਵਹਾਰ ਜ਼ਿੰਦਗੀ ਦੇ ਖ਼ਾਲਸੇ ਵਿਖੇ ਹੋਣ ਜੇਕਰ ਉਨ੍ਹਾਂ ਨੂੰ ਭੀ ਫਰਜ਼ ਜਾਣਕੇ ਕੀ ਤਾਜਾਵੇ ਤਾਂ ਇਹੁ ਭੀ ਭਜਨ ਭਗਤੀ ਵਿਖੇ ਹੀ ਗਿਣਿਆ ਜਾਂਦਾ ਹੈ ਤੇ ਜੇਹੜਾ ਅਸਰ ਇਸਬਾਤ ਦਾ ਹਿੰਦੂਆਂ ਦੇ ਸਮਾਚਾਰਾਂ ਵਿਖੇ ਹੋਯਾ ਹੈ ਓਹੁ ਇਸਥਾਂ ਲਿਖਣ ਥੀਂ ਵਧੀਕ ਵਿਚਾਰ ਕਰਨੇ ਕਰਕੇ ਹੀ ਜਾਣਿਆਂ ਜਾਸਕਦਾ ਹੈ ॥

ਖ਼ਾਲਸਾ ਧਰਮ ਤੇ ਵੈਦਕ ਧਰਮ ਬੌਹਤ ਸਾਰਾ ਸਨਬੰਧ ਰਖਦਾ ਹੈ

ਉਪਰਲੀਆਂ ਗਲਾਂ ਸਾਰੀਆਂ ਨੂੰ ਜਾਣਨ ਥੀਂ ਮਗਰੋਂ ਇਹੁ ਬਾਤ ਸੈਹਜੇ ਹੀ ਪ੍ਰਤੀਤ ਹੋਸਕਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਵਿਦਯਾ ਦਾ ਵੇਦ ਸੰਘਤਾਂ ਥੀਂ ਨਿਕਲਣਾ ਹੋਯਾ ਹੈ ਅਜਕਲ ਦੇ ਵਿਦਯਾਵਾਨ ਤੇ ਸੰਸਕ੍ਰਿਤ ਵਿਦਯਾ ਦੇ ਅਦੁੱਤੀ ਪੰਡਿਤ ਸ੍ਵਾਮੀ ਦਯਾਨੰਦ ਨੇ ਜੋ ਧਰਮ ਵੇਦਾਂ ਦਾ ਨਿਰੂਪਣ ਕੀਤਾ ਹੈ ਸੋ ਖ਼ਾਲਸਾ ਧਰਮ ਦੇ ਅਨੁਸਾਰ ਹੈ ਤੇ ਸ਼ਬਦ ਖ਼ਾਲਸਾ ਦਾ ਨਿਰਣਾ ਅਸੀਂ ਪੈਹਲੇ ਬੌਹਤ ਕਰ ਚੁੱਕੇ ਹਾਂ ਕਿ ਇਹੁ ਸ਼ਬਦ ਆਰਯਾ ਸ਼ਬਦ ਦਾ ਟੀਕਾ ਹੈ ਆਰਯਾ ਧਰਮ ਤੇ ਖ਼ਾਲਸਾ ਧਰਮ ਵਿਖੇ ਐਵੇਂ ਥੋੜਾ ਜੇਹਾ ਹੀ ਭੇਦ ਹੈ

ਸੋਭੀ ਇੱਕ ਦੋ ਗਲਾਂ ਵਿਖੇ ਹੈ ਆਰਯਾ ਧਰਮ ਵਿਖੇ ਜਨੇਊ ਪੈਹਨ ਕੇ ਪੁਰਖ ਆਰੀਯਾ ਬਨਦਾ ਹੈ ਤੇ ਖ਼ਾਲਸਾ ਧਰਮ ਵਿਖੇ ਪਾਹੁਲ ਲੈਣਥੀ ਮਗਰੋਂ ਵਰਨ ਆਸ਼੍ਰਮਾਂ ਦੇ ਬੰਧਨਾਂ ਨੂੰ ਤੋੜ ਦੇਦਾਂ ਹੈ ਤੇ ਸ਼ੂਦਰਾਂ ਨੂੰ ਭੀ ਉਚ ਪੱਦਵੀ ਦੇਣਲਈ ਆਗਿਆ ਕਰਦਾ ਹੈ ਅਰਥਾਤ ਜੋ ਪੁਰਖ ਖ਼ਾਲਸਾ ਧਰਮ ਨੂੰ ਗ੍ਰੈਹਨ ਕਰ ਲੈਂਦਾ ਹੈ ਉਸਦਾ ਕੋਈ ਵਰਨ ਨਹੀਂ ਰੇਂਹਦਾ ਉਸ ਵਿਖੇ ਬ੍ਰਾਹਮਣ ਤੇ ਸੂਦਰ ਇੱਕੋ ਜੇਹੇ ਬਣ ਜਾਂਦੇ ਹਨ ਆਰੀਯਾ ਧਰਮ ਵਿਖੇ ਸੂਦਰ ਬੜੇ ਵਰਨਾਂ ਵਿਖੇ ਆ ਤਾਂ ਸਕਦਾ ਹੈ ਪਰ ਓਹ ਵਰਨ ਆਸ਼੍ਰਮਾਂ ਦੀ ਲੜੀ ਨੂੰ ਪੱਕ ਰਖਦਾ ਹੈ ਵਰਨ ਆਸ਼੍ਰਮਾਂ ਦੇ ਲਈ ਵਰਤਨ ਵਾਲਿਆਂ ਢੰਗਾਂ ਪਰ ਪਕੇ ਰਖਨਾਂ ਹੋਰ ਗਲਹੈ ਜਿਸ ਦੀ ਬਾਬਤ ਵੈਦਕ ਸਿਖਜ਼ਾ ਵਿਖੇ ਉਪਦੇਸ਼ ਹੈ ਪ੍ਰੰਤੂ ਪੈਰੋ ਪੈਰ ਤੇ ਸਾਂਗੋ ਪਾਂਗ ਜਾਤਾਂ ਤੇ ਵਰਨਾ ਦੇ ਬੰਧਨ ਵੈਦਕ ਧਰਮ ਦੇ ਤੇ ਵਿਦਜਾ ਦੇ ਵਿਰੁਧ ਹੈਨ ਤੇ ਜਨਮ ਥੀਂ ਵਰਨ ਅਥਵਾ ਜ਼ਾਤ ਨੂੰ ਵੈਦਕ ਵਿਦਜਾ ਭੀ ਨਹੀਂ ਮੰਨਦੀ ਇਸੇ ਤਰਾਂ ਖ਼ਾਲਸਾ ਧਰਮ ਭੀ ਪਾਹੁਲ ਲੈਣ ਥੀਂ ਪਸਚਾਤ ਕੋਈ ਜ਼ਾਤ, ਨਹੀਂ ਰੈਹਣ ਦੇਂਦਾ ਆਵ ਗੌਣ, ਮੂਰਤੀ ਖੰਡਨ, ਔਤਾਰ ਖੰਡਨ, ਜੀਵ ਤੇ ਬ੍ਰਹਮ ਦਾ ਭੇਦ ਜ਼ਾਤ ਤੇ ਵਰਨਾਂ ਦਾ ਜਨਮ ਪਰ ਨਾ ਹੋਣਾ ਦੇਵਤਿਆਂ ਦਾ ਸ਼ਰੀਰ ਨਾਂ ਹੋਣਾਂ ਆਦਿਕ ਸਾਰੀਆਂ ਹੀ ਗਲਾਂ ਅਜੇਹੀਆਂ ਹਨ ਕਿ ਜੇਹੜੀਆਂ

ਵੈਦਕ ਵਿਦਯਾ ਨਾਲ ਬੌਹਤ ਮਿਲਦੀਆਂ ਹਨ ਸਗੋਂ ਬਿਲਕੁਲ ਓਹੀ ਹਨ ਦੂਸਰੇ ਸ਼ਬਦਾਂ ਵਿਖੇ ਖ਼ਾਲਸਾ ਧਰਮ ਬ੍ਰਹਮਣੀ ਤੇ ਪੁਰਾਣਕ ਧਰਮ ਥੀਂ ਉਸੇ ਤਰਾਂਹੀ ਦੂਰਹੈ ਜਿਸਤਰਾਂ ਵੈਦਕ ਧਰਮ ਦੂਰ ਹੈ ਜਿੱਥੋਂ ਤਾਂਈ ਸੋਚਿਆ ਤੇ ਵਿਚਾਰਿਆ ਗਿਆਹੈ ਸਭਨਾਂ ਭਾਤਾਂ ਕਰਕੇ ਵੈਦਕ ਧਰਮ ਤੇ ਖ਼ਾਲਸਾ ਧਰਮ ਆਪਸ ਵਿਖੇ ਇੱਕੋਂ ਹੀ ਹੈਨ ਖ਼ਾਲਸਾ ਧਰਮ ਵਿਖੇ ਕੇਸ਼ ਰਖਨੇ, ਤੇ ਹੋਰ ਚਾਰ ਕੱਕੇ ਹੀ ਧਾਰਣੇ ਵਧੀਕ ਹਨ ਸੋ ਇਹੁ ਚਿੰਨ੍ਹ ਸਿਪਾਹੀ ਢੰਗ ਦੇ ਰਖਣ ਦੇ ਹੈਨ ਪਰ ਹੋਰ ਇਹ ਚਿੰਨ੍ਹ ਭਾਵੇਂ ਖਾਲਸਾ ਧਰਮ ਦੇ ਬੜੇ ਜ਼ਰੂਰੀ ਹੈਨ ਇਹੁ ਤਾਂ ਅਜੇਹਾ ਭੇਦ ਹੈ ਕਿ ਆਰਯਾ ਪੁਰਖਾਂ ਨੂੰ ਖ਼ਾਲਸਾ ਧਰਮ ਥੀਂ ਵਖਰਾ ਨਹੀਂ ਕਰ ਸਕਦਾਕਿਉਂਕਿ ਸਭ ਆਰੰਭੀ ਨਿਜ਼ਮਾਂ ਵਿਖੇ ਵੈਦਕ ਧਰਮ ਤੇ ਖ਼ਾਲਸਾ ਧਰਮ ਇੱਕ ਸ੍ਵਰੂਪ ਹੀ ਹੈ ਅਤੇ ਵੇਦਾਂ ਨੂੰ ਆਰਯਾ ਪੁਰਖ ਚਿਰਾਂ ਥੀਂ ਈਸ਼੍ਵਰ ਰਚਤ ਮੰਨਦੇ ਹਨ ਤੇ ਖ਼ਾਲਸੇ ਧਰਮ ਵਿਖੇ ਭੀ ਇਸਦੇ ਵਿਰੁਧ ਕੋਈ ਬਾਤ ਨਹੀਂ ਹੈ ਸਗੋਂ ਬਿਚਿਤ੍ਰ ਨਾਟਿਕ ਵਿਖੇ ਮਹਾਂ ਬਲੀ ਗੁਰੂ ਗੋਬਿੰਦ ਸਿੰਘ ਜੀਨੇ ਲਿਖਿਆ ਹੈ ਕਿ ਮਹਾਂਬਲੀ ਨਾਨਕ ਦੇਵ ਜੀ ਤੇ ਅਸੀ ਵੈਦਕ ਧਰਮ ਦੀ ਤੇ ਵੇਦਾਂ ਦੀ ਰੱਖਯਾ ਕਰਨ ਵਾਸਤੇ ਆਏ ਹਾਂ ਇਨਾਂ ਬਚਨਾਂ ਦ੍ਵਾਰਾ ਪ੍ਰਤੀਤ ਹੁੰਦਾ ਹੈ ਕਿ ਓਹੁ ਵੇਦਾਂਨੂੰ ਉਤਨੀ ਹੀ ਲੋੜਵੰਦੀ ਤੇ ਜ਼ਰੂਰੀ ਜਾਣਦੇ ਸਨ ਜਿਤਨੀ ਕਿ ਪੁਰਾਣੇ

ਆਰੀਯਾ ਤੇ ਸਭ ਕਾਲਾਂ ਵਿਖੇ ਹਿੰਦੂ ਜਾਣਦੇ ਸਨ ਤੇ ਇਸ ਵਿਖੇ ਭੀ ਸੰਦੇਹ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਂਬਲੀ ਵੇਦਾਂ ਨੂੰ ਈਸ਼੍ਵਰ ਕ੍ਰਿਤ ਮੰਨਦਾਸੀ ਤੇ ਇਸ ਵਿਚ ਅਸ਼ਚਰਜ ਦੀ ਕੀਹ ਗਲ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਤਿੰਨ ਸੌ ਵਰ੍ਹੇ ਪੈਹਲੇ ਉਸ ਸਿਖਯਾ ਵਿਦਯਾ ਦਾ ਪ੍ਰਚਾਰ ਕੀਤਾ ਜੇਹੜੀ ਵੈਦਕ ਅਰਥਾਤ ਵੈਦ ਸੰਘਤਾ ਦੀ ਸਿਖਯਾ ਦਾ ਮੂਲ ਸੀ ਤੇ ਹੂਬਹੂ ਉਸੇਦੇ ਅਨੁਸਾਰ ਹੀ ਸੀ ਤੇ ਜਿਸ ਨੂੰ ਸਮੇਂਦੇ ਵਿਦਯਾ ਵਾਨ ਗਯਾਨੀ ਪੁਰਖ ਸ੍ਵਾਮੀ ਦਯਾਨੰਦ ਨੇ ਪ੍ਰਗਟ ਕਰ ਦਿਖਾਯਾ ਇਸ ਥੀਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂਆਂ ਦੇ ਵੇਦਾਂ ਦੀ ਸਿਖਯਾ ਵਿਦਯਾ ਤੇ ਉਨ੍ਹਾਂ ਦੇ ਧਰਮ ਸ਼ਾਸਤ੍ਰਾਂ ਆਦਿਕਾਂ ਥੀਂ ਪੂਰੀ ਪੂਰੀ ਖ਼ਬਰ ਪ੍ਰਾਪਤਿ ਕੀਤੀਸੀ ਤੇ ਖ਼ਾਲਸਾ ਧਰਮ ਦੀ ਵਿਦਯਾ ਵੈਦਕ ਧਰਮ ਦੀ ਵਿਦਯਾ ਨਾਲ ਐਨੀਕੂ ਮਿਲਦੀ ਹੈ ਜੋ ਕਿਸੇ ਨੂੰ ਸੰਦੇਹ ਕਰਨ ਦੀ ਕੁਛ ਲੋੜ ਹੀ ਨਹੀਂ ਜੋ ਖ਼ਾਲਸਾ ਧਰਮ ਦਾ ਮੂਲ ਭੀ ਵੇਦਸੰਘਤਾ ਹੈ ॥

ਗੁਰੂ ਗੋਬਿੰਦ ਸਿੰਘ ਜੀ ਦੇ ਕਈ ਤਰਾਂ ਦੇ ਬਚਨ ਤੇ ਵਿਚਾਰਾਂ ਪਰ ਵਿਚਾਰ

ਸਮੇਂ ਸਮੇਂ ਪਰ ਜੋ ਗੁਰੂ ਗੋਬਿੰਦ ਸਿੰਘ ਜੀ ਉਪਦੇਸ਼ ਤੇ ਰੈਹਤ ਮ੍ਰਯਾਦਾ ਸਿਖਾਂ ਨੂੰ ਦੱਸਦੇ ਰਹੇ ਹਨ ਤਿਸਦਾ ਵਰਨੈਨ ਕੁਛਕ

ਏਥੇ ਲਿਖਣਾ ਅਦਭੁਤ ਹੋਵੇਗਾ ਤੇ ਉਨ੍ਹਾਂ ਦੇ ਕਾਰਨ ਕਰਕੇ ਕੁਛਕ ਗੁਰੂ ਗੋਬਿੰਦ ਸਿੰਘ ਜੀ ਦੀ ਜ਼ਿੰਦਗੀ ਪਰ ਚਾਨਣਾਂ ਪਵੇਗਾ॥

(੧) ਸਿਖਾਂ ਨੂੰ ਚਾਹੀਏ ਕਿ ਹੇਠਾਂ ਲਿਖੀਆਂ ਚੀਜ਼ਾਂ ਪਰ ਇਤਬਾਰ ਨਾਂ ਕਰਨ ਕਾਜ਼ੀ, ਕਲਾਲ, ਕਾਨੂੰਗੋ, ਕਸਬੀ, (ਰੰਡੀਆਂ) ਸੁਨਿਆਰਿਆਂ, ਸੌਕਨਾਂ, ਸਰਪਾਂ ਸਿਆਹ ਬ੍ਰਾਹਮਣ, ਬਾਣੀਆਂ, ਬਖ਼ਸ਼ੀ, ਬਾਲ (ਮੁਸਲਮਾਨ) ਮਨਮਤੀ (ਮਨਮਤ ਰਖਣ ਵਾਲਾ) ਮਨਮੁਖੀ ਪਰ ਇਤਬਾਰ ਨਾਂ ਕਰਨ॥

(੨) ਇਕ ਜਗਾਂ ਪਰ ਕਿਹਾ ਹੈ ਕਿ ਠੱਗ, ਚੋਰ, ਬ੍ਰਾਹਮਣ, ਭੇਖੀ (ਕਈਆਂ ਭੇਖਾਂ ਦੇ ਫਕੀਰ) ਰੰਡੀਆਂ ਤੇ ਵਿਸਾਹੁ ਘਾਤੀ ਦਾ ਸੰਗ ਨਹੀਂ ਕਰਨਾਂ॥

(੩) ਦਸਮੀ ਪਾਤਸ਼ਾਹੀ ਜੀ ਦੇ ਗ੍ਰੰਥ ਥਾਂ ਬਿਨਾਂ ਹੋਰ ਭੀ ਦੋ ਸੰਖੇਪਕ ਕਵਿਤਾ ਰਚਿਤ ਗੁਰੂ ਗੋਬਿੰਦ ਸਿੰਘ ਜੀ ਦੇ ਹੋਰ ਭੀ ਦੋ ਪ੍ਰਗਟ ਹੈਨ ਇੱਕ ਦਾ ਨਾਂਉਂ ਰੋਹਤ ਨਾਮਾ ਹੈ, ਦੂਸਰੇ ਦਾ ਨਾਉਂ ਤਨਖਾਹ ਨਾਮਾਂ ਹੈ ਪਹਿਲਾ ਉਨ੍ਹਾਂ ਦੇ ਉਪਦੇਸ਼ ਵਿਸ਼ੇਸ਼ ਕਰਕੇ ਪ੍ਰਹਲਾਦ ਸਿੰਘ ਦੇ ਪ੍ਰਸ਼ਨਾਂ ਦਾ ਉਤ੍ਰ ਹੀ ਹੈ ਜੋ ਨਦੇੜ ਜੀ ਅਬਚਲ ਨਗਰ ਵਿਖੇ ਗੋਦਾਵਰੀ ਦੇ ਕੰਢੇ ਪਰ ਲਿਖਕੇ ਭੇਜਿਆ ਸੀ ਭਾਵੇਂ ਉਸ ਵਿਖੇ ਬੌਹਤ ਅਮੋਲਕ ਉਪਦੇਸ਼ ਵਿਸ਼ੇਸ਼ ਕਰਕੇ ਹਨ ਪ੍ਰੰਤੂ ਤਿਨਾਂ ਵਿੱਚੋਂ ਏਥੇ ਕੇਵਲ ਥੋੜੇ ਜਹੇ ਸੰਖੇਪ

ਕਰਕੇ ਲਿਖੇ ਜਾਂ ਦੇ ਹਨ॥

ਸਿਖ ਹੋਇ ਸਿਰ ਟੋਪੀ ਧਰੇ॥ ਸਾਤ ਜਨਮ ਕੁਸ਼ਟੀ ਹੋਇ ਮਰੇ॥

ਜੇਹੜਾ ਸਿਖ ਹੋਕੇ ਟੋਪੀ ਸਿਰ ਪਰ ਧਾਰੇਗਾ ਓਹੁ ਸੱਤ ਜਨਮ ਕੋਹੜਾ ਹੋਇਕੇ ਮਰੇਗਾ ਏਸੇ ਤਰਾਂ ਹੀ ਜੇਹੜਾ ਮੇਰਾ ਸਿਖ ਜਨੇਊ ਧਾਰੇਗਾ ਓਹੁ ਨਿਸ਼ਟ ਹੋ ਜਾਵੇਗਾ॥

ਕੁੜੀ ਮਾਰਾਂ, ਤੇ ਮਸੰਦਾਂ ਨਾਲ ਬੋਲਣਾ, ਇਸਤ੍ਰੀਆਂ ਨਾਲ ਸ਼ਤਰੰਜ ਖੇਡਣੀ, ਪਗ ਉਤਾਰ ਕੇ ਪਾਣੀ ਅਥਵਾ ਪ੍ਰਸਾਦ ਛੱਕਨਾਂ ਸਿੱਖਾਂ ਦੇ ਵਾਸਤੇ ਭਲਾ ਨਹੀਂ ਜੇਹੜਾ ਪੁਰਖ ਗੁਰੂ ਜੀ ਦੀ ਸਿਖਯਾ ਉਪਦੇਸ਼ ਪਰ ਨਹੀਂ ਚਲੇਗਾ ਓਹੁ ਮਲੇਛ ਹੋਵੇਗਾ ਪੈਹਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਤੇ ਫੇਰ ਖ਼ਾਲਸੇ ਜੀ ਤਾਈਂ ਮੰਨਨਾਂ ਚਾਹੀਏ ਜੇਹੜਾ ਨਹੀਂ ਪੂਜੇਗਾ ਸੋ ਨਰਕਾਂ ਵਿਖੇ ਨਿਵਾਸ ਕਰੇਗਾ ਸਿਖਾਂ ਨੂੰ ਕਸੁੰਭੀ ਰੰਗ ਨਹੀਂ ਪੈਹਰਨਾਂ ਲੋੜੀਦਾ ਕੋਈ ਤਵੀਤ ਗੰਡਾ ਨਹੀਂ ਪਾਉਣਾ ਲੋੜੀਏ ਸਵੇਰੇ ਪ੍ਰਸ਼ਾਦ ਛਕਨ ਥੀਂ ਪੈਹਲੇ ਜਪਜੀ ਸਾਹਿਬ ਤੇ ਸੰਧਯਾ ਨੂੰ ਰੋਟੀਖਾਨ ਥੀਂ ਪੈਹਲੇ ਰਹੁਰਾਸ ਦਾ ਪਾਠ ਅਵਸਮੇਵ ਕਰਨਾਂ ਲੋੜੀਏ ਬਿਨਾਂ ਇਨ੍ਹਾਂ ਦੋਹਾਂ ਸਮਿਆਂ ਦੀਆਂ ਬਾਣੀਆਂ ਦੇ ਕੋਈ ਕੰਮ ਸਵੇਰੇ ਤੇ ਸਾਂਝ ਨੂੰ ਨਹੀਂ ਕਰਨਾਂ ਚਾਹੀਏ ਬਿਨਾਂ ਅਕਾਲ ਪੁਰਖ ਈਸ੍ਰ ਦੇ ਕਿਸੇ ਮੂਰਤੀ ਨੂੰ ਨਹੀਂ ਪੂਜਣਾਂ ਬਿਨਾਂ ਸਿੱਖ ਦੇ ਕਿਸੇ ਨੂੰ ਪ੍ਰਣਾਮ ਅਥਵਾ ਸਿਰ ਨਹੀਂ ਨਿਵਾਉਣਾ ਲੋੜੀਏ ਸ੍ਰੀ ਗੁਰੂ ਗ੍ਰੰਥ

ਸਾਹਿਬ ਜੀ ਨੂੰ ਨਾਂ ਭੁਲੱਣਾ ਸਿਖਾਂ ਨਾਲ ਧੋਖਾ ਨਹੀਂ ਕਰਨਾਂ ॥
ਜੋ ਮੰਦਰ, ਮਸੀਤਾਂ, ਕਬਰਾਂ, ਤੇ ਮੜੀਆਂ ਦੀ ਪੂਜਾ ਕਰਦਾ ਹੈ ਓਹੁ ਸਿਖ ਨਹੀਂ ਹੈ ਜੇਹੜਾ ਸਿਖ ਟੋਪੀ ਪੈਹਨਣ ਵਾਲਿਆਂ ਨੂੰ ਪ੍ਰਨਾਮ ਅਥਵਾ ਸਲਾਮ, ਮਤੁਕਾਰ ਕਰਦਾ ਹੈ ਓਹੁ ਨਰਕਾਂ ਨੂੰ ਜਾਵੇਗਾ ਇਸਦਾ ਕਾਰਨ ਵਿਸੇਸ਼ ਕਰਕੇ ਇਹੁ ਪ੍ਰਤੀਤ ਹੁੰਦਾ ਹੈ ਕਿ ਉਸ ਸਮੇ ਦੇ ਮੁਗਲ ਤੇ ਅਮੀਰ ਆਦਿਕ ਸਭ ਟੋਪੀਆਂ ਪਾਂਉਦੇ ਸਨ ਅਥਵਾਂ ਮੁਸਲਮਾਨਾਂ ਨੇ ਧੇਰ ਕੇ ਹਿੰਦੂਆਂ ਨੂੰ ਪਗੜੀ ਬੰਨਣੋਂ ਬੰਦ ਕਰ ਦਿੱਤਾਸੀ ਤਾਂ ਓਹੁ ਟੋਪੀ ਪੈਹਨਣ ਲਗਾਸਨ ਟੋਪੀ ਪੈਹਨਨਵਾਲਿਆਂ ਥੀਂ ਸ਼ਾਇਦ ਇਹੋ ਤਾਤਪਰਜ ਸੀ ਖ਼ਾਲਸਾ ਜੀ ਨੂੰ ਆਪਣਾਂ ਗੁਰੂ ਜਾਣੋਂ ਤੇ ਗੁਰਾਂ ਨੂੰ ਖ਼ਾਲਸੇ ਵਿਖੇਹੀ ਜਾਣੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਿਨਾਂ ਹੋਰ ਕਿਸੇ ਅਗੇ ਸਿਰ ਨਾਂ ਨਿਵਾਉ ॥
ਜੇਹੜੇ ਪੰਜ ਸਿੰਘ ਕਿਸੇ ਨੂੰ ਪਾਹੁਲ ਛਕਾਉਨਗੇ ਈਸ਼੍ਵਰ ਤਿਨਾਂ ਨੂੰ ਸੁਭਾਗਤਾ ਬਖਸ਼ੇਗਾ ਕੁਛਕ ਬਚਨ ਜੋ ਤਨਖਾਹ ਨਾਮੇ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਨੰਦ ਲਾਲ ਦੇ ਪ੍ਰਸ਼ਨ ਕਰਨੇ ਪਰ ਉੱਤ੍ਰ ਦਿਤੇ ਹਨ ਹੇਠਾਂ ਲਿਖੇ ਜਾਂਦੇ ਹਨ ॥
ਜੇਹੜਾ ਸਿਖ ਕਿਸੇ ਗਰੀਬ ਸਿਖ ਦੀ ਸਹਾਇਤਾ ਨਹੀਂ ਕਰਦਾ ਓਹੁ ਸਿਖ ਨਹੀਂ ਹੈ ਕੜਾਹ ਪ੍ਰਸ਼ਾਦ ਇਕੋ ਜਿਹਾ ਵੰਡਣਾਂ ਚਾਹੀਏ ॥
ਕੜਾਹ ਪ੍ਰਸ਼ਾਦਿ ਤਿੰਨਾਂ ਹੀ ਚੀਜ਼ਾਂ ਦਾ ਬਰਾਬਰ ਬਨਾਉਂਣਾ

ਚਾਹੀਏ ਅਰਥਾਤ ਘਿਉ, ਮੈਦਾ, ਸ਼ਕਰ ਇੱਕੋ ਜੇਹੀ ਤੋਲ ਵਿਖੇ ਹੋਵੇ ॥

ਜੇਹੜੇ ਸਿੱਖ ਮੁਸਲਮਾਨਾਂ ਦੇ ਤਬੀਤ ਗੰਡੇ ਪਾਉਂਦੇ ਹਨ ਤੇ ਲੋਟੇ ਨੂੰ ਪੈਰ ਲਾਉਂਦੇ ਹਨ ਉਨਾਂ ਨੂੰ ਅੰਤ ਸਮੇ ਵਿਖੇ ਦੰਡ ਮਿਲੇਗਾ ॥

ਕੋਈ ਸਿਖ ਨਸਵਾਰ ਨਾਂ ਲਵੇ

ਜੇਹੜਾ ਸਿਖ ਕਿਸੇ ਨਾਂ ਕਿਸੇ ਬਹਾਨੇ ਕਰਕੇ ਲੋਹਾਪਾਸ ਨਹੀਂ ਰਖਦਾ ਅਤੇ ਮੁਸਲਮਾਨਾਂ ਤੁਰਕਾਂ ਨੂੰ ਪ੍ਰਣਾਮ ਕਰਦਾ ਹੈ ਓਹ ਦੰਡ ਦੇ ਯੋਗ ਹੋਵੇਗਾ ॥

ਸਿਖ ਨੂੰ ਦੋਹੀਂ ਵੇਲੀਂ ਕੰਘਾ ਕਰਨਾਂ ਕੇਸਾਂ ਵਿਖੇ ਅਵਸ਼ ਚਾਹੀਏ ॥

ਸਿਖਾਂ ਨੂੰ ਜਨਾਹ ਨਾ ਕਰਨਾਂ ਝੂਠ ਨਾਂ ਬੋਲਣਾ, ਆਪਣੇ ਬਚਨਾਂ ਪਰ ਅਵਸ਼ ਬੱਝੇ ਰੈਹਣਾਂ ਚਾਹੀਏ ਬਿਨਾ ਅਕਾਲ ਪੁਰਖ ਵਾਹਿ ਗੁਰੂ ਦੇ ਨਾਉਂ ਉਚਾਰੇ ਦੇ ਕੋਈ ਕੰਮ ਭੀ ਆਰੰਭ ਨਹੀਂ ਕਰਨਾਂ ॥

ਜੇਹੜਾ ਸਿਖ ਗਰੀਬ ਨੂੰ ਦਾਨ ਨਹੀਂ ਕਰਦਾ ਤੇ ਜੂਆ ਖੇਡਦਾ ਹੈ ਜੇਹੜਾ ਆਪਣੇ ਗੁਰਾਂ ਦੀ ਬੁਰਿਆਈ ਨਿੰਦਾ ਸੁਣਦਾ ਹੈ ਈਸ਼੍ਵਰ ਵਾਹਿਗੁਰੂ ਉਸ ਪਾਸੋਂ ਪਰੇਰੇ ਰੈਂਹਦਾ ਹੈ ਫੂਕ ਮਾਰਕੇ ਦੀਵਾ ਨਾਂ ਬੁਝਾਵੇ, ਨਾਂਹੀ ਜੂਠੇ ਪਾਣੀ ਨਾਲ ਅਗਨੀ ਨੂੰ ਅੱਸਤ ਕਰੇ ਖ਼ਾਲਸਾ ਓਹੀ ਹੈ ਜੇਹੜਾ ਕਿਸੇ ਦੀ

ਨਿੰਦਾ ਚੁਗਲੀ ਨਾਂਕਰੇ ਤੇ ਜੇਹੜਾ ਜੁਧ ਕਰਦਾ ਹੈ ਜੇਹੜੇ ਹਿੰਮਤ ਦਾ ਕੰਮ ਕਰਦੇ ਹਨ ਤੇ ਜੇਹੜਾ ਸਿਖ ਹੋਕੇ ਕਿਸੇ ਖਾਂਨ (ਅਮੀਰ, ਮੁਸਲਮਾਨਾਂ ਨੂੰ) ਮਾਰਦਾ ਹੈ ਤੇ ਆਪਣੇ ਚਿਤ ਨੂੰ ਮਨ ਨੂੰ ਵਿਸ਼ ਵਿਕਾਰਾਂ ਥੀਂ ਬੰਦ ਕਰਦਾ ਹੈ ਰਸਮਾਂ ਥੀਂ ਮੁਕਤ ਹੈ ਨਿੰਦਾ ਭਰਮਾਂ ਥੀਂ ਦੂਰ ਰੈਂਹਦਾ ਹੈ ਤੇ ਜੇਹੜਾ ਗੁਰੂ ਦੇ ਬਚਨਾਂ ਨੂੰ ਚੰਗੀ ਤਰਾਂ ਪਾਲਦਾ ਹੈ ਜੇਹੜਾ ਕਦੇ ਭੀ ਕਿਸੇ ਪਾਸੋਂ ਭੁ ਵੇਂਹਾਨਕੀ ਜਾਵੇ ਪਰ ਡਰੇ ਨਹੀਂ ਤੇ ਕਿਸੇ ਨੂੰ ਜੇਹੜਾ ਨਹੀਂ ਦੁਖੀ ਕਰਦਾ ਹੈ ਅਤੇ ਜੇਹੜਾ ਸਭ ਸੰਸਾਰ ਨੂੰ ਈਸ਼ਰ ਦੀ ਖ਼ਲਕਤ ਜਾਣਦਾ ਹੈ ਜੇਹੜੇ ਸਿਖ ਇਨ੍ਹਾਂ ਗਲਾਂ ਥੀਂ ਪ੍ਰਤਿਕੂਲ ਚਲਦੇ ਹਨ ਵਾਹਿਗੁਰੂ ਤਿਨਾਂ ਪਰ ਕ੍ਰੂਪ ਹੁੰਦਾ ਹੈ ॥

ਗੁਰੂ ਗੋਬਿੰਦ ਸਿੰਘ ਜੀ ਦੀ ਸਿਖ੍ਯਾ ਦਾ ਅਸਰ

ਕੋਈ ਕੋਈ ਪੁਰਖ ਇਹ ਬਾਦ ਕਰਦੇ ਹਨ ਕਿ ਇਹ ਤਾਂ ਠੀਕ ਮੰਨਿਆਂ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਬੜੇ ਖੇਦ ਤੇ ਕਸ਼ਟ ਸਹਾਰੇ ਕੁਰਬਾਨੀਆਂ ਭੀ ਕੀਤੀਆਂ ਪਰ ਓਹੁ ਕੇਹੜੀ ਵਸਤੂ ਸੀ ਜੇਹੜੀ ਉਸਨੇ ਹਿੰਦੂਆਂ ਨੂੰ ਨਵੀਨ ਦਿਤੀ ਸੀ ਹਿੰਦੂਆਂ ਵਿਖੇ ਤਾਂ ਪੈਹਲੇ ਹੀ ਬਹਾਦੁਲੀ ਤੇ ਸੂਰਮਤਾ ਦਾ ਮਾਦਾ ਸੀ ਗੁਰੂ ਗੋਬਿੰਦ ਸਿੰਘ ਜੀ ਨੇ ਤਿਸ ਨੂੰ ਥੋੜਾ ਜੇਹਾ ਸੇਕ ਦਿਤਾ ਤਾਂ ਓਹੁ ਭੜਕ ਉਠਿਆ ਸੋ ਪੈਹਲੇ ਤਾਂ ਜੇਕਰ ਇਹੀ ਬਾਤ

ਮੰਨੀ ਜਾਵੇ ਤਾਂ ਓਹੁ ਭੀ ਅੱਛੀ ਹੈ ਕਿਉਂ ਜੋ ਇਹੁ ਭੀ ਤਾਂ ਬੜਾ ਭਾਰਾ ਕੰਮ ਹੈਸੀ ਜੇਹੜਾ ਹਿੰਦੂਆਂ ਵਿਚੋਂ ਕਈ ਹਜ਼ਾਰ ਵਰ੍ਹੇ ਬੀਤੇ ਪਰ ਕਿਸੇ ਪਾਸੋਂ ਨਾਂ ਬਣ ਸੱਕਿਆ ਜਿਤਨੇ ਹਿੰਦੂ ਧਾਰਮਕ ਗੁਰੂ ਮਰ ਚੁੱਕੇ ਹਨ ਅਸੀਂ ਉਨ੍ਹਾਂ ਦੀ ਨੀਯਤ ਪਰ ਸੰਦੇਹ ਕਰਨਾਂ ਨਹੀਂ ਚਾਹੁੰਦੇ ਪਰ ਓਹੁ ਐਡੇ ਦੀਰਘ ਦ੍ਰਿਸ਼ਟੀ ਵਾਲੇ ਨਹੀਂ ਸੇ ਤੇ ਓਹ ਨਾਂਹੀਂ ਇਹੁ ਬਾਤ ਸਮਝ ਸਕੇ ਕਿ ਉਨ੍ਹਾਂ ਦੀ ਸਿਖਯਾ ਦਾ ਓੜਕ ਨੂੰ ਇਹੁ ਫਲ ਹੋਵੇਗਾ ਕਿ ਕੌਮ ਛੋਟੇ ਛੋਟੇ ਭਾਗਾਂ ਪਰ ਵੰਡੀ ਜਾਵੇਗੀ ਤੇ ਵਿਰੋਧੀ ਬਣ ਜਾਵੇਗੀ ਸਭਨਾਂ ਨੇ ਜਾਂਣ ਬੁਝਕੇ ਹੀ ਅਥਵਾ ਬੇਖ਼ਬਰੀ ਵਿਖੇ ਅਜੇਹੇ ਨਿਯਮ ਧਰਮ ਦੇ ਵਾਸਤੇ ਨਿਯਤ ਕੀਤੇ ਕਿ ਜਿਸ ਕਰਕੇ ਕੌਮ ਦੀ ਲੜੀ ਟੁਟ ਟੁਟਕੇ ਅੱਡੋ ਅੱਡੀ ਹੁੰਦੀ ਗਈ ਤੇ ਸਭਨਾਂ ਦੀ ਜੜ ਵਿਖੇ ਨਿਜ ਪ੍ਰਯੋਜਨ ਜਾਸੀ ਏਸੇ ਵਾਸਤੇ ਸੁਆਰਥਤਾਈ ਨਿਯਤ ਹੁੰਦੀ ਗਈ ਸਿਰਮਿੰਦੇਹ ਉਪਦੇਸ਼ਕਾਂ ਨੇ ਆਪੋ ਆਪਣੇ ਸਮੇਂ ਦੀਆਂ ਭੈੜੀਆਂ ਚਾਲਾਂ ਨੂੰ ਵਰਜਣ ਵਾਸਤੇ ਓਹੁ ਵਿਚਾਰਾਂ ਕੀਤੀਆਂ ਕਿ ਜਿਨਾਂ ਦੇ ਕਾਰਨ ਉਸ ਸਮੇ ਵਿਖੇ ਲਾਭ ਹੀ ਪੌਹਚਾਉਣ ਵਾਲੀਆਂ ਹੋਣ ਤੇ ਤਿਨ੍ਹਾਂ ਵਿਖੇ ਤਦਬੀਰਾਂ ਦੇ ਕਾਰਨ ਬੁਰਿਆਈਆਂ ਦਾ ਸੁਧਾਰ ਭੀ ਹੋਗਿਆ ਹੋਵੇਗਾ ਪ੍ਰੰਤੂ ਕੋਈ ਚੀਜ਼ ਭੀ ਉਨ੍ਹਾਂ ਵਿਖੇ ਅਜੇਹੀ ਨਹੀਂ ਸੀ ਜੋ ਭੇਦਾਂ ਨੂੰ ਦੂਰ ਕਰਕੇ ਸਭਨਾਂ ਹਿੰਦੂਆਂ ਨੂੰ ਮਿਲਾ ਦੇਂਦੀ ਤੇ ਦਿਨੋ ਦਿਨ ਜੇਹੜਾ ਪਰਸਪਰ ਵਿਰੋਧ ਵਧਦਾ ਚਲਾ ਜਾਰਿਹਾ ਸੀ ਓਹੁ

ਮਿਲਕੇ ਬੰਦ ਹੋਜਾਵੇ ਅਥਵਾ ਕੁਛਭੀ ਘੱਟ ਹੋਜਾਵੇ ਇਸ ਵਾਸਤੇ ਇਹੁ ਜੋ ਬੜਾ ਪਵਿਤ੍ਰ ਕਰਮ ਸੀ ਕਿਸੇ ਪਾਸੋਂ ਭੀ ਨਾਂ ਪੂਰਣ ਹੋਯਾ ਤਦੋਂ ਇਹੁ ਕੰਮ ਉਤਮ ਸ੍ਰੀ ਗੁਰੂ ਗੋਬਿੰਦ ਸਿੰਘ ਜੀਦੇਭਾਗਵਿਖੇਆਯਾਤੇਉਨ੍ਹਾਂਨੇਅਜੇਹੀਸਿੱਖਯਾਅਤੇਉਪਦੇਸ਼ ਦਿੱਤੇ ਜਿਨ੍ਹਾਂ ਕਰਕੇ ਕੌਮੀ ਭੇਦਤਾਈ ਨੂੰ ਦੂਰ ਕੀਤਾਜਾਵੇ ਤੇ ਜੇਹੜਾ ਅੰਸ ਆਪਣੀ ਬਚਾਉਂਦਾ ਅਥਵਾ ਨਿਰਾ ਨੰਗ ਨਾਮੂਸ ਦਾ ਅਥਵਾ ਆਪਣੇ ਦੇਸ਼ਦੀ ਰਖਯਾਦਾ ਘੱਟ ਗਿਆਸੀ ਅਥਵਾ ਲੋਪ ਹੋਗਿਆਸੀ ਓਸ ਨੂੰ ਫੇਰ ਸਿਰਜੀਤ ਕੀਤਾ ਜਾਵੇ ਸੋ ਇਸ ਜਗਾ ਵਿਖੇ ਜੋ ਸਭਨਾਂ ਨਾਲੋਂ ਵਡਾ ਪਵਿਤ੍ਰ ਤੇ ਉਤਮ ਕੰਮ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਸੀ ਸੋ ਵਰਨ ਆਸ਼੍ਰਮਾਂ ਤੇ ਜ਼ਾਤ ਪਾਤ ਦੇ ਤੋੜਨਦਾ ਸੀ ਓਹੁ ਪੁਰਖ ਜੇਹੜੇ ਜਨਮ ਥੀਂ ਲੈਕੇ ਹੀ ਸੇਵਕਾਈ ਵਿਖੇ ਫੱਸੇ ਹੋਏ ਸਨ ਉਨ੍ਹਾਂ ਨੂੰ ਉੱਚੀ ਪਦਵੀ ਪਰ ਪੌਹਚਾਉਣ ਲਈ ਵਾਟ ਕੱਢੀ ਬੁੱਧਨੇ ਇਨ੍ਹਾਂ ਸੂਦਰਾਂ ਥੀਂ ਸ਼ੋਭਾ ਤੇ ਵਾਧਾ ਪਾਯਾ ਸੀ ਮੁਸਲਮਾਨਾਂ ਨੂੰ ਇਸੇ ਫ਼ਿਰਕੇ ਥੀਂ ਆਪਣੇ ਧਰਮ ਦੀ ਉਨੱਤੀ ਕਰਨ ਦਾ ਸਮਾ ਲੱਭਾ ਸੋ ਇਹੁ ਸਾਰਾ ਕੰਮ ਹਿੰਦੂਆਂ ਦੀਆਪਣੀ ਭੁੱਲ ਦੇ ਕਾਰਣ ਕਰਕੇ ਸੀ ਤੇ ਆਪਣੀ ਭੁੱਲਦਾ ਉਪਾਉ ਉਨ੍ਹਾਂ ਨੂੰ ਨਹੀਂ ਸੀ ਸੁੱਝਦਾ ਓਹੁ ਲਕੀਰ ਦੇ ਫਕੀਰ ਸੇ ਤੇ ਕੁਛ ਭੀ ਉਨ੍ਹਾਂ ਨੂੰ ਪਤਾ ਨਹੀਂ ਸੀ ਜੋ ਕਿਸਤਰਾਂ ਨਾਲ ਉਨ੍ਹਾਂਦੇ ਪੈਰ (ਸੂਦਰ) ਟੁੱਟ ਟੁੱਟ ਕੇ ਉਨ੍ਹਾਂ ਦੇ ਸਿਰ

(ਸਰਦਾਰ ਤੇ ਹਾਕਮ) ਬਣਦੇ ਜਾਂਦੇ ਸੇ ਭਲਾ ਜੇਕਰ ਉਨ੍ਹਾਂ ਦੇ ਆਖਣ ਅਨੁਸਾਰ ਸ਼ੂਦਰ ਉਨ੍ਹਾਂ ਦੇ ਪੈਰ ਹੀ ਸਨ ਤਾਂ ਓਹ ਪੈਰ ਹੀ ਜਦ ਵੱਢੇ ਜਾਂਦੇ ਸੇ ਤਾਂ ਓਹੁ ਪੁਰਖ ਤੁਰਨ ਫਿਰਨ ਜੋਗੇ ਨਾ ਰੈਂਹਦੇ ਸੇ ॥

ਪਿਛਲੇ ਪੰਜ ਦਸ ਹਜ਼ਾਰ ਵਰ੍ਹੇ ਵਿਖੇ ਹਿੰਦੂਆਂ ਵਿੱਚੋਂ ਕੋਈ ਅਜੇਹਾ ਸੂਰਬੀਰ ਨਾਂ ਜੰਮਿਆਂ ਜੋ ਛੋਟਿਆਂ ਨੂੰ ਵਡੇ ਕਰਕੇ ਹਿੰਦੂਆਂ ਦੀ ਪਤ ਰਖ ਲਵੇ ਤੇ ਹਿੰਦੂਆਂ ਨੂੰ ਫੇਰ ਪਤਦੇ ਯੋਗ ਬਣਾ ਦੇਵੇ ਭਾਵੇਂ ਚੇਤਨ ਸ੍ਵਾਮੀ ਦਾ ਮਤ, ਬੰਗਾਲ ਵਿਖੇ ਤੇ ਹੋਰਕਈਆਂ ਪੁਰਖਾਂ ਦੇ ਮੱਤ ਹਿੰਦੁਸਤਾਂਨ ਦੇ ਦੂਸਰੇ ਭਾਗਾਂ ਵਿਖੇ ਪ੍ਰੇਮ ਤੇ ਭਗਤੀ ਦਾ ਉਪਦੇਸ਼ ਭੀ ਕਰਦੇ ਰਹੇ ਬ੍ਰਾਹਮਣਾਂ ਤੇ ਸ਼ੂਦਰਾਂ ਨੂੰ ਪ੍ਰਮਸ਼੍ਵਰ ਦੇ ਸਾਹਮਣੇ ਇੱਕੋ ਜੇਹਾ ਬਣਾਂਉਂਦੇ ਸੇ ਸਗੋਂ ਚੇਤਨ ਨੇ ਇੱਕ ਜਨਮ ਦੇ ਮੁਸਲਮਾਨ ਨੂੰ ਭੀ ਆਪਣਾ ਚੇਲਾ ਬਣਾ ਲੀਤਾਸੀ ਪਰ ਤਾਂ ਭੀ ਉਨ੍ਹਾਂ ਵਿਖੇ ਓਹੁ ਮੇਲ ਜੋਲ ਨਹੀਂ ਸੀ ਹੋਸਕਿੱਆ ਜੇਹੜਾ ਗੁਰੂ ਗੋਬਿੰਦਸਿੰਘਜੀ ਨੇ ਆਪਣੇਖ਼ਾਲਸਾਧਰਮਵਿਖੇ ਰਖਿਆ ਸੀ ਤੇ ਓਹੁ ਬਲ ਭੀ ਨਹੀਂ ਸੀ ਜੇਹੜਾ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਧਰਮ ਵਿਖ ਪਰੀਪਕ ਕੀਤਾ ਸੀ ਚਮਕ ਪਥਰ ਦੀ ਸ਼ਕਤੀ ਵਾਂਗੂੰ ਉਨ੍ਹਾਂ ਨੂੰ ਖਿੱਚਕੇ ਅਜੇਹਾ ਬਣਾਯਾ ਕਿ ਉਸਨੂੰ ਲੋਹੇ ਦਾ ਲੋਹਾ ਸੰਸਾਰ ਮੰਨਨ ਲੱਗਾ ਤੇ ਇਹੁ ਐਡਾ ਵੱਡਾ ਕੰਮ ਸੀ ਕਿ ਜਿਸਦੇ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਦੇ

ਉਪਕਾਰਾਂ ਦਾ ਧੰਨਵਾਦ ਭੀ ਹਿੰਦੂ ਕੌਮ ਪਾਸੋਂ ਹੋਣਾਂ ਅਸੰਭਵ ਹੈ ਸੋ ਪਿਆਰਿਓ ਇੱਕ ਇਹੁ ਵਸਤੂ ਸੀ ਜੇਹੜੀ ਹਿੰਦੂਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਦਾਂਨ ਕੀਤੀਸੀ ਮੰਨੀ ਕਿ ਠੀਕ ਪੈਹਲੇ ਭੀ ਬੇਦਾਂ ਦੀ ਸਿਖਜਾ ਅਜੇਹੀ ਪ੍ਰਚਲਤ ਸੀ ਪਰ ਹਿੰਦੂ ਸਭ ਕੁਛ ਭੁਲ ਗਏ ਸਨ ਸੋ ਤਿਨਾਂ ਨੂੰ ਚੇਤੇ ਕਰਾਵਣਾਂ ਭੀ ਕੁਛ ਛੋਟਾ ਜੇਹਾ ਤੇ ਐਂਵੇ ਕਿਵੇਂ ਦਾ ਕੰਮ ਨਹੀਂ ਸੀ ਦੇਖੋ ਤਾਂ ਪੈਹਲੇ ਸੈਂਕੜੇ ਵਰ੍ਹੇ ਬੀਤਗਏ ਸਨ ਪਰ ਕਿਸੇਪਾਸੋਂ ਇਹੁ ਕੰਮ ਨਾਂ ਬਣ ਸੱਕਿਆ ਹੋਰ ਇਸ ਥੀਂ ਵਡਾ ਕੰਮ ਤੇ ਅਸ ਚਰਜ ਕਰਾਮਾਤ ਕੀਹ ਹੋਸਕਦੀ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਪੈਰਾਂ ਨੂੰ ਸਿਰ ਬਨਾਂ ਦਿੱਤਾ (ਹਿੰਦੂ ਸੂਦਰਾਂ ਨੂੰ ਪੈਰ ਤੇ ਬ੍ਰਾਹਮਣਾਂ ਨੂੰ ਸਿਰ ਗਿਣਦੇ ਹਨ) ॥

ਦੂਸਰੀ ਚੀਜ਼ ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂਆਂ ਨੂੰ ਇਹੁ ਦਿੱਤੀ ਸੀ ਜੋ ਹਿੰਦੂਆਂ ਨੂੰ ਦਿਮਾਗ਼ੀ ਸੇਵਕਾਈ ਥੀਂ ਬਾਹਰ ਕੱਢਿਆ ਇਸ ਵਿਸ਼ੇ ਪਰ ਅਸੀਂ ਕੁਛ ਪੈਹਲੇ ਸੰਬਾਦ ਕਰ ਚੁੱਕੇ ਹਾਂ ਇਸ ਵਾਸਤੇ ਇੱਥੇ ਹੋਰ ਕਰਨ ਦੀ ਲੋੜ ਨਹੀਂ ਕੇਵਲ ਐਨੀ ਹੀ ਸੈਨਤ ਕਰਦੇਣੀ ਬਹੁਤੇਰੀ ਹੋਵੇਗੀ ਕਿ ਪੁਰਖ ਦੀ ਸਮਰਥਤਾ ਭਾਵੇਂ ਭੀ ਕੋਈ ਬਲਦੀ ਉੱਨਤੀ ਨਹੀਂ ਕਰ ਸਕਦੀ ਜਿਤਨਾ ਚਿਰ ਕਿ ਉਸਨੂੰ ਉਸਦੀ ਕੁਦਰਤੀ ਹੱਦ ਤੱਕ ਸੁਤੰਤਰ ਨਾ ਕੀਤਾ ਜਾਵੇ ਇਹੁ ਗਲ ਅਸੰਭਵ ਹੈ ਇਹੁ ਨਿਯਮ ਪਸੂਆਂ, ਬੂਟਿਆਂ ਤੇ ਪੁਰਖਾਂ ਵਿਚ ਇੱਕੋ ਜੇਹਾ

ਪ੍ਰਤੀਤ ਹੋ ਰਿਹਾ ਹੈ ਪ੍ਰੰਤੂ ਸ਼ਰੀਰਕ ਬੰਧਨਾਂ ਨਾਲੋਂ ਆਤਮਿਕ ਬੰਧਨ ਬੜੇ ਖ਼ਰਾਬ ਤੇ ਦੁਖਦਾਇਕ ਹੈਨ ਬ੍ਰਾਹਮਣੀ ਧਰਮ ਨੇ ਹਿੰਦੂਆਂ ਨੂੰ ਅਜੇਹੀ ਆਤਮਕ ਸੇਵਕਾਈ ਵਿਖੇ ਬੰਨ੍ਹ ਦਿੱਤਾ ਕਿ ਕਿਸੇ ਪਰ ਜ਼ਾਹਰ ਕਰਕੇ ਭੀ ਛੁਟਕਾਰਾ ਨਹੀਂ ਸੀ ਮਿਲਦਾ ਤੇ ਜੇਹੜੀ ਹੁਣ ਬੋਲੀ ਹੈ ਅਗਰ ਮਗਰ, ਕਿਉਂ ਕਿਸ ਵਾਸਤੇ, ਕੀਹ ਇਹੁ ਕਿਸੇ ਵਿੱਚ ਭੀ ਬੋਲਨ ਦੀ ਸਮਰਥਤਾ ਨਹੀਂ ਰਹੀ ਸੀ ਜੇਕਰ ਕੋਈ ਹਿੰਦੂ ਇਨ੍ਹਾਂ ਸ਼ਬਦਾਂ ਨੂੰ ਗ੍ਰੈਹਨ ਕਰਦਾ ਅਥਵਾ ਬੋਲਦਾ ਤਾਂ ਉਸ ਨੂੰ ਸ਼ੂਦਰ, ਮਲੇਛ, ਭ੍ਰਿਸ਼ਟ, ਦੁਸ਼ਟ ਤੇ ਹੋਰ ਕਈ ਨਾਮਾਂ ਨਾਲ ਉਚਾਰਿਆ ਜਾਂਦਾ ਸੀ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਥੀਂ ਵਡਾ ਪਰ ਉਪਕਾਰ ਇਹ ਕੀਤਾ ਕਿ ਆਤਮਕ ਸੇਵਕਾਈ ਥੀਂ ਛੁਟੱਨ ਦਾ ਰਾਹੁ ਹਿੰਦੂਆਂ ਨੂੰ ਦਸਿੱਆ ਤੇ ਇਸੇ ਸੁਤੰਤ੍ਰਤਾ ਦਾ ਕਾਰਨ ਸੀ ਕਿ ਸਿਖ ਸਿੰਘ ਬਣਗਏ ॥

ਤੀਸਰੀ ਵਸਤੂ ਉਨ੍ਹਾਂ ਨੇ ਹਿੰਦੂਆਂ ਨੂੰ ਇਹੁ ਦਿੱਤੀ ਕਿ ਗੁਰੂ ਡੰਭ ਦਾ ਜੂਲਾ ਹਿੰਦੂਆਂ ਦੀ ਗਰਦਨ ਥੀਂ ਲਾਹਕੇ ਦੂਰ ਸੁੱਟ ਦਿੱਤਾ ਪੈਹਲੇ ਦਸਤੂਰ ਇਹੁ ਸੀ ਕਿ ਆਤਮਕ ਵਿਦਯਾ ਦੇਣ ਦੇ ਬਹਾਨੇ ਨਾਲ ਇੱਕ ਗੁਰੂ ਬਣਾਯਾ ਜਾਦਾਂ ਸੀ ਤੇ ਇਹੁ ਗਲ ਸਾਰੇ ਹੀ ਜਾਣਦੇ ਸਨ ਕਿ ਇਸ ਗੁਰੂ ਨੂੰ ਮੈਂ ਆਪ ਗੁਰੂ ਬਣਾਯਾ ਹੈ ਕੇਵਲ ਉਸ ਉੱਤੇ ਹੀ ਨਿਸ਼ਚਾ ਕਰਨ ਕਰਕੇ ਆਪਣੀ ਮੁਕਤੀ ਦਾ ਵਸੀਲਾ ਜਾਨਦੇ ਸਨ ਇਸ ਗੁਰੂ ਡੰਭ ਦੀ ਸਿਵਕਾਈ ਨੇ ਹਿੰਦੂਆਂ ਨੂੰ ਬੜੇ ਭਯਾਨਕ ਫਲ

ਇਖਾਏਸੇ ਇਸ ਵਾਸਤੇ ਇਹੁ ਜੂਲਾ ਹਿੰਦੂਆਂ ਦੀ ਗਾਰਦਨ ਥੀਂ ਲਾਹੁੰਦੇ ਹੋਯਾਂਨੇ ਹਿੰਦੂਆਂ ਪਰ ਉਨ੍ਹਾਂਨੇ ਬੜਾਹੀ ਉਪਕਾਰ ਕੀਤਾ ਸੀ ਜਿਸਦਾ ਵਰਨੰਨ ਕੁਛਕ ਪੈਹਲੇ ਵਿਸਤਾਰ ਨਾਲ ਕੀਤਾ ਭੀ ਜਾ ਚੁੱਕਾ ਹੈ ॥

ਚੌਥੀ ਨਵੀਨ ਵਸਤੂ ਇਹੁ ਦਿੱਤੀ ਸੀ ਕਿ ਹਿੰਦੂਆਂ ਵਿਖੇ ਕਦੇ ਭੀ ਕੋਈ ਮਿਲਵਾਂ ਪ੍ਰਯੋਜਨ ਅਜੇਹਾ ਨਹੀਂ ਹੋਯਾ ਸੀ ਤੇ ਨਾਹੀਂ ਉਨ੍ਹਾਂ ਦੀ ਕੋਈ ਉਨਤੀ ਦੀ ਵਿਚਾਰ ਹੀ ਜਾਨਦੇ ਸੇ ਗੁਰੂ ਗੋਬਿੰਦ ਸਿੰਘਜੀ ਨੇ ਡਿੱਠਾ ਕਿ ਹਿੰਦੂ ਜਿੱਥੇ ਪਏ ਹਨ ਓਥੇਹੀ ਪਏ ਹਨ ਇਨ੍ਹਾਂ ਨੂੰ ਉਨਤੀ ਕਰਨ ਦਾ ਤਾਂ ਧਿਆਨ ਹੀ ਨਹੀਂ ਕੋਈ ਭੀ ਅਜੇਹੀ ਚੀਜ਼ ਨਹੀਂ ਸੀ ਜਿਸ ਕਰਕੇ ਓਹ ਆਪਣੇ ਧਾਰਮਕ ਝਗੜਿਆਂ ਆਦਿਕਾਂ ਨੂੰ ਤਿਆਗ ਕੇ ਕੋਈ ਕੰਮ ਕਰਨ ਕੌਮੀਅਤ ਦਾ ਤਾਂ ਉਨ੍ਹਾਂ ਵਿਖੇ ਨਾਮ ਨਿਸ਼ਾਨ ਤਕ ਭੀ ਨਹੀਂ ਸੀ ਗੁਰੂ ਗੋਬਿੰਦ ਸਿੰਘ ਜੀ ਨੇ ਹਿਦੂਆਂ ਵਿਖੇ ਕੌਮੀਅਤ ਉਤਪਤ ਕਰ ਦਿੱਤੀ ਤੇ ਇਕ ਇਕ ਪੁਰਖ ਅਜੇਹਾ ਤਕੜਾ ਕਰ ਦਿਤਾ ਜੋ ਧਰਮ ਦੀ ਪਤ ਬਚਾਉਂਣ ਵਾਸਤੇ ਆਪਨੇ ਆਪ ਨੂੰ ਕੁਰਬਾਨੀ ਲਈ ਤਿਆਰ ਕਰ ਬੈਠਦਾ ਸੀ ਤੇ ਧਰਮ ਖਾਤ੍ਰ ਸੀਸ ਲਾਗਨਾ ਬੜਾ ਚੰਗਾ ਜਾਣਦਾ ਸੀ ਏਸ ਚੀਜ਼ ਦੀ ਹਿੰਦੂਆਂ ਨੂੰ ਚਿਰਾਂ ਥੀਂ ਇੱਛਾ ਸੀ ਸੋ ਇਸ ਤਰਾਂ ਕਰਕੇ ਉਨ੍ਹਾਂ ਲਈ ਇਹੁ ਇਕ ਪਉੜੀ ਦਾ ਡੰਡਾ ਬਣਾਂ ਦਿੱਤਾ ॥

ਪੰਜਵੀਂ ਹਿੰਦੂਆਂ ਦੀ ਕਾਯਾਂ ਪਲਟ ਦਿਤੀ ਕਾਇਰਾਂ ਥੀਂ

ਸੂਰਮੇ, ਬਲਹੀਨਾਂ ਥੀਂ ਬਲਵਾਨ ਦਲੇਰ ਸੁਸਤਾਂ ਥੀਂ ਚੁਸਤ ਨਿਜਸ੍ਵਾਰਥੀ ਥੀਂ ਧਰਮ ਪਰ ਜਾਂਨ ਦੇਣੇ ਵਾਲੇ ਨਿਕੰਮੇ ਥੀਂ ਹੁਸ਼ੀਆਰ ਬੇਸ਼ਰਮਾਂ ਨੂੰ ਅਣਖੀ ਆਸ਼ਾ ਕਰਨ ਵਾਲੇ ਨੂੰ ਸੂਰਮਾਂ ਉੱਦਮੀ, ਸੰਤੋਖੀ ਨੂੰ ਦੇਸੀ ਪਿਆਰਾ ਕਰ ਦਿਤਾ ਸੇਵਕ ਨੂੰ ਬੰਧਨ ਹੀਨ, ਕੰਗਾਲ ਨੂੰ ਸਾਹਿਬ ਜਾਇਦਾਦ, ਦਿਲਿਦ੍ਰੀ ਨੂੰ ਕੌਮ ਵਿਖੇ ਪਿਆਰ ਕਰਨ ਵਾਲਾ ਪੈਦਲ ਥੀਂ ਸਾਰ ਨੌਕਰ ਥੀਂ ਸਰਦਾਰ, ਰੈਯਤ ਥੀਂ ਰਾਜਾ, ਬਲਹੀਣ ਥੀਂ ਬਲਵਾਂਨ ਡਰਪੋਕ ਥੀਂ ਲੜਾਕਾ, ਬਣਾ ਦਿਤਾ ਹੁਣ ਦੋਸ਼ ਅਰੋਪਨ ਵਾਲੇ ਇਹੁ ਦਸੱਣ ਕਿ ਕੇਹੜੀ ਵਸਤੂ ਸੀ ਜੇਹੜੀ ਉਨ੍ਹਾਂਨੇ ਹਿੰਦੂਆਂ ਨੂੰ ਨਵੇਂ ਸਿਰੇ ਨਹੀਂ ਦਿੱਤੀ ਸੀ ॥

ਛੇਵੀਂ ਹਿੰਦੂਆਂ ਵਿਖੇ ਮੈਤ੍ਰਤਾ ਉਤਪਤ ਕੀਤੀ ਭਾਈ ਬੰਦੀ ਨੂੰ ਖੁਲ੍ਹਾ ਕੀਤਾ ਵਿਛੁੜੇ ਹੋਯਾਂ ਨੂੰ ਮਿਲਾਯਾ ਦੂਰ ਗਏ ਗਵਾਚਿਆਂ ਨੂੰ ਨਾਲ ਮਿਲਣਦਾ ਸਮਾ ਦਿੱਤਾ ਜੇਹੜੇ ਖ਼੍ਵਾਰ ਪਏ ਸਨ ਉਨ੍ਹਾਂ ਨੂੰ ਪਤ ਬਖ਼ਸ਼ੀ ਤੇ ਬਰਾਦਰੀ ਪਿਯਾਰਦਾ ਸਨਬੰਧ ਉਨ੍ਹਾਂ ਵਿਖੇ (ਪੱਕਾ ਤੇ ਉਤਪਤ ਕੀਤਾ ਲੋਕੀਂ ਹਿੰਦੁਸਤਾਨ ਦੀ ਤਵਾਰੀਖ਼ਾਂ ਨੂੰ ਪੜ੍ਹਕੇ ਇਹੁ ਫਲ ਤਾਂ ਕਢਦੇ ਹਨ ਕਿ ਪ੍ਰਿਥੀ ਰਾਜ ਦੀ ਦੋ ਲਖ ਫ਼ੌਜ ਨੇ ੧੩ ਹਜ਼ਾਰ ਅਥਵਾ ਪੰਜਾਹ ਹਜ਼ਾਰ ਫ਼ੌਜ ਮੁਸਲਮਾਨੀ ਫ਼ੌਜ ਪਾਸੋਂ ਹਾਰ ਖਾਧੀ ਅਤੇ ਸ਼ਹਾਬੁਦੀਨ ਨੂੰ ਦਿੱਲੀ ਹਿੰਦੁਸਤਾਨ ਦੀ ਕੁੰਜੀ ਮਿਲੀ ਤੇ ਹੋਯਾ ਭੀ ਇਸੇ ਤਰਾਂ ਹੀ ਸੀ ਕਿ ਦਿਲੀ ਦੀ ਜਿੱਤਦੇ ਮਗਰੋਂ ਸਾਰਾ

ਹਿੰਦੁਸਤਾਨ ਜੋ ਤਮਾਸ਼ਾ ਦੇਖ ਰਿਹਾਸੀ ਇਕ ਇਕ ਕਰਕੇ ਸਭ ਰਾਜੇ ਮਾਰੇ ਗਏ ਦੇਸ਼ ਮੁਸਲਮਾਨਾਂ ਨੂੰ ਮਿਲਗਿਆ ਇਹ ਨਤੀਜਾ ਜੋ ਨਿਕਾਲਿਆ ਗਿਆ ਹੈ ਕਿ ੧੩ ਹਜ਼ਾਰ ਮੁਸਲ-ਮਾਨਾਂ ਨੇ ੨ ਲਖ ਹਿੰਦੂ ਫ਼ੌਜ ਪਰ ਫ਼ਤੇ ਪਾਈ ਗ਼ਲਤ ਹੈ ਕਿੰਤੂ ਸੱਚਾ ਨਤੀਜਾ ਇਹ ਹੈ ਉਸ ਵੇਲੇ ੩੦ ਕਰੋੜ ਪੁਰਖ ਹਿੰਦੁਸਤਾਨ ਵਿਖੇ ਰੈਂਹਦੇ ਸਨ ਤੇ ੩੦ ਕ੍ਰੋੜ ਹਿੰਦੂਆਂ ਦੇ ਸਨਮੁਖ ੧੩ ਹਜ਼ਾਰ ਮੁਸਲਮਾਨੀ ਫ਼ੌਜ ਨੇ ਜਿਤ ਪਾਈ ਸੀ ਭਾਵੇਂ ਇਹ ੩੦ ਕ੍ਰੋੜ ਹੀ ਸਨ ਪਰ ਮੈਤ੍ਰਤਾ, ਇਕੱਤ੍ਰਤਾ ਆਪਸ ਵਿਖੇ ਨਹੀਂ ਸੀ ਇੱਕ ਪਤ ਨਹੀਂ ਜਾਣਦੇ ਸੇ ਆਪਸ ਵਿੱਚ ਇਕ ਦੂਸਰੇ ਦਾ ਪਿਆਰ ਨਹੀਂ ਸੀ ਇਸੇ ਵਾਸਤੇ ੩੦ ਕ੍ਰੋੜ ਪੁਰਖਾਂ ਨੂੰ ੧੩ ਹਜ਼ਾਰ ਮੁਸਲਮਨਾਂ ਨੇ ਜਿੱਤ ਲੀਤਾ ਮਾਰਿਆ ਤੇ ਪਤ ਗਵਾਈ ਤੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਮੈਤ੍ਰਤਾ ਦਾ ਬੀਜ ਬੀਜਿਆ ਤੇ ਪੱਕਾ ਕਰ ਦਿੱਤਾ ਤਦੋਂ ਸਾਰੇ ਹਿੰਦੁਸਤਾਂਨ ਕਾਬੁਲ, ਤੇ ਕਸ਼ਮੀਰ, ਵਿਖੇ ਮੁਸਲਮਾਨੀ ਰਾਜਸੀ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਬਚਨਾਂ ਅਨੁਸਾਰ ਕਿ ਚਿੜੀਆਂ ਪਾਸੋਂ ਬਾਜ਼ ਮਰਾਵਾਂ, ਤਬੀ ਗੋਬਿੰਦ ਸਿੰਘ ਨਾਂਮ ਕਹਾਵਾਂ, ਵਾਲੀਗਲ ਨੂੰ ਪੂਰਾ ਕਰ ਦਿਖਾਯਾ ਸੋ ਪ੍ਰਤੱਖ ਹੈ ਵਰਨੰਨ ਕਰਨ ਦੀ ਲੋੜ ਨਹੀਂ ॥

ਸਤਵੀਂ ਚੀਜ਼ ਗੁਰੂ ਗੋਬਿੰਦ ਸਿੰਘ ਜੀ ਨੇ ਕੌਮ ਵਿਖੇ ਕੁਰਬਾਨੀ ਕਰਨ ਦੇ ਬਲ ਦੀ ਪਾਈ ਸ੍ਵਾਰਥਤਾਈ ਦੀ ਮਸਤੀ ਦਾ

ਕਾਰਣ ਸੀ ਕਿ ੩੦ ਕ੍ਰੋੜ ਨੂੰ ੧੩ ਹਜ਼ਾਰ ਨੇ ਜਿੱਤ ਲੀਤਾ ਹਿੰਦੂਆਂ ਵਿਖੇ ਦੂਸਰੇ ਦੀ ਭਲਿਆਈ ਕਰਨੀ ਅਥਵਾ ਕੁਰਬਾਨੀ ਕਰਨੀ ਤਾਂ ਪਾਸੇ ਹੀ ਰੈਹਗਈ ਸੀ ਤਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਫੇਰ ਨਵੇਂ ਸਿਰਿਓਂ ਉਤਪਤ ਕੀਤਾ ਜਿਸ ਦੇ ਦ੍ਰਿਸ਼ਟਾਂਤ ਉਸਦੀ ਅਪਣੀ ਸੰਤਾਂਨ ਦੇ ਇਤਹਾਸਾਂ ਥੀਂ ਪ੍ਰਤੀਤ ਹੋਰਹੇ ਹਨ ਪ੍ਰੰਤੂ ਇਕ ਹੋਰਭੀ ਬੜੀ ਸੁੰਦਰ ਅਦੁਤੀ ਦ੍ਰਿਸ਼ਟਾਂਤ ਏਥੇ ਨਮੂਨੇ ਦੇ ਤੌਰ ਪਰ ਲਿਖ ਦੇ ਹਾਂ ਜੋ ਕਿਸ ਭਾਂਤ ਦੇ ਪੁਰਖ ਗੁਰੂ ਗੋਬਿੰਦ ਸਿੰਘ ਜੀ ਨੇ ਉਤਪਤ ਕੀਤੇ ਸਨ॥

ਗੁਰੂ ਬੰਦੇ ਦੀ ਇੱਕ ਆਗਿਆ ਵਿਖੇ ਜੁਵਾਂਨ ਗਭਰੂ ਸਿੱਖ ਜਿਸਦੀਆਂ ਅਜੇ ਮੁਸਾਂਭੀ ਨਹੀਂ ਭਿਜੀਆਂ ਸਨ ਕਈ ਆਖਦੇ ਹਨ ਉਸਦੀ ਉਮਰ ੧੨ ਵਰ੍ਹੇ ੧੫ ਵਰ੍ਹੇ ਦੀ ਉਮਰਾਸੀ ਬੰਦੇ ਦੇ ਨਾਲ ਹੀ ਫੜਿਆ ਗਿਆ ਸੀ ਤੇ ਸਭਨਾਂ ਨੂੰ ਕਤਲ ਕਰਨ ਦੀ ਆਗਿਆ ਮਿਲੀ ਉਸ ਮੁੰਡੇ ਦੀ ਮਾਂ ਮੁਸਲਮਾਂਨ ਸੂਬੇ ਦੇ ਪਾਸ ਰੋਂਦੀ ਰੋਂਦੀ ਆਈ ਕਿ ਮੇਰਾ ਪੁੱਤ੍ਰ ਲੜਨ ਲਈ ਨਹੀਂ ਸੀ ਗਿਆ ਸੌਦਾ ਵੇਚਣ ਲਈ ਗਿਆਸੀ ਤਾਂ ਪਕੜਿਆ ਗਿਆ ਹੈ ਉਸਨੂੰ ਮਾਫ ਕੀਤਾ ਜਾਵੇ ਕਿਉਂ ਜੋ ਓਹੁ ਅਪ੍ਰਧਹੀਣ ਹੈ ਇਹੁ ਬਾਤ ਸੂਬੇ ਨੇ ਬੁਢੀ ਦੇ ਵਿਰਲਾਪ ਕਰਨ ਕਰਕੇ ਸਚ ਮੰਨ ਲੀਤੀ ਤੇ ਛੱਡ ਦੇਣ ਲਈ ਆਗਿਆ ਦੇ ਦਿੱਤੀ ਤਦ ਉਸ ਗਭਰੂ ਨੇ ਸੂਬੇ ਵਲ ਤੱਕ ਕੇ ਕਿਹਾ ਕਿ ਉਸਦੀ ਮਾਉਂ

ਕੂੜ ਮਾਰਦੀ ਹੈ ਓਹੁ ਗੁਰੂ ਜੀ ਦਾ ਖ਼ਾਲਸਾ ਸਿੰਘ ਹੈ ਤੇ ਕੇਵਲ ਜੁਧ ਕਰਨ ਵਾਸਤੇ ਬਾਬੇ ਬੰਦੇ ਦੀ ਫੌਜ ਨਾਲ ਮਿਲਗਿਆ ਸੀ ਕੈਹਣ ਲੱਗਾ ਕਿ ਮੈਂ ਮੌਤੋਂ ਬਚਨ ਲਈ ਆਪਣੀ ਮਾਂ ਦੇ ਕੂੜ ਬੋਲਣ ਥੀਂ ਲਾਭ ਨਹੀਂ ਉਠਾ ਸਕਦਾ ਹਾਂ ਕਿਉਂ ਜੋ ਮੈਂ ਤਾਂ ਸੱਚਾ ਸਿਖ ਹਾਂ ਖ਼ਾਲਸੇ ਦਾ ਧਰਮ ਕੌਮ ਦੀ ਖਾਤ੍ਰ ਮਰ ਜਾਣਾ ਹੈ ਜਾਂਨ ਬਚਾਉਣਾਂ ਧਰਮ ਨਹੀਂ ਹੈ ਮੈਂ ਆਪਣੀ ਜਾਂਨ ਨੂੰ ਬਚਾਕੇ ਖ਼ਾਲਸਾ ਧਰਮ ਨੂੰ ਖ੍ਵਾਰ ਨਹੀਂ ਕਰਨਾ ਚਾਹੁੰਦਾ ਮੈਨੂੰ ਦੂਸਰੇ ਭਰਾਵਾਂ ਦੇ ਨਾਲ ਹੀ ਸ਼ੀਘਰ ਤਲਵਾਰ ਦੇ ਰਾਹੀਂ ਸੂਰਗ ਵਿਖੇ ਪੌਹਚਣਾਂ ਚਾਹੀਦਾ ਹੈ ਸੋ ਉਸਨੂੰ ਭੀ ਓੜਕ ਨੂੰ ਮਾਰਿਆ ਗਿਆ ਸੋ ਹੇ ਭਾਈ ਇਸ ਭਾਂਤ ਦੇ ਪੁਰਖ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਉਤਪਤ ਕੀਤੇ ਸੇ ॥

ਅਠਵੀਂ ਚੀਜ਼ ਇਹੁ ਸੀ ਕਿ ਅਕਾਲ ਪੁਰਖ ਅਦੁੱਤੀ ਦਾ ਉਪਦੇਸ਼ ਦੇਦੇਂ ਕੇ ਮਨੁਖ ਕ੍ਰਿਤ ਦੇਵੀ ਦੇਵਤੇ ਆਦਿਕਾਂ ਕੀ ਪੂਜਾ ਥੀਂ ਉਨ੍ਹਾਂ ਨੇ ਹਟਾਯਾ ॥

ਗੁਰੂ ਗੋਬਿੰਦ ਸਿੰਘ ਜੀ ਤੇ ਉਸ ਦੇ ਉਦੇਸ਼ ਦਾ ਇੱਕ ਹੋਰ ਅੰਗ

ਇਕ ਹੋਰ ਜੱਥਾ ਹੈ ਜਿਸਦਾ ਇਹੁ ਮੂਲ ਬਚਨ ਹੈ ਕਿ ਦੋਹਿਰਾ
ਕੀੜੀ ਨੂੰ ਮਾਰੋ ਨਹੀਂ ਦਾਣਾ ਖਿਚੇ ਸਾਰ ॥ ਤਿਸਦੇ ਵਿੱਚ ਭੀ ਜਾਂਨ ਹੈ ਰਖੋ ਪਿਆਰ ਸੰਸਾਰ ॥ ਇਹੁ ਜੱਥਾ ਦੋਸ਼ ਅਰੋਪਨ

ਕਰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਭਗਤੀ, ਨਿਊਂ ਚਲਣਾ, ਹਿਕਮਤ ਅਮਲੀ, ਸ਼ਾਂਤੀ ਭਜਨ ਦੀ ਥਾਂ ਗੁਰੂ ਗੋਬਿੰਦ ਸਿੰਘ ਜੀ ਨੇ ਕੌਮ ਨੂੰ ਪਜਾਰੋਂ ਤੇ ਮੁਹਬਤ ਦੀ ਪਉੜੀਓਂ ਹਟਾਕੇ ਖੂਨਖ੍ਵਾਰੀ ਸਿਖਾਈ ਭਗਤੀ ਥੀਂ ਵਰਜ ਕੇ ਪੱਥਰ ਦਿਲੀ ਦਾ ਉਪਦੇਸ਼ ਕੀਤਾ ਹਿੰਦੂਆਂ ਦੇ ਮਹਾਂ ਪਵਿੱਤ੍ਰ ਤੇ ਉਤਮ ਸੁਭਾਵ ਨੂੰ ਦੁਖ ਸੈਹਨ ਥੀਂ ਹਟਾਕੇ ਦੁਖ ਦੇਣ ਦਾ ਸੁਭਾਵ ਬਖਸ਼ਿਆ ਉਨ੍ਹਾਂ ਦੇ ਨਰਮ ਸੁਭਾਵ ਦਜਾਵਾਲੀ ਖ਼ੋ ਨੂੰ ਵਰਜਕੇ ਬੀਰਤਾ ਤੇ ਯੁਧਨਾਲ ਵਟਾ ਕੇ ਤੂਫ਼ਾਨ ਉਪੱਦ੍ਰਵ ਉਠਾਏ ਉਨ੍ਹਾਂ ਦੀ ਦੀਨਤਾ ਨੂੰ ਸ੍ਵਾਹ ਵਿਖੇ ਮਿਲਾ ਕਰਕੇ ਉਨ੍ਹਾਂਨੂੰ ਕੌਮੀ ਅਣਖ ਵਿਚ ਪਾਦਿੱਤਾ ਉਨ੍ਹਾਂਦੀ ਸੈਹਨ ਸੀਲਤਾ ਦੇ ਬਲਨੂੰ ਨਾਸ਼ ਕਰਕੇ ਸਗੋਂ ਦ੍ਰੋਹੀ ਤੇ ਲਹੂ ਪੀਨ ਵਾਲੇ ਬਣਾ ਦਿੱਤਾ ਉਨ੍ਹਾਂਦੀ ਸ਼ਾਂਤੀ ਨੂੰ ਕ੍ਰੋਧ ਵਿਖੇ ਤੇ ਗੁੱਸੇ ਵਿਖੇ ਵਟਾ ਦਿੱਤਾ ਤੇ ਬਦਲਾ ਲੈਣਦਾ ਵਲ ਸਿਖਾਯਾ ਅਤੇ ਜੇਹੜੇ ਈਸ਼੍ਵਰ ਦੀ ਰਾਜ ਧਾਨੀ ਵਿਖੇ ਹਿੰਦੂ ਭਗਤੀਵਿਖੇ ਮਗਨ ਤੇ ਸ਼ਾਂਤੀ ਵਿਖੇ ਡੁੱਬੇ ਹੋਏ ਸੇ ਉਨ੍ਹਾਂ ਨੂੰ ਲੋਭ ਲਾਲਚਾਂ ਦਾ ਸੇਵਕ ਬਣਾਯਾ ਤੇ ਦੇਵਤਾ ਜੂਨੀ ਥੀਂ ਰਾਖਸ਼ ਬਣਾ ਦਿੱਤਾ ਸਭਨਾਂ ਨਾਲ ਮੈਤ੍ਰਤਾ ਰਖਨ ਵਾਲੇ ਜੱਥੇ ਨੂੰ ਲੜਾਕਾ ਬਨਾ ਦਿੱਤਾ ਸੋ ਇਹੁ ਗੱਲਾਂ ਕਰਨ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਬੜਾ ਖੋਟਾ ਕੰਮ ਕੀਤਾ ਇਹੁ ਤਾਂ ਕੋਈ ਵੈਰ ਲੀਤਾ ਸੀ ॥

ਹਾਂ ਮਿਤ੍ਰ ਜੀ ਤੁਸੀ ਭੀ ਠੀਕ ਆਖਦੇ ਹੋ ਪਰ ਜ਼ਰਾਕੁ ਅੱਖਾਂ

ਤਾਂ ਖੋਲ੍ਹ ਤੇ ਚੌਹਾਂ ਪਾਸਿਆਂ ਵਲ ਦੇਖ ਕੇ ਇਉਂ ਤਾਂ ਆਖੋ ਕਿ ਸਾਨੂੰ ਸੁਤਿਆਂ ਨੂੰ ਜਗਾ ਦਿੱਤਾ ਡਿਗਦਿਆਂ ਨੂੰ ਉਭਾਰ ਲਿਆ ਮਰਨ ਥੀਂ ਬਚਾ ਲੀਤਾ ਨਾਸ਼ ਹੋਣੋਂ ਬਚਾ ਲੀਤਾ ਸੜਦਿਆਂ ਨੂੰ ਜਿਵਾ ਦਿੱਤਾ ਕਿਸੇ ਨੇ ਸੱਚ ਕਿਹਾ ਹੈ ਕਿ "ਅਗਰ ਨਾਂ ਹੋਤੇ ਗੁਰੂ ਗੋਬਿੰਦ ਸਿੰਘ ਜੀ ਹਿੰਦੂ ਧਰਮ ਥਾ ਦੂਰ ਹੂਆ,, ਦੋਸ਼ ਅਰੋਪਣ ਲੱਗੇ ਪੈਹਲੇ ਆਪਣੇ ਸੱਜੇ ਖੱਬੇ ਇਧਰ ਓਧਰ ਤਾਂ ਚੰਗੀ ਤਰਾਂ ਦੇਖ ਲਵੇ ਕਿ ਓਹੁ ਕੇਹੜਾ ਧਰਮ ਸੰਸਾਰ ਪਰ ਹੈ ਜਿਸਨੇ ਬਿਨਾਂ ਤਲਵਾਰੋਂ ਆਪਣੇ ਆਪ ਨੂੰ ਸੰਸਾਰ ਪਰ ਵਿਸਤਾਰ ਦਿੱਤਾ ਹੋਵੇ ॥

ਮੂਸੇ ਦੀਆਂ ਖ਼ੂਨ ਖ਼੍ਵਾਰੀਆਂ ਦੀਆਂ ਸਭ ਗਲਾਂ ਤੇ ਦ੍ਰਿਸ਼ਟਾਂਤ ਦੱਸਨ ਵਾਸਤੇ ਬੌਹਤ ਸਾਰਾ ਸਮਾ ਤੇ ਕਾਗਦ ਭੀ ਬੌਹਤ ਸਾਰਾ ਚਾਹੀਦਾ ਹੈ ਕੇਵਲ ਇੱਕ ਹੀ ਦ੍ਰਿਸ਼ਟਾਂਤ ਉਸਦੀ ਗਰਮ ਜੋਸ਼ੀ ਦਸਨ ਵਾਸਤੇ ਬਹੁਤੇਰਾ ਹੋਵੇਗਾ ਜਦ ਮੂਸਾ ਦੇ ਸਿਖਾਂ ਨੇ ਆਪਣੇ ਵੈਰੀਆਂ ਦਾ ਇੱਕ ਨੱਗਰ ਜਿਤ ਲੀਤਾ ਤਾਂ ਉਥੋਂ ਦੇ ਨਿਵਾਸੀਆਂ ਦੇ ਪੁਤ੍ਰ ਧੀਆਂ ਨੂੰ ਜੇਹੜੇ ਦੋ ਦੋ ਵਰ੍ਹੇ ਦੇ ਸੇ ਦੋ ਦੋ ਟੋਟੇ ਕਰਕੇ ਸ਼ੈਹਰ ਦੇ ਬੂਹਿਆਂ ਪਰ ਢੇਰ ਲਵਾ ਦਿੱਤੇ ਜੋ ਤਿਨਾਂ ਦੇ ਮਾਪੇ ਆਪਣੇ ਪੁਤ੍ਰਾਂ ਦਾ ਇਹੁ ਹਾਲ ਦੇਖਕੇ ਪ੍ਰਮੇਸ਼ੂਰ ਦੀ ਜੀਉਂ ਦੀ ਸ਼ਕਤੀ ਨੂੰ ਦੇਖਣ ਈਸਾ ਨੇ ਭਾਵੇਂ ਇਹੁ ਗਲ ਕਹੀ ਹੈ ਕਿ ਜੇਕਰ ਕੋਈ ਇੱਕ ਗੱਲ੍ਹ ਪਰ ਤਮਾਚਾ ਮਾਰੇ ਤਾਂ ਦੂਸਰੀ ਅੱਗੇ ਕਰੋ ਪਰ ਕੌਣ ਕੈਂਹਦਾ ਹੈ ਕਿ ਈਸਾ ਨੇ ਦੀਨ ਬਿਨਾਂ ਤਲ-

ਵਾਰੋਂ ਵਿਸਤਾਰ ਕੀਤਾ ਸੀ ਸਾਰੀ ਯੂਰਪ ਤੇ ਦੂਸਰੇ ਦੇਸ਼ਾਂ ਦੀਆਂ ਤਵਾਰੀਖ਼ਾਂ ਸਾਖੀ ਹਨ ਜੋ ਈਸਾਈਆਂ ਨੇ ਕਿਤਨਾਕੁ ਤਲਵਾਰ ਦੇ ਬਲ ਨਾਲ ਕੰਮ ਲੀਤਾ ਸੀ ਯਹੂਦੀਆਂ ਦੇ ਸਨਮੁਖ ਕੀਹ ਕੀਹ ਉਪਦ੍ਰਵ ਤੇ ਧੱਕੇ ਨਹੀਂ ਕੀਤੇ ਸੇ ਕੇਹੜੀ ਥਾਉਂ ਹੈ ਜਿੱਥੇ ਈਸਾਈ ਮਿਸ਼ਨਰੀ ਨਹੀਂ ਫੈਲੇ ਜਾਂਦੇ ਓਹੁ ਇਸ ਵਾਸਤੇ ਵਿਸਤਾਰ ਕਰਦੇ ਹਨ ਕਿ ਜੇਕਰ ਜ਼ਰਾ ਭੀ ਉਨ੍ਹਾਂ ਨੂੰ ਖੇਦ ਪੌਹਚਦਾ ਹੈ ਤਾਂ ਤੜਕ ਮਗਰੋਂ ਤਲਵਾਰ ਆਉਂਦੀ ਹੈ ਤੇ ਉਨ੍ਹਾਂ ਦੇ ਬਚਾਉ ਵਾਸਤੇ ਮਿਆਨੋਂ ਬਾਹਰ ਹੁੰਦੀ ਹੈ ਯੂਰੋਸ਼ਲੈਮ ਦੀ ਲੈਨ ਦੀ ਖ਼ਾਤ੍ਰ ਸਾਰੇ ਯੂਰੁਪ ਦੇ ਈਸਾਈ ਮਿਲਕੇ ਉਦੱਮ ਤੇ ਧਰਮ ਜੁਧ ਕਰਦੇ ਰਹੇ ਇਹ ਸਭ ਤਵਾਰੀਖ਼ਾਂ ਵਿਖੇ ਲਿਖ੍ਯਾ ਹੈ ॥

ਕੀਹ ਬੁੱਧ ਬਿਨਾਂ ਤਲਵਾਰੋਂ ਵਧਿਆ ਸੀ ਨਹੀਂ ਕਦੇ ਭੀ ਨਹੀਂ ਉਸਨੂੰ ਤਾਂ ਤਦੇ ਹੀ ਵਾਧਾ ਹੋਯਾ ਸੀ ਜਦ ਓਹੁ ਰਾਜਧਰਮ ਵਿਖੇ ਹੋਗਿਆ ਸੀ ਹੁਣ ਓਹੁ ਬੁੱਧ ਧਰਮ ਕਿਉਂ ਨਹੀਂ ਪਸਰਦਾ ਹੈ ਤਿਸਦਾ ਕਾਰਣ ਇਹੀ ਹੈ ਕਿ ਹੁਣ ਤਲਵਾਰ ਉਸਦੇ ਹੱਥ ਵਿੱਚ ਨਹੀਂ ਹੈ ॥

ਇਸਲਾਮ ਨੇ ਕੀਹ ਕੀਤਾ ਇਹੀ ਕੀਤਾ ਸੀ ਕਿ ਯਾ ਤਾਂ ਇਸਲਾਮ ਦੀਨ ਨੂੰ ਸ੍ਵੀਕਾਰ ਕਰੋ ਨਹੀਂ ਤਾਂ ਤਲਵਾਰ ਸਾਹਮਣੇ ਹੈ ਬਦੋ ਬਦੀ ਧੱਕੇ ਨਾਲ ਮੁਸਲਮਾਨ ਬਨਾਏ ਜਾਵੋਗੇ ਦਸੋ ਖਾਂ ਓਹੁ ਕੇਹੜਾ ਦੇਸ਼ ਹੈ ਕੇਹੜਾ ਨਗਰ, ਪਿੰਡ

ਹੈ ਜਿੱਥੇ ਇਸਲਾਮ ਦੀ ਤਲਵਾਰ ਇਸਲਾਮੀ ਧਰਮ ਬਨਾਉਣੇ ਵਾਸਤੇ ਮਿਆਨੋਂ ਬਾਹਰ ਨਹੀਂ ਹੋਈ ਸੀ ਸਾਰੀ ਯੂਰੁਪ ਦੀ ਈਸਾਈ ਵਾਸਤੀ ਨੇ ਈਸਾਦੇ ਜਨਮ ਸਥਾਨ ਯੂਰੋਸ਼ਲੇਮ ਖੋਹਨ ਲਈ ਇਸਲਾਮ ਨਾਲ ਸੱਤ ਵਰ੍ਹੇ ਤੱਕ ਧਰਮ ਜੁਧ ਕੀਤਾ ਬੁੱਧ ਜੇਹੜਾ ਕੀੜੀਆਂ ਨੂੰ ਭੀ ਖੇਦ ਦੇਣਾ ਨਹੀਂ ਸੀ ਚਾਹੁੰਦਾ ਤੇ ਬ੍ਰਾਹਮਣਾ ਦੇ ਯੱਗਾਂ ਵਿਖੇ ਬਲੀ ਦਾਨੋਂ ਘਬਰਾ ਕੇ ਸਭ ਜੀਵਾਂ ਦੀ ਇਕੋ ਜੇਹੀ ਰਖਯਾ ਕਰਨ ਦਾ ਉਪਦੇਸ਼ ਦੇਂਦਾ ਸੀ ਤੇ ਸਭਨਾਂ ਜੀਵਾਂਦੀ ਜਾਨ ਇਕੋ ਜੇਹੀ ਜਾਣਕੇ ਬਚਾਉਣਲਈ ਡੰਕਾ ਬਜਾਉਂਦਾ ਸੀ ਉਸਦੇ ਸਿੱਖਾਂ ਦੀ ਉਨਤੀ ਬਿਨਾਂ ਤਲਵਾਰੋਂ ਕਿਸਤਰਾਂ ਨਾਲ ਹੋਈ ਨਹੀਂ ਜਦੋਂ ਬੁਧ ਧਰਮ ਰਾਜ ਹੋਗਿਆ ਅਸ਼ੋਕਾ ਜੇਹੜਾ ਬ੍ਰਹਮਣਾਂ ਦੇ ਨਿਯਮਾਨੁਸਾਰ ਸੂਦਰ ਸੀ ਰਾਜਾ ਬਣਗਿਆ ਤਾਂ ਉਸਨੇ ਤਲਵਾਰ ਦੇ ਬਲ ਨਾਲ ਬੁੱਧ ਧਰਮ ਨੂੰ ਵਿਸਤਾਰਿਆ ਤੇ ਦੂਸਰੇ ਮਤਾਂ ਵਾਲਿਆਂ ਦੇ ਲਹੂ ਨਾਲ ਤਲਵਾਰ ਰੰਗਕੇ ਬੁਧ ਧਰਮ ਦਾ ਵਾਧਾ ਕੀਤਾ ਕੀਹ ਸੰਕਰਾਚਾਰਜ ਦੀ ਸੁੱਕੀ ਫ਼ਲਾਸਫ਼ੀ ਨੇ ਹੀ ਬੁੱਧ ਧਰਮ ਨੂੰ ਹਿੰਦੁਸਤਾਨ ਥੀਂ ਬਾਹਰ ਕੀਤਾ ਅਤੇ ਓਹੁ ਉਸਦੀ ਦਲੀਲਬਾਜੀ ਨਾਲ ਬੋਰੀਆ ਬੰਧਨਾ ਬੰਨ੍ਹਕੇ ਹਿਦੁਸਤਾਨ ਦੀਆਂ ਹੱਦਾ ਥੀਂ ਬਾਹਰ ਕੀਤਾ ਗਿਆ ਨਹੀਂ ਸਗੋਂ ਰਾਜਪੂਤ ਰਾਜਿਆਂ ਨੇ ਫੇਰ ਤਲਵਾਰ ਚੁੱਕੀ ਤੇ ਤਲਵਾਰ ਦੀ ਸ਼ਕਤੀ ਕਰਕੇ ਓਹਨਾਂ ਨੇ ਬੁਧ ਮਤਨੂੰ

ਫ਼ਤੇ ਕਰ ਲੀਤਾ ਖੱਤ੍ਰੀ ਰਾਜਿਆਂ ਨੇ ਸੰਕਰਮਤ ਦੇ ਵਿਸਤਾਰ ਵਾਸਤੇ ਬੋਧਾਂ ਦੇ ਲਹੂ ਨਾਲ ਆਪਣੀ ਤਲਵਾਰ ਦੀ ਤ੍ਰੇਹ ਬੁਝਾਈ ਇਸ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੇ ਦੂਸਰੇ ਮਤ ਘਟਾਉਨ ਵਾਸਤੇ ਤੇ ਆਪਣੇ ਧਰਮ ਨੂੰ ਵਧਾਉਨ ਵਾਸਤੇ ਤਲਵਾਰ ਨਹੀਂ ਸੀ ਉਠਾਈ ਉਸਨੇ ਆਪਣੇ ਬਚਾਉ ਹਿੰਦੂਆਂ ਦੀ ਜਾਨ ਰਖਨਵਾਸਤੇ ਤੇ ਦੇਸ਼ ਰਖਯਾ ਦੇ ਵਾਸਤੇ ਤਲਵਾਰ ਉੱਪਰ ਹੱਥ ਰਖਿਆ ਸੀ ਕੇਵਲ ਹਿੰਦੂ ਧਰਮ ਨੂੰ ਨਾਸ਼ ਹੋਂਦੇ ਵੇਖ ਕੇ ਬਚਾਉਨ ਵਾਸਤੇ ਤਲਵਾਰ ਨੂੰ ਪਕੜਿਆ ਸੀ॥

ਤਲਵਾਰ ਨੂੰ ਕਿਉਂ ਪਕੜਿਆ ਤੇ ਕਿਸ ਹਾਲ ਵਿਖੇ ਰਖਿਆ ਉਨ੍ਹਾਂਨੇ ਉਨ੍ਹਾਂ ਇਸਲਾਮੀ ਮਤਾਂਦੇ ਸਾਹਮਨੇ ਆਪਣੀ ਤਲਵਾਰ ਨੂੰ ਲੈਹਰਾਯਾ ਕਿ ਜਿਨਾਂ ਨੂੰ ਖ਼ੁਦਾਦੀ ਵਲੋਂ ਇਹੁ ਸੰਦੇਸਾ ਆਯਾਸੀ ਕਿ ਜੋ ਪੁਰਖ ਮੁਸਲਮਾਂਨ ਨਹੀਂ ਹੈ ਓਹੁ ਕਾਫ਼ਰ ਹੈ ਕਾਫ਼ਰਾਂ ਨੂੰ ਜਾਨੋਂ ਮਾਰੋ ਇਹੁ ਇਸੇ ਵਾਸਤੇ ਬਣਾਏ ਗਏ ਹੈਨ ਕਾਫ਼ਰਾਂ ਦੀਆਂ ਇਸਤ੍ਰੀਆਂ ਧੀਆਂ ਪੁਤ੍ਰ ਮਾਲ ਮਤਾਹ ਘਰ ਬ੍ਹਾਰ ਸਭ ਮੁਸਲਮਾਨਾਂ ਮੋਮਨਾ ਲਈ ਹਲਾਲ ਹਨ ਅਤੇ ਹਿੰਦੁਸਤਾਂਨ ਵਿਖੇ ਇਨਾਂ ਮਸਲਿਆਂ ਪਰ ਅਮਲ ਜੋ ਕੁਛ ਪੈਹਲੇ ਇਸਲਾਮੀ ਬਾਦਸ਼ਾਹਾਂ ਨੇ ਕੀਤਾ ਸੋ ਕੀਤਾ ਪ੍ਰੰਤੂ ਔਰੰਗਜ਼ੇਬ ਨੇ ਕੀਹ ਕੀਤਾ ਉਸਨੇ ਪੱਕਾ ਇਰਾਦਾ ਕਰ ਲੀਤਾ ਸੀ ਕਿ ਸਭ ਹਿੰਦੂਆਂ ਨੂੰ ਤਲਵਾਰ ਦੇ ਜ਼ੋਰ ਨਾਲ ਮੁਸਲਮਾਂਨ ਬਣਾਯਾਂ ਲੋੜੀਏ ਤੇ ਓਹੁ ਮੁਸਲਮਾਂਨ ਬਣਕੇ

੭੦-੭੦ ਹੂਰਾਂ ਤੇ ਸੇਵਕਾਂ ਨੂੰ ਸ੍ਵਰਗ ਵਿਖੇ ਭੋਗਾਨ ਉਸਦਿਆਂ ਉੱਪਦ੍ਰਵਾਂ, ਬੇਦਰਦੀਆਂ ਦੀਆਂ ਹਜ਼ਾਰਾਂ ਹੀ ਦ੍ਰਿਸਟਾਂਤਾਂ ਦਿਖਾਈਆਂ ਜਾਸ ਕਦੀਆਂ ਹਨ ਪਰ ਏਥੇ ਜਗਾ ਨਹੀ ਕਿ ਲਿਖੀਏ ਤਵਾਰੀਖ਼ਾਂ ਦੇ ਸਭਨਾਂ ਪੰਨਿਆਂ ਪਰ ਇਸਦੀ ਸ਼ਾਹਦੀ ਉਪ ਲਿਖਤ ਹੈ ਪਿੰਡਾਂ ਦੇ ਪਿੰਡ ਸ਼ੈਹਰਾਂ ਦੇ ਸ਼ੈਹਰ, ਨਗਰਾਂ ਦੇ ਨਗਰ ਕੌਮਾਂ ਦੀਆਂ ਕੌਮਾਂ ਬਦੋ ਬਦੀ ਮੁਸਲਮਾਨ ਕੀਤੇ ਜਾ ਰਹੇ ਸਨ ਤੇ ਹਿੰਦੂਆਂ ਦੇ ਸ਼ਰੀਰ ਦਾ ਅੰਤ ਪ੍ਰਯੰਤ ਦਿਖਾਈ ਦੇਣ ਲਗਾ ਹੋਯਾ ਸੀ ਤਦ ਗੁਰੂ ਗੋਬਿੰਦ ਸਿੰਘ ਜੀ ਰਣਭੂਮੀ ਵਿਖੇ ਆਏ ਜੇਕਰ ਗੁਰੂ ਗੋਬਿੰਦ ਸਿੰਘ ਜੀ ਧਰਤੀ ਪਰ ਜਨਮ ਨਾਂ ਧਾਰਦੇ ਤੇ ਲੜਾਕਾ ਮਤ ਬਨਾ ਕਰਕੇ ਸਾਹਮਣੇ ਲੜਾਕੇ ਜ਼ਾਲਮਾਂ ਨਾਲ ਪੱਕੀ ਖੂਨਖ੍ਵਾਰੀ ਨਾਂ ਕਰਦੇ ਤੇ ਲੋਹੇ ਨਾਲ ਲੋਹਾ ਨਾਂ ਭੰਨਦੇ ਤਾਂ ਇਹੁ ਫਲ ਹੁੰਦਾ ਕਿ ਸ਼ਾਂਤੀ ਸੁਭਾਵ ਵਾਲੇ, ਸੈਹਨ ਸ਼ੀਲਤਾ ਵਾਲੇ ਸਹਾਰਨ ਦੇ ਆਦੀ ਹਿੰਦੂ ਕੀੜੀ ਨੂੰ ਕੋ ਦੁਖ ਨਾ ਦੇਨ ਦਾ ਪਾਠ ਕਰਨ ਵਾਲੇ ਜੀਵ ਹੱਤਿਆ ਥੀਂ ਕੰਬਨ ਵਾਲੇ ਆਹਿੰਸਾ ਪਰਮੋ ਧਰਮੋ ਦੇ ਬੋਲਣ ਵਾਲੇ ਹੀ ਨਾਂ ਬਣੇ ਰੈਂਹਦੇ ਅਤੇ ਤਲਵਾਰ ਦੇ ਜ਼ੋਰ ਨਾਲ ਉਸੇ ਭਾਂਤ ਦੇ ਮੁਸਲਮਾਂਨ ਬਣਾਏ ਜਾਂਦੇ ਕਿ ਜਿਨ੍ਹਾਂ ਦਾ ਧਰਮ ਇਹੁ ਹੁਕਮ ਦੇਂਦਾ ਹੈਸੀ ਕਿ ਕਾਫਰਾਂ ਦੇ ਲਹੂ ਨਾਲ ਹੱਥ ਰੰਗਨਾਂ ਪੁਨੀਤ ਹੈ ਕਾਫ਼ਰਾਂ ਦੇ ਇਸਤ੍ਰੀ ਪੁੱਤ੍ਰਾਂ ਧੀਆਂ ਨੂੰ ਖੋਹ ਕੇ ਮਜ਼ੇ ਕਰਨਾਂ ਈਸ਼੍ਵਰ ਦੀ ਆਗਿਆ ਪਰ ਚਲਣਾ

ਹੈ ਜ਼ਰਾ ਦੇਖੀਏ ਤਾਂ ਸਹੀ ਜਿਨ੍ਹਾਂ ਨੂੰ ਔਰੰਗਜ਼ੇਬ ਨੇ ਮੁਸਲਮਾਂਨ ਬਨਾਯਾ ਤੇ ਫ਼ੇਰ ਬਦੋ ਬਦੀ ਮੁਸਲਮਾਂਨ ਕੀਤੇ ਗਏ ਉਨ੍ਹਾਂ ਨੇ ਕਦੇ ਭੀ ਹਿੰਦੂਆਂ ਨਾਲ ਹਮਦਰਦੀ ਕੀਤੀ ਜਦ ਓਹ ਜ਼ੋਰੋ ਧਿੰਙੀ ਮੁਸਲਮਾਂਨ ਬਨਾਏ ਗਏ ਸਨ ਤਾਂ ਕੀਹ ਕਾਰਨ ਹੈ ਕਿ ਉਨ੍ਹਾਂ ਦੀ ਹਮਦਰਦੀ ਸਦਾ ਦੇ ਲਈ ਹਿੰਦੂਆਂ ਵਲੋਂ ਜਾਂਦੀ ਰਹੀ ਤਿਸਦਾ ਕਾਰਨ ਇਹੁ ਹੈ ਕਿ ਤੁਸਾਂ ਕਦੇ ਉਨ੍ਹਾਂ ਨੂੰ ਫ਼ੇਰ ਆਪਣੇ ਵਿੱਚ ਲਿਆਉਂਣ ਦਾ ਹੌਸਲਾ ਨਾਂ ਕੀਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਲੋਹੇ ਨਾਲ ਲੋਹਾ ਭਿੜਾਉਨ ਵਾਲੇ ਅਜੇਹੇ ਹੀ ਪੁਰਖ ਉਤਪਤ ਕੀਤੇ ਜਿਨ੍ਹਾਂ ਦੀ ਬੜੀ ਭਾਰੀ ਲੋੜ ਸੀ ਕ੍ਰਿਸ਼ਨ ਜੀ ਨੇ ਜੇਹੜਾ ਉਪਦੇਸ਼ ਅਰਜਨ ਨੂੰ ਮਹਾਂਭਾਰਤ ਦੇ ਯੁੱਧ ਰਣਭੂਮੀ ਵਿਖੇ ਦਿੱਤਾ ਸੀ ਭੀਖ਼ਮ ਨੇ ਜੇਹੜਾ ਉਪਦੇਸ਼ ਯੁਧਿਸ਼ਟਰ ਨੂੰ ਜਿੱਤ ਦੇ ਮਗਰੋਂ ਰਾਜ ਗੱਦੀ ਦੇ ਨਾਂ ਅੰਗੀਕਾਰ ਕਰਨ ਪਰ ਕੀਤਾ ਸੀ ਤਿਸੇ ਹੀ ਉਪਦੇਸ਼ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅਖ਼ਰ ਅਖ਼ਰ ਆਪਣੇ ਸਮੇ ਵਿਖੇ ਪੂਰਨ ਕੀਤਾ ਹੈ ਮਿਤ੍ਰੋ ਦ੍ਵੈਸ਼ੀਓ ਦਸੋਖਾਂ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਸਤਕਾਰ ਕਰਨ ਦੇ ਯੋਗ ਸੀ ਕਿ ਦੋਸ਼ ਅਰੋਪਨ ਦਾ ਸੀ ਉਸਦਾ ਉਦੇਸ਼ ਵਡਿਆਈ ਦੇ ਜੋਗ ਸੀ ਤੇ ਇਤਰਾਜ਼ ਕਰਨ ਜੋਗ ਬੇਆਜ਼ਾਰੀ ਦਾ ਨਿਯਮ ਫੈਲਾਉਨ ਵਾਲੇ ਲੋਕ ਨੁਕਤਾ ਚੀਨੀ ਨਿਸ਼ੰਗ ਕਰਨ ਕਿਉਂ ਜੋ ਦੋਸ਼ ਲਾਉਣਾ ਤਾਂ ਬੜਾ ਸੌਹਲ ਹੈ ਜੋ ਇਸ ਵਿਖੇ ਤਾਂ

ਕੁਛ ਭੀ ਖੇਦ ਨਹੀਂ ਸਹਾਰਨਾਂ ਪੈਂਦਾ ਨਾਂਹੀ ਕੁਛ ਖਰਚ ਹੁੰਦਾ ਹੈ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਦੇ ਉਦੇਸ਼ ਦੀ ਕਦਰ ਦਾ ਪਤਾ ਤਾਂ ਲਗੇ ਜਦੋਂ ਉਨ੍ਹਾਂ ਦੇ ਘਰਾਂ ਨੂੰ ਖੋਹ ਕੇ ਮਾਲਕ ਕੋਈ ਹੋਰ ਬਣ ਬੈਠੇ ਤੇ ਉਨ੍ਹਾਂ ਨੂੰ ਬਣਾਂ ਵਲ ਧੱਕੇ ਦੇਕੇ ਕਢ ਦੇਵੇ ਉਨ੍ਹਾਂ ਦੇ ਇਸਤ੍ਰੀ ਪੁਤ੍ਰਾਂ ਨੂੰ ਵਖਰੇ ਕਰਕੇ ਆਪਣੇ ਭੋਗ ਬਿਲਾਸ ਕਰੇ ਤੇ ਇਸਤ੍ਰੀਆਂ ਨਾਲ ਆਪਣਾਂ ਵਿਸ਼ਾ ਵਿਕਾਰ ਭੋਗਨ ਪੁਤ੍ਰਾਂ ਧੀਆਂ ਨੂੰ ਸੇਵਕ ਬਨਾਉਣ ਉਨ੍ਹਾਂ ਦੇ ਧਨ ਮਾਲ ਨਾਲ ਗੁਲਛੱਰ੍ਹੇ ਉਡਾਵਣ ਤੇ ਉਨ੍ਹਾਂ ਦੀਆਂ ਮੁਸ਼ਕਾਂ ਬੰਨ੍ਹਕੇ ਉਨ੍ਹਾਂ ਨੂੰ ਆਪਣੇ ਮਤ ਵਿਖੇ ਲਿਆਉਣ ਉਸ ਵੇਲੇ ਜੇਕਰ ਇਹੁ ਸ਼ਾਂਤੀ ਸ਼ਾਂਤੀ ਤੇ ਜੀਵਾਂ ਨੂੰ ਦੁਖਨਾਂ ਦੇਣ ਦਾ ਉਪਦੇਸ਼ ਕਰਨ, ਤਦ ਅਸੀਂ ਜਾਣੀਏ ਕਿ ਹਾਂ ਓਹੁ ਪੁਰਖ ਸੱਚੇ ਤਿਆਗੀ, ਪੱਕੇ ਗਿਆਨੀ, ਪੂਰੇ ਰੈਹਮ ਦਿਲ ਹੈਨ ਤੇ ਬਿਨਾਂ ਪ੍ਰੀਖਯਾ ਤਾਂ ਅਸੀਂ ਆਪ ਦੀ ਸ਼ਾਂਤੀ ਤੇ ਬੇਆਜ਼ਾਰੀ ਦੇ ਨਿਸ਼ਾ ਵਸ ਨਹੀਂ ਹੋਸਕਦੇ ॥

ਇਕ ਹੋਰ ਮੱਤ ਹੈ ਜੋ ਇਸਤਰਾਂ ਆਖਣ ਦਾ ਦਾਵਾ ਕਰਦਾ ਹੈ ਕਿ ਸਾਡਾ ਹਿੰਦੂ ਧਰਮ ਇਹੁ ਸਿਖਾਲਦਾ ਹੈ ਕਿ ਪ੍ਰਮੇਸ਼ੂਰ ਦੀ ਸਾਰੀ ਸ੍ਰਿਸ਼ਟੀ ਨੂੰ ਆਪਨੇ ਮਿਤ੍ਰ ਜਾਣੋਂ ਤੇ ਸਭਨਾਂ ਨੂੰ ਆਪਣੇ ਵਰਗਾਹੀ ਜਾਣੋਂ ਇਸ ਕਰਕੇ ਹਿੰਦੂਆਂ ਵਿਖੇ ਹਿੰਦੂ ਧਰਮ ਨੂੰ ਵਿਸਤਾਰ ਕਰਨ ਦੀ ਲੋੜ ਲਈ ਸਾਨੂੰ ਤਲਵਾਰ ਦੀ ਲੋੜ ਨਹੀਂ ਹੈ ਤੇ ਨਾਂਹੀ ਸ਼ਹੀਦੀ ਲੈਣਦੀ ਕੌਮ ਨੂੰ ਲੋੜ ਹੈ ਸੋ ਠੀਕ

ਆਪਨੇ ਸੱਚ ਤੇ ਠੀਕ ਆਖਿਆ ਪ੍ਰੰਤੂ ਇਹੁ ਤਾਂ ਤਦ ਹੋਵੇ ਕਿ ਕੋਈ ਆਪਨੂੰ ਮਿਤ੍ਰ ਬਨਨ ਭੀ ਦੇਵੇ ਜੇਹੜਾ ਆਪਨੂੰ ਕਾਫ਼ਰ ਸਮਝੇ ਤੇ ਕੁਫ਼ਰ ਦੇ ਦੋਸ਼ ਵਿਖੇ ਆਪਦੀ ਗਰਦਨ ਮਾਰਨੀ ਚਾਹੇ ਤੇ ਇਸੇ ਤਰਾਂਹੀ ਸਭ ਕੁਛ ਬਦੋਬਦੀ ਆਪਪਾਸੋਂ ਖੋਹਣਾ ਚਾਹੇ ਤਾਂ ਫੇਰ ਤੁਹਾਨੂੰ ਉਨ੍ਹਾਂ ਵਰਗਾਹੀ ਬਨਨਾਂ ਚਾਹੀਏ ਕਿ ਉਨ੍ਹਾਂ ਨੂੰ ਆਪਣੇ ਵਰਗਾ ਬਨਾਉਣਾ ਚਾਹੀਏ ਸਾਹਿਬੋ ਹੋਰ ਕੁਛ ਨਹੀਂ ਤਾਂ ਅਜੇਹੇ ਸਮੇਂ ਪਰ ਆਪਣੇ ਬਚਾਉਦੀ ਲਈ ਤਾਂ ਕੁਛ ਬਲ ਦਿਖਾਉਣਾਂ ਲੋੜੀਏ ਤੇ ਕੁਛ ਅੱਖਾਂ ਹੀ ਲਾਲ ਪੀਲੀਆਂ ਕਰਨੀਆਂ ਚਾਹੀਏ ਕੁਛ ਧਰਨਾਂਹੀ ਪੁਰਖਦੇ ਵਾਸਤੇ ਚਾਹੀਦਾ ਹੈ ਅਣਖਵਾਲੇ ਪੁਰਖਨੂੰ ਤਾਂ ਕੋਈ ਬਲ ਦਿਖਾਉਣਾਂ ਉਸ ਸਮੇਂ ਵਿਖੇ ਅਵਸ਼ਹੀ ਇਸ ਬਾਤਨੂੰ ਜੋ ਆਪਣਾਂ ਬਚਾਉ ਕਰਨਾ ਚਾਹੀਦਾ ਹੈ ਗੁਰੂ ਗੋਬਿੰਦ ਸਿੰਘ ਜੀ ਨੇ ਵਿਚਾਰਕੇ ਧਰਮ ਪਰਬਲੀ ਹੋਣ ਵਾਲੀ ਕੌਮ ਤੇ ਧਰਮ ਉਤਪਤ ਕਰਨਦੀ ਲੋੜ ਦੇਖੀ ਤਦੋਂ ਇਸ ਕੰਮ ਦੇ ਪੂਰਣ ਕਰਨ ਲਈ ਤਲਵਾਰ ਉਠਾਈ ਜੇਕ਼ਰ ਮੇਰੇ ਪਰ ਵਾਧੇ ਕਰਨ ਦਾ ਤੇ ਪੱਖ ਕਰਨ ਦਾ ਦੋਸ਼ਨਾਂ ਅਰੋਪ ਜਾ ਜਾਵੇ ਤਾਂ ਮੈਂ ਨਿਸ਼ੰਗ ਤੇ ਨਿਡਰ ਹੋਕੇ ਆਖਣ ਨੂੰ ਤਿਆਰ ਹਾਂ ਕਿ ਜੇਕਰ ਉਸ ਸਮੇਂ ਵਿਖੇ ਅਣਖੀ ਪੁਰਖ ਹਿੰਦੂਆਂ ਵਿਚੋਂ ਹੋਯਾ ਤਾਂ ਕੇਵਲ ਗੁਰੂ ਗੋਬਿੰਦ ਸਿੰਘ ਜੀ ਹੀ ਹੋਏ ਸੀ ਨਹੀਂ ਨਹੀਂ ਮੁਸਲਮਾਨਾਂ ਦੀ ਅੱਠ ਸੌ ਵਰ੍ਹੇਦੀ ਰਾਜ ਗੱਦੀ ਦੇ ਸਮੇਂ ਵਿਖੇ ਜੇਕਰ ਚਲੀ ਤਾਂ ਇਨਾਂਹੀ ਦੀ ਪੌਹਰਚੀ

ਢਲੀ ਤੇ ਜੋਸ਼ ਧਾਰਮਕ ਹੋਯਾ ਤੇ ਅਣਖ ਆਈ ਤੇ ਉਸਨੂੰ ਦੂਰ ਕੀਤਾ ਤਾਂ ਓਹੁ ਕੇਵਲ ਗੁਰੂ ਗੋਬਿੰਦ ਸਿੰਘ ਜੀ ਹੀ ਸੀ ਗੁਰੂ ਗੋਬਿੰਦ ਸਿੰਘ ਜੀ ਦੀ ਅਣਖ ਤੇ ਉਪਕਾਰ ਦੋਸ਼ ਅਰੋਪਣ ਵਾਲਿਆਂ ਥੀਂ ਬੜੇ ਹੀ ਉਚੀ ਪਦਵੀ ਪਰ ਹੈਨ॥

ਇਕ ਹੋਰ ਕੌਮ ਹੈ ਜੇਹੜੀ ਇਹੁ ਹੁੱਜਤ ਡਾਹੁੰਦੀ ਹੈ ਕਿ ਹਿੰਦੂਆਂ ਦੇ ਧਰਮ ਵਿਖੇ ਇਹੁ ਬਲ ਹੈ ਕਿ ਓਹੁ ਇਸਲਾਮ ਦੀ ਤਲਵਾਰਦਾ ਅੱਠ ਸੌ ਵਰ੍ਹੇ ਤੀਕ ਮੁਕਾਬਲਾ ਕਰਦੇ ਹੋਏ ਹਿੰਦੂ ਧਰਮ ਨੂੰ ਓਸ ਤਰਾਂਹੀ ਬਚਾਕੇ ਰਖਦੇ ਰਹੇ ਜਿਸ ਕਰ ਕੇ ਹਿੰਦੂ ਕੌਮ ਹੁਣ ਤੀਕ ਜੀਉਂਦੀ ਜਾਗਦੀ ਹੈ ਤੇ ਇਹੁ ਗਲ ਵਧੀਕੀ ਦੀ ਕਰਦੇ ਹੋਏ ਆਖਦੇ ਹਨ ਕਿ ਹਿੰਦੁਸ[illegible] ਥੀਂ ਬਿਨਾਂ ਸਭ ਦੂਸਰੇ ਦੇਸਾਂ ਤੇ ਦੂਸਰੇ ਮ[illegible] ਇਸਲਾਮ ਦੀ ਤਲਵਾਰ ਹੇਠ ਸਿਰ ਨੀਵਾਂ ਕੀਤਾ ਜੇਹਾਕੁ ਈਰਾਨ, ਤੋਰਾਨ, ਖ਼ੁਰਾਸਾਨ, ਤੁਰਕਸਤਾਨ ਗਾਜ਼ਨਿਸਤਾਨ, ਅਫ਼ਗਾਨਸਤਾਨ, ਬਲੋਚਸਤਾਨ, ਆਦਿਕ ਦੇ ਨਿਵਾਸੀ ਪੁਰਖ ਸਾਰੇ ਦੇ ਸਾਰੇ ਹੀ ਮੁਸਲਮਾਨ ਬਣ ਗਏ ਤੇ ਇਕ ਭੀ ਤਿਨਾਂ ਵਿਚੋਂ ਆਪਣੇ ਧਰਮ ਨੂੰ ਨਾ ਰਖ ਸੱਕਿਆ ਤੇ ਏਧਰ ਭਾਵੇਂ ਅੱਠ ਸੌ ਵਰ੍ਹੇ ਤੀਕ ਇਸਲਾਮ ਨੇ ਜ਼ੋਰ ਘੱਤੀ ਰਖਿਆ ਤੇ ਰਾਜ ਭੀ ਕੀਤਾਂ ਪਰ ਹਿੰਦੂ ਆਪਣੇ ਧਰਮ ਨੂੰ ਸਦੀਵ ਹੀ ਜੀਉਂਦਾ ਜਾਗਦਾ ਰਖਦੇ ਚਲੇ ਆਏ ਹਨ ਤੇ ਮੂਰਤੀ ਪੂਜਾ ਭੀ ਉਸੇ ਤਰਾਂ ਹੀ ਬਣੀ ਰਹੀ ਪ੍ਰੰਤੂ ਹਿੰਦੂ ਧਰਮ ਨੂੰ ਕੇਵਲ ਆਪਣੇ ਬਲ ਦੇ

ਆਸਰੇ ਆਪਣੀ ਜਾਨ ਨੂੰ ਰਖਨ ਦਾ ਘਮੰਡ ਨਹੀਂ ਹੈ ਕਿਉਂਕਿ ਹੋਰਕਈਬਾਤਾਂ ਉਨ੍ਹਾਂ ਦੇ ਭਾਗਾਂਨੂੰ ਅਜੇਹੀਆਂ ਹੋਗਈਆਂ ਸਨ ਕਿ ਹਿੰਦੂ ਧਰਮ ਦੇ ਉਪਦੇਸ਼ਕ ਮੁਸਲਮਾਨਾਂ ਪਾਸੋਂ ਬਚੇਰਹੇ ਜਿਸ ਕਰਕੇ ਸਾਰੇ ਮੁਸਲਮਾਨ ਨਾਂ ਬਣਸਕੇ ਉਨ੍ਹਾਂ ਕਾਰਣਾਂ ਤੇ ਵਸਤੂਆਂ ਦਾ ਹੇਠਾਂ ਵਰਨਨ ਕਰਦੇ ਹਾਂ॥

(੧) ਸਾਰਾ ਹਿੰਦੁਸਤਾਨ ਮੁਸਲਮਾਨਾਂ ਦੇ ਵਸ ਵਿਖੇ ਇਕ ਵਾਰੀ ਕਦੇ ਭੀ ਨਹੀਂ ਆਯਾ ਜੇਕਰ ਇਕ ਭਾਗ ਵਸੀ ਭੂਤ ਹੋਗਿਆ ਤਾਂ ਦੂਸਰਾ ਭਾਗ ਹਥੋਂ ਨਿਕਲ ਗਿਆ ਇਸ ਕਰਕੇ ਇਸਲਾਮੀ ਬਾਦਸ਼ਾਹ ਇਹੁ ਹੈਂਕੜ ਨਹੀਂ ਕਰ ਸਕਦੇ ਸੇ ਕਿ [illegible]ਆਪਣੀ [illegible] ਨੂੰ ਐਨਾਂ ਵਧਾ ਦੇਵਣ ਜਿਸ ਕਰਕੇ ਸਾਰੇ ਹੀ ਹਿੰਦੂ ਮੁਸਲਮਾਨ ਬਣਜਾਣ ਨਾਲੇ ਹਿੰਦੁਸਤਾਨ ਵੱਡਾ ਭਾਰਾ ਦਸ਼ ਸੀ ਇਸ ਕਰਕੇ ਇਕਵਾਰੀਹੀ ਵੱਸ ਨਹੀਂ ਸੀ ਹੋ ਸੱਕਦਾ॥

(੨) ਮੁਸਲਮਾਨ ਸਦੀਵਹੀ ਘਰੋਗੀ ਝੱਗੜਿਆਂ ਵਿਚ ਫੱਸੇ ਰਹੇ ਤੇ ਨਵੇਂ ਸੂਰਜ ਉਨ੍ਹਾਂ ਦੇ ਨੌਕਰਾਂ ਵਿਖੇ ਤੇ ਸਰਦਾਰਾਂ ਵਿਖੇ ਜੁਧਜੰਗ ਹੁੰਦਾ ਰੈਂਹਦਾ ਸੀ ਸੋ ਉਨ੍ਹਾਂਦੇ ਹਟਾਉਂਨਥੀਂ ਹੀ ਉਨ੍ਹਾਂ ਨੂੰ ਵੇਹਲ ਨਹੀਂ ਸੀ ਮਿਲਦਾ ਫੇਰ ਰਾਜਗੱਦੀ ਦੇ ਝਗੜਿਆਂ ਬਖੇੜਿਆਂ ਵਿਚੋਂ ਭੀ ਘਟ ਵੇਹਲ ਮਿਲਦਾ ਸੀ॥

(੩) ਮੁਸਲਮਾਨਾਂ ਨੇ ਭਾਵੇਂ ਇਸਲਾਮ ਵਧਾਉਂਨ ਲਈ ਬੜਾ ਜ਼ੋਰ ਲਾਯਾ ਪ੍ਰੰਤੂ ਦੇਸ ਅਧੀਨ ਕਰਨ ਦੇ ਧੰਧਿਆਂ

ਤੇ ਝਗੜਿਆਂ ਬਖੇੜਿਆਂ ਬੋਹੁਤਹੋਣਦੇ ਕਾਰਨਤੇ ਹਿੰਦੁਸਤਾਨ ਦੇ ਵੱਡੇ ਹੋਣ ਦੇ ਕਾਰਨ ਇਸਲਾਮ ਧਰਮ ਨੂੰ ਬੋਹਤ ਨਾਂ ਫੈਲਣ ਦਿਤਾ॥

(੪) ਮੁਸਲਮਾਨਾਂ ਵਿਖੇ ਆਪਣੇ ਆਪ ਭੀ ਇਸਲਾਮ ਦਾ ਓਹੁ ਜੋਸ਼ ਖ਼ਰੋਸ਼ ਨਹੀਂ ਸੀ ਰਿਹਾ ਜੋਹੜਾ ਪੈਹਲੇ ਜਿੱਤ ਵੇਲੇ ਇਸਲਾਮ ਵਿਖ ਸੀ ਅਥਵਾ ਪੈਹਲੇ ਮਹਮੂਦ ਗ਼ਜ਼ਨਵੀ ਵਿਖੇ ਪਾਯਾ ਜਾਂਦਾ ਸੀ॥

(੫) ਭਾਵੇਂ ਮੁਸਲਮਾਨ ਬਾਦਸ਼ਾਹੁ ਹਿੰਦੂਆਂ ਪਰ ਕਈ ਭਾਤਾਂ ਦੇ ਉਪੱਦ੍ਰਵ ਕਰ ਚੁਕੇ ਪਰ ਇਸ ਬਾਤ ਵਿਖੇ ਭੀ ਭਲੀ ਗਲ ਜਾਣਦੇ ਸੇ ਕਿ ਹਿੰਦੂਆਂ ਨੂੰ ਬਾਕੀ ਭੀ ਰਖੀਏ. ਕਿਉਂ ਜੋ ਉਨ੍ਹਾਂ ਦੀ ਰਾਜ ਗੱਦੀ ਨੂੰ ਸਥਿਰ ਰਖਨ ਵਾਸਤੇ ਤੇ ਅਮੀਰਾਂ ਸਰਦਾਰਾਂ ਦੀ ਲੜਾਈ ਕਰਨ ਸਮੇਂ ਇਹ ਉਨ੍ਹਾਂ ਨੂੰ ਬੜੀ ਸਹਾਇਤਾ ਦੇਂਦੇ ਸਨ॥

(੬) ਅਕਬਰ ਦੀ ਬੁਧ ਇਨ੍ਹਾਂ ਨੂੰ ਮਿਲਾ ਕਰਕੇ ਰਾਜ ਕਰਦੀ ਸੀ ਤੇ ਗੁਪ ਚੁਪ ਨਰਮੀ ਨਾਲ ਹਿੰਦੂਆਂ ਨੂੰ ਮੁਸਲਮਾਨ ਕਰਨ ਦੀ ਇੱਛਾ ਸੀ ਸੋ ਓਹੁ ਭੀ ਵਿਚਾਰ ਚਿਰਾਂ ਤਕ ਨਾਂ ਰਹੀ॥

(੭) ਮੁਸਲਮਾਨ ਬਾਦਸ਼ਾਹਾਂ ਨੂੰ ਰੁਪਜਾ ਭੀ ਦੀਨ ਇਸਲਾਮ ਨਾਲੋਂ ਕੁਛ ਘੱਟ ਪਿਆਰਾ ਨਹੀਂ ਸੀ ਜੇਜ਼ੀਆ ਲੈਕੇ ਹਿੰਦੂਆਂ ਪਾਸੋਂ ਉਨ੍ਹਾਂ ਨੂੰ ਹਿੰਦੂ ਹੀ ਬਣੇ ਰੈਹਣ ਦੀ

ਆਗਜਾ ਦੇਦੇਂ ਦੇ ਸਨ ਤੇ ਹਿੰਦੂ ਤਾਂ ਇਸ ਯੋਗ ਸਨ ਹੀ ਕਿ ਉਹ ਜੇੜੀਅਦੇ ਦਿਆ ਕਰਨ ਹਾਲਾਂਕਿ ਅਰਬ ਦੇਸ ਅਤੇ ਸ਼ਾਮ ਦੇਸ਼ ਆਦਿਕਾਂ ਵਿਖੇ ਜੇ ਜ਼ੀਆ ਦੇਣ ਦੀ ਸ਼ਕਤ ਨਹੀਂ ਸੀ ਰਹੀ, ਤੇ ਗਰੀਬੀ ਦੇ ਕਾਰਨ ਬੌਹਤ ਸਾਰੀਆਂ ਕੌਮਾਂ ਦੀਨ ਇਸਲਾਮ ਵਿਖੇ ਮਿਲ ਗਈਆਂ ਸਨ ਇਸ ਕਰਕੇ ਭੀ ਮੁਸਲਮਾਨਾਂ ਬਾਦਸ਼ਾਹਾਂ ਦਾ ਪੱਕਾ ਧਜਾਨ ਭੀ ਇਸ ਪਾਸੇ ਨਾ ਹੋਯਾ॥

(੮) ਆਪ ਹਿੰਦੂ ਅਜੇਹੇ ਢਿੱਲੇ ਹੋਗਏ ਸੇ ਕਿ ਰਾਜਪੂਤ ਆਪਣੀਆਂ ਪੁਤ੍ਰੀਆਂ ਮੁਸਲਮਾਨਾਂ ਨੂੰ ਦੇਣ ਲਗ ਗਏ ਸੇ ਤੇ ਮੁਸਲਮਾਂਨ ਸਾਕ ਬਣ ਜਾਣਦੇ ਕਾਰਣ ਉਨ੍ਹਾਂ ਨੂੰ ਦੁਖ ਨਹੀਂ ਸੇ ਦੇਂਦੇ ਤੇ ਜਾਣਦੇ ਸਨ ਕਿ ਇਹ ਬੇਮੁਰੱਵਤੀ ਹੋਵੇਗੀ॥ ਅਜੇਹੇ ਜੇਹੇ ਕਾਰਣ ਭਲੇ ਭਾਗਾਂਦੇ ਕਾਰਣ ਹੁੰਦੇ ਰਹੇ ਤੇ ਹਿੰਦੂ ਕੁਛ ਨ ਕੁਛ ਥੋੜੇ ਬੌਹਤੇ ਬਚ ਰਹੇ ਪ੍ਰੰਤੂ ਏਵੇਂ ਹੀ ਇੱਕ ਅਜੇਹਾ ਬਾਦਸ਼ਾਹ ਹਿੰਦੁਸਤਾਨ ਦੇ ਸਿੰਘਾਸਨ ਪਰ ਬੈਠਾ ਜੇਹੜਾ ਪੈਹਲੇ ਬਾਦਸ਼ਾਹਾਂ ਦੇ ਆਰੰਭ ਕਾਰਜ ਵੇਲੇ ਵਰਗਾ ਸਗੋਂ ਉਨ੍ਹਾਂ ਨਾਲੋਂ ਭੀ ਇਸਲਾਮ ਧਰਮ ਵਿੱਚ ਪੱਕਾ ਤੇ ਸਰਗਰਮ ਧਰਮੀ ਸੀ ਅਰਥਾਤ ਔਰੰਗਜ਼ੇਬ ਸੀ ਉਸਨੇ ਓਹੀ ਤ੍ਰੀਕਾ ਪਕੜਿਆ ਜੇਹੜਾ ਆਰੰਭ ਵਿਖੇ ਇਸਲਾਮ ਵਿੱਚ ਹਿੰਦੂਆਂ ਨੂੰ ਲਿਆਉਣਦਾ ਸੀ ਜੇਹਾ ਕਿ ਪੈਹਲੇ ਬਦੋਬਦੀ ਤੇ ਤਲਵਾਰ ਦੇ ਜ਼ੋਰ ਨਾਲ ਮੁਸਲਮਾਂਨ ਬਨਾਉਂਦੇ ਸੇ ਉਸੇ ਤ੍ਰੀਕੇ ਪਰ ਇਹ ਭੀ ਤੁਰਿਆ ਇਸ ਨੂੰ ਇੱਕ ਬੁਧਵਾਨ ਦਸਦਾ ਹੈ ਕਿ ਜਿਤਨੇ ਹਿੰਦੂ ਮੁਸਲਮਾਂਨ

ਪੈਹਲੇ ਸਮੇ ਵਿਖੇ ਬਾਦਸ਼ਾਹਾਂ ਸਾਰਿਆਂ ਨੇ ਬਣਾਏ ਸਨ ਉਨ੍ਹਾਂ ਸਾਰਿਆਂ ਨਾਲੋਂ ਵਧ ਔਰੰਗਜ਼ੇਬ ਨੇ ਹੀ ਆਪਣੇ ਸਮੇ ਵਿਖੇ ਬਣਾ ਦਿੱਤੇ ਸਨ ਜੇਕਰ ਔਰੰਗਜ਼ੇਬ ਵਰਗੇ ਬੜੇ ਤੱਤ ਧਰਮ ਵਿਖੇ ਪੈਹਲੇ ਬਾਦਸ਼ਾਹ ਭੀ ਹੋਂਦੇ ਅਥਵਾ ਉਸਥੀਂ ਮਗਰੋਂ ਭੀ ਲੜੀ ਚਲਦੀ ਰੈਂਹਦੀ ਤਾਂ ਇਸ ਬਾਤ ਵਿਖੇ ਰੰਚਕ ਮਾਤ੍ਰ ਭੀ ਸੰਦੇਹ ਨਹੀਂ ਸੀ ਕਿ ਉਪਰ ਲਿਖੇ ਦੇਸਾਂ ਵਾਂਗੂੰ ਹਿੰਦੁਸਤਾਂਨ ਭੀ ਸਾਰੇ ਦਾ ਸਾਰਾ ਹੀ ਮੁਸਲਮਾਂਨ ਬਨ ਗਿਆ ਹੁੰਦਾ ਭਲੇ ਭਾਗਾਂ ਦੇ ਕਾਰਣ ਔਰੰਗਜ਼ੇਬ ਥੀਂ ਪੈਹਲ ਅਜੇਹਾ ਪੱਕਾ ਇਸਲਾਮ ਦਾ ਸਹਾਇਕ ਕੋਈ ਬਾਦਸ਼ਾਹ ਨਹੀਂ ਹੋਯਾ ਸੀ ਭਾਵੇਂ ਇਸ ਨਾਲੋਂ ਉਪਦ੍ਰਵੀ ਵੱਡੇ ਵੱਡੇ ਸੇ ਪ੍ਰੰਤੂ ਤਿਸਦੀ ਜੜ ਭੀ ਉਸਦੇ ਮਰ ਜਾਣ ਦੇ ਮਗਰੋਂ ਵਧਣੀ ਤਾਂ ਕੀਹ ਸੀ ਸਗੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਜੇਹੀ ਪੋਲੀ ਕਰ ਦਿੱਤੀ ਸੀ ਕਿ ਓਹੁ ਅਜੇਹਾ ਬਲ ਫੇਰ ਨਾਂ ਧਾਰ ਸਕੇ ਜੋ ਹਿੰਦੂਆਂ ਨੂੰ ਬਦੋਬਦੀ ਮੁਸਲਮਾਂਨ ਕਰ ਲੈਣ ਨਹੀਂ ਤਾਂ ਔਰੰਗਜ਼ੇਬ ਵਰਗੇ ਤੱਤੇ ਤੇ ਕੱਟੇ ਧਰਮ ਦੇਪਕੇ ਬਾਦਸ਼ਾਹ ਭਾਵੇਂ ਦੋ ਚਾਰ ਹੀ ਹੋਰ ਹੁੰਦੇ ਤਾਂ ਸਾਰੇ ਹੀ ਹਿੰਦੂਆਂ ਨੂੰ ਮੁਸਲਮਾਂਨ ਬਣਾ ਸਕਦੇ ਸੇ ਕਿਉਂ ਜੋ ਹਿੰਦੂਆਂ ਵਿਖੇ ਆਪਣੇ ਬਚਾਉਣ ਦਾ ਕੋਈ ਬਲ ਤੇ ਸ਼ਕਤੀ ਨਹੀਂ ਰਹੀ ਸੀ ਅਤੇ ਇਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂਆਂ ਨੂੰ ਉਸ ਰੋੜ੍ਹ ਤੇ ਉਪਦ੍ਰਵ ਥੀਂ ਬਚਾਯਾ ਹੈ ਜਿਸ ਵਿੱਚ ਹਿੰਦੂਆਂ ਦਾ ਸਭੋ ਕੁਛ ਇਸਲਾਮ ਦੇ ਪਾਣੀ ਨਾਲ

ਸਿਲਾਬ ਕੇ ਇਸੇ ਰੋੜ੍ਹ ਵਿੱਚ ਡੁੱਬ ਜਾਣਵਾਲਾ ਸੀ ਸੋ ਸਾਹਿਬੋ ਜਿਤਨੀ ਇਜ਼ਤ ਗੁਰੂ ਗੋਬਿੰਦ ਸਿੰਘ ਜੀ ਦੀ ਇਨ੍ਹਾਂ ਇਤਹਾਸਾਂ ਨੂੰ ਪੜ੍ਹਕੇ ਤੇ ਸੁਣਕੇ ਸਾਨੂੰ ਪ੍ਰਤੀਤ ਹੁੰਦੀ ਹੈ ਉਸਦੇ ਵਰਨੰਨ ਕਰਨ ਦੀ ਕੁਛ ਲੋੜ ਹੀ ਨਹੀਂ ॥

ਕੀਹ ਗੁਰੂ ਗੋਬਿੰਦ ਸਿੰਘ ਜੀ ਵੇਦਾਂਤੀਸੀ

ਕੋਈ ਕੋਈ ਪੁਰਖ ਇਹ ਵਿਚਾਰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਵੇਦਾਂਤੀਸੀ ਤੇ ਇਸਦੇ ਵਾਸਤੇ ਇਹ ਦਲੀਲ ਵਿਚਾਰਦੇ ਹਨ ਕਿ ਉਸਦੀ ਕਵਿਤਾ ਵਿਖ ਬਹੁਤ ਥਾਵਾਂ ਪਰ ਜੀਵ ਤੇ ਈਸ਼੍ਵਰ ਦੀ ਏਕਤਾ ਦੀ ਬੇਆਉਂਦੀ ਹੈ ਪ੍ਰੰਤੂ ਇਹ ਝੂਠ ਤੇ ਕੂੜ ਸਾਬਤ ਕੀਤਾ ਗਿਆ ਹੈ ਅਸਾਂ ਉਪਰ ਦਿਖਾ ਚੁੱਕੇ ਹਾਂ ਕਿਓਹ ਆਵਾਗਉਣ ਨੂੰ ਮੰਨਦੇ ਸਨ ਤੇ ਉਨ੍ਹਾਂਨੇ ਕਈ ਜਗਾਂ ਪਰ ਆਵਾਗਉਣ ਦੀ ਬਾਤ ਨੂੰ ਚੰਗੀ ਤਰਾਂ ਪ੍ਰਤੀਤ ਕਰਵਾ ਦਿੱਤਾ ਹੈ ਇਕ ਅਸਥਾਨ ਵਿਖੇ ਬਚਿਤ੍ਰ ਨਾਟਕ ਵਿੱਚ ਲਿਖਯਾ ਹੈ ਜਿਥੇ ਕਿ ਉਨ੍ਹਾਂਨੇ ਗੁਰੂ ਨਾਨਕ ਸਾਹਿਬਜੀ ਦੇ ਜਨਮ ਧਾਰਨਦਾ ਕਾਰਨ ਦਸਿੱਆਹੈ ਕਿ ਗੁਰੂਨਾਨਕ ਜੀ ਕਿਉਂ ਸੰਸਾਰ ਵਿਖੇਆਏ ਤੇ ਓਹ ਆਪ ਸੰਸਾਰ ਪਰ ਕਿੰਉਂ ਆਏ ਸੀ ਸਾਰਾ ਨਿਰਣਾਂ ਤਿਸ ਵਿਖੇ ਹੈ ॥

ਇਕ ਦੂਸਰੀ ਜਗਾ ਪਰ ਉਨ੍ਹਾਂਨੇ ਕਿਹਾ ਹੈ ਕਿ ਜੇਹੜਾ ਸਿੱਖ ਗੁਰੂ ਗੋਬਿੰਦ ਸਿੰਘ ਜੀ ਦੀ ਆਗਯਾ ਭੰਗ ਕਰੇਗਾ

ਉਸਦਾ ਅੰਤ ਸਮੇ ਵਿਖੇ ਓਹੁ ਬੁਰਾ ਹਾਲ ਕਰੇਗਾ ਇਕ ਸਥਾਂਨ ਵਿਖੇ ਲਿਖਣਾ ਹੈ ਕਿਸਤ ਜਨਮ ਜਾਲੋਂਧਰਦੇ ਰੋਗਾਂ ਨਾਲ ਮਰਦਾਰਹੇਗਾ ਸੋ ਜੇਹੜਾ ਪੁਰਖ ਜੀਵ ਨੂੰ ਇਸਤਰਾਂ ਨਾਲ ਮੰਨ ਦਾ ਹੋਵੇ ਉਸਦੇ ਉਪਰ ਇਹੁ ਵਿਚਾਰ ਕਿਸਤਰਾਂ ਹੋਸਕਦੀ ਹੈ ਕਿ ਓਹੁ ਜੀਵ ਈਸ਼੍ਵਰ ਨੂੰ ਇੱਕ ਕਰਕੇ ਮੰਨਦਾ ਸੀ ਵੇਦਾਂਤ ਤਾਂ ਜੀਵ ਦੇ ਆਵਾਗਉਣ ਦੀ ਜੜ੍ਹ ਹੀ ਪੁੱਟ ਸੁੱਟਦਾ ਹੈ ਏਸੇਤਰਾਂ ਹੀ ਇਸਬਾਤ ਦੇ ਵਿਰੁਧ ਦੋਵੇਂ ਗਲਾਂ ਹਨ ਕਿਂਉਕਿ ਗੁਰੂ ਗੋਬਿੰਦ ਸਿੰਘ ਜੀ ਜੀਵ ਦੇ ਆਵਾਗਉਣ ਹੋਣ ਨੂੰ ਚੰਗੀਤਰਾਂ ਜਾਣਦੇ ਸੀ ਇਸ ਕਰਕੇ ਭੁੱਲ ਕਰਕੇ ਭੀ ਇਹੁ ਵਿਚਾਰ ਨਹੀਂ ਕਰਨੀ ਚਾਹੀਏ ਕਿ ਗੁਰੂ ਗੋਬਿੰਦ ਸਿੰਘ ਜੀ ਵੇਦਾਂਤੀ ਸਨ॥

ਦੂਸਰੀ ਗਲ ਇਹੁ ਹੈ ਕਿ ਉਨ੍ਹਾਂਨੇ ਅਕਾਲ ਉਸਤਤਿ ਵਿਖੇ ਈਸ਼੍ਵਰ ਦੇ ਅਜੇਹੇਗੁਨ ਵਰਨੰਨ ਕੀਤੇ ਹਨ ਜੇਹੜੇ ਵੇਦਾਂਤ ਮਤ ਦੇ ਸਾਰੇ ਹੀ ਪ੍ਰਤਿਕੂਲ ਹੈਨ ਜੇਹਾਕਿ" ਈਸ਼੍ਵਰ ਜਨਮ ਨਹੀਂ ਧਾਰਦਾ ਸਰਬ ਬਿਆਪਕ ਹੈ ਉਸ ਦੇ ਭਾਗ ਨਹੀਂ ਹੋਸਕਦੇ ਓਹੁ ਗਰਭ ਵਿਖੇ ਨਹੀਂ ਆਉਂਦਾ ਓਹੁ ਵਢਿੱਆ ਨਹੀਂ ਜਾਂਦਾ ਓਹੁ ਕਈ ਅੰਗਾਂ ਵਿਖੇ ਨਹੀਂ ਵੰਡਿਆ ਹੋਯਾ ਇਤਆਦਿਕ ਇਸ ਕਰਕੇ ਇਹੁ ਬੜੀ ਪੱਕੀ ਦਲੀਲ ਹੈ ਕਿ ਓਹੁ ਵੇਦਾਂਤ ਪਰ ਨਹੀਂ ਸੀ ਚਲਦਾ ਜਿੱਥੇ ਕਿੱਥੇ ਉਨ੍ਹਾਂਨੇ ਈਸ਼੍ਵਰ ਉਪਾਸ਼ਨਾ ਉਸਤਤ ਕਰਦੇ ਹੋਏ ਨੇ ਇਹੀ

ਆਖਣਾ ਹੈ ਕਿ ਸਭ ਚੀਜ਼ਾਂ ਵਿਖੇ ਈਸ਼੍ਵਰ ਦੀ ਸਰਬ ਸ਼ਕਤੀ ਹੀ ਵਰਤ ਰਹੀ ਹੈ ਅਥਵਾ ਈਸ਼੍ਵਰ ਸਰਬ ਵਿਆਪਕ ਹੈ ਪੇਹਲੇ ਤਾਂ ਇਹ ਕਦੇ ਭੀ ਨਹੀਂ ਕਿਹਾ ਕਿ ਓਹੁ ਚੀਜ਼ ਆਪ ਅਥਵਾ ਕੋਈ ਈਸ਼੍ਵਰ ਦਾ ਅੰਗ ਹੈ ਅਥਵਾ ਜੀਵ ਈਸ਼੍ਵਰ ਦਾ ਕੋਈ ਅੰਗ ਵਿਛੁੜਿਆ ਹੋਯਾ ਹੈ ਇਸ ਕਰਕੇ ਕਿ ਸਭਨਾਂ ਚੀਜ਼ਾਂ ਵਿਖੇ ਈਸ਼੍ਵਰ ਦੀ ਸ਼ਕਤੀ ਮੰਨਨੀ ਤੇ ਸਭ ਚੀਜ਼ਾਂ ਦਾ ਸਹਾਰਾ ਈਸ਼੍ਵਰ ਨੂੰ ਨਿਯਤ ਕਰਨਾ ਇਹੁ ਅਰਥ ਨਹੀਂ ਸਿਧ ਕਰਦਾ ਕਿ ਓਹੁ ਚੀਜ਼ ਈਸ਼੍ਵਰ ਅਥਵਾ ਕੋਈ ਉਸਦਾ ਅੰਗ ਹੈ (ਸਭ ਕੁਛ ਓਹੁ ਹੀ ਹੈ ਯਾ ਸਬ ਕੁਛ ਉਸ ਨਾਲ ਹੈ) ਇਸ ਬਾਤਦਾ ਵਿਚਾਰਕਰਕੇ ਨਿਰਣਾਂ ਕਰ ਲੈਣਾਂ ਚਾਹੀਏ ਦੂਸਰੇ ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ ਦ੍ਵਾਰਾ ਇਹੁ ਪ੍ਰਤੱਖ ਪ੍ਰਤੀਤ ਹੁੰਦਾ ਹੈ ਕਿ ਜੀਵ ਤੇ ਈਸ਼੍ਵਰ ਦੀ ਏਕਤਾ ਨਹੀਂ ਹੈ ਉਸਦੇ ਕਵੀਆਂ ਨੇ ਜੇਕਰ ਕਿਧਰੇ ਅਜੇਹੇ ਵਧੀਕੀ ਦੇ ਸ਼ਬਦ ਲਿਖੇ ਭੀ ਹਨ ਤਾਂ ਕੇਵਲ ਖ਼ਾਲਸੇ ਨੂੰ ਉਭਾਰਨ ਵਾਸਤੇ ਲਿਖੇ ਹਨ ਤੇ ਓਹੀ ਸ਼ਬਦ ਮਗਰੋਂ ਦਸਮੀ ਪਾਤਸ਼ਾਹੀ ਜੀ ਦੇ ਗ੍ਰੰਥ ਸਾਹਿਬ ਵਿਖੇ ਲਿਖੇ ਗਏ ਹਨ ਸੋ ਇਸ ਬਾਤਦੀ ਕੋਈ ਦਲੀਲ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਵੇਦਾਂਤੀ ਸੀ ਅਸਾਂ ਉਨ੍ਹਾਂਦੀ ਬਾਣੀ ਨੂੰ ਚੰਗੀ ਤਰਾਂ ਵਿਚਾਰਕੇ ਡਿੱਠਾ ਹੈ ਪ੍ਰੰਤੂ ਕੋਈ ਜਗਾ ਨਹੀਂ ਡਿਠੀ ਕਿ ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ ਜੀਵ ਤੇ ਬ੍ਰਹਮਦੀ ਏਕਤਾ ਨਿਰੂਪਣ ਕੀਤੀ ਹੋਵੇ ਹੁਣ

ਪ੍ਰਸ਼ਨ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਧਰਮ ਕੀਹ ਸੀ ਸੋ ਇਸ ਬਾਤ ਦਾ ਉਤ੍ਰ ਦੇਣਾਂ ਕੁਛ ਕਠਿਨ ਨਹੀਂ ਹੈ ਜੋ ਉਸਦਾ ਧਰਮ ਓਹੀ ਸੀ ਜੇਹੜਾ ਗੁਰੂ ਨਾਨਕ ਦੇਵ ਜੀ ਦਾ ਸੀ ਤੇ ਗੁਰੂ ਨਾਨਕ ਦੇਵ ਜੀ ਦਾ ਧਰਮ ਓਹ ਸੀ ਜੇਹੜਾ ਪੁਰਾਣੇ ਮਹਾਤਮਾਂ ਪੁਰਖਾਂ ਦਾ ਸੀ ਤੇ ਪੁਰਾਣੇ ਰਿਖੀਆਂ ਦਾ ਧਰਮ ਵੈਦਕ ਧਰਮ ਸੀ॥

ਗੁਰੂ ਗੋਬਿੰਦ ਸਿੰਘ ਜੀ ਦੀ ਵਡਿਆਈ ਕ੍ਰਿਸ਼ਨ ਤੇ ਰਾਮ ਚੰਦ੍ਰ ਦੀ ਵਡਿਆਈ ਦੇ ਤੁੱਲ ਕਿਉਂ ਨਹੀਂ

ਇਸ ਬਾਤ ਦਾ ਉਤ੍ਰ ਦੇਣਾ ਕੁਛ ਕਠਿਨ ਹੈ ਕਿਉਂਕਿ ਇਸ ਵਿਖੇ ਹਿੰਦੂ ਧਰਮ ਪਰ ਅਕ੍ਰਿਤਘਨਤਾਦਾ ਦੋਸ਼ ਲਗਦਾ ਹੈ ਜੇਹੜੀ ਵਡਿਆਈ ਕ੍ਰਿਸ਼ਨ ਤੇ ਰਾਮਚੰਦ੍ਰ ਦੀ ਕੀਤੀਜਾਂਦੀ ਹੈ ਉਸਦਾ ਕਾਰਣ ਲੱਭਣਾਂ ਕੁਛ ਕਠਿਨ ਨਹੀਂ ਹੈ ਕ੍ਰਿਸ਼ਨ ਤੇ ਰਾਮ ਚੰਦ੍ਰ ਬ੍ਰਾਹਮਣੀ ਧਰਮ ਦੇ ਵਿਰੁੱਧ ਨਹੀਂ ਸਨ ਅਤੇ ਬ੍ਰਾਹਮਣੀ ਧਰਮਦੇ ਵਸੀਲੇ ਕਰਕੇ ਕ੍ਰਿਸ਼ਨ ਅਤੇ ਰਾਮਚੰਦ੍ਰ ਦੇ ਨਾਉਂ ਨਾਲ ਹਜ਼ਾਰਾਂ ਪੁਰਖਾਂਦੀਆਂ ਰੋਟੀਆਂ ਚਲਦੀਆਂ ਸਨ ਅਤੇ ਵਡਿਆਈਸ਼ੋਭਾ ਭੀ ਬਣੀ ਹੋਈ ਸੀ ਇਸ ਕਰਕੇ ਆਪਣੇ ਪ੍ਰਯੋਜਨ ਅਰਥ ਉਨ੍ਹਾਂ ਪੁਰਖਾਂ ਨੇ ਉਨ੍ਹਾਂ ਦੀ ਵਡਿਆਈ ਕਰਕੇ ਆਪਣਾ ਕੰਮ ਸਿੱਧ ਕੀਤਾ ਹੈ ਕ੍ਰਿਸ਼ਨ ਤੇ ਰਾਮਚੰਦ੍ਰ ਨੂੰ ਜਿਤਨਾ

ਉਨ੍ਹਾਂ ਨੇ ਉਪਮਾਂ ਕਰ ਕਰਕੇ ਵਧਾਯਾ ਤੇ ਵੱਡਾ ਲਿਖਯਾ ਹੈ ਓਹੁ ਤਵਾਰੀਖ਼ ਨਵੀਸ਼ੀ ਦੀ ਕਲਮ ਨਾਲ ਐਸੀ ਵਡਿਆਈ ਤੇ ਉਪਮਾਂ ਦੇ ਯੋਗਕਦੇਭੀ ਨਹੀਂ ਸੀ ਹੋਸਕਦੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਹਾਦੁਰੀਆਂ, ਦੀਰਘ ਦ੍ਰਿਸ਼ਟੀਆਂ ਦੇਸ਼ਭਗਤੀ ਦੀਆਂ ਖ਼ੂਬੀਆਂ ਮੈਤ੍ਰਤਾ ਦੀਆਂ ਉਮੰਗਾਂ ਵਧਕੇ ਸਨਪਰ ਕਿਉਂਕਿ ਓਹੁ ਬ੍ਰਾਹਮਣੀਧਰਮਦੇ ਭੀ ਬੌਹਤ ਪ੍ਰਤਿਕੂਲਸੀ ਇਸ ਕਰਕੇ ਉਸ ਦੀ ਓਹੁ ਵਡਿਆਈ ਤੇ ਨਾਮਵਰੀ ਹਿੰਦੁਸਤਾਂਨ ਦੇ ਹਿੰਦੂਆਂ ਵਿਖੇ ਨਹੀ ਹੋਈ ਜੇਹੀਕੁ ਨਾਮਵਰੀ ਕ੍ਰਿਸ਼ਨ, ਰਾਮਚੰਦ੍ਰ ਤੇ ਸ਼ੰਕਰਾ ਚਾਰਜ ਦੀ ਹੋਈ ਸੀ ਨਿਰਸੰਦੇਹ ਮੇਰਾ ਪ੍ਰਯੋਜਨ ਇਹੁ ਨਹੀਂ ਕਿ ਹਿੰਦੂ ਉਸ ਨੂੰ ਭੀ ਔਤਾਰਾਂ ਵਾਂਗੂ ਮੰਨਨ ਕਿਉਂ ਜੋ ਇਸ ਬਾਤ ਦੇ ਤਾਂ ਗੁਰੂ ਗੋਬਿੰਦ ਸਿੰਘ ਜੀ ਆਪ ਹੀ ਵਿਰੁਧ ਸਨ ਪਰ ਤਾਂ ਭੀ ਅਜੇਹੇ ਮਹਾਤਮਾਂ, ਬੀਰ, ਦੇਸ਼ ਰਖਕ, ਹਿੰਦੂ ਧਰਮ ਦੇ ਹਮਦਰਦ, ਕੌਮ ਦੇ ਸਚੇ, ਪ੍ਰੇਮੀ ਦੀ ਯਾਦਗਾਰ ਨੂੰ ਵਡਿਆਈ ਨਾਲ ਤਾਂ ਆਪਣੇ ਦਿਲਾਂ ਵਿੱਚ ਸਦੀਵ ਰਖਨਾ ਚਾਹੀਏ ਪ੍ਰੰਤੂ ਬੜੇ ਹੀ ਅਫ਼ਸੋਸ ਦੀ ਥਾਂ ਹੈ ਕਿ ਵਿਸੇਸ਼ ਕਰਕੇ ਹਿੰਦੂ ਉਨ੍ਹਾਂ ਦੇ ਨਾਮ ਤੱਕਭੀ ਨਹੀਂ ਜਾਣਦੇ ਇਸ ਨਾਲੋਂ ਵਧਕੇ ਕੌਮ ਦੀ ਅਕ੍ਰਿਤਘਨਤਾ ਹੋਰ ਕੀਹ ਹੋਸਕਦੀ ਹੈ ਜੇਹੜੀ ਕੌਮ ਆਪਣੇ ਮਹਾਤਮਾਂ ਵਡੇ ਪੁਰਖਾਂ ਦੀ ਮੇਹਨਤਾਂ ਨੂੰ ਤੇ ਪਰ ਉਪਕਾਰਾਂ ਨੂੰ ਚੇਤੇ ਨਹੀਂ ਰਖਦੀ ਓਹੁ

ਕਦੇ ਭੀ ਉਨੱਤੀ ਨਹੀਂ ਕਰ ਸਕਦੀ ਸਗੋਂ ਅੱਜਕਲ ਦੇ ਖ਼ਾਲਸਾ ਭੀ ਉਸ ਦੀ ਉਤਨੀ ਵਡਿਆਈ ਨਹੀਂ ਕਰਦੇ ਸਿਖਾਂ ਦਾ ਤਾਂ ਸਭ ਥੀਂ ਪਰਮ ਧਰਮ ਉਸ ਦੀ ਵਡਿਆਈ ਕਰਨੀ ਸੀ ਸੋ ਤਾਂ ਸਿਖਾਂ ਪਾਸੋਂ ਭੀ ਰਹੀ ਉਸਦੀ ਯਾਦਗਾਰ ਤਾਂ ਕਿਸੇ ਪਾਸੋਂ ਰਹੀ ਖ਼ਾਲਸੇ ਨੂੰ ਉਨ੍ਹਾਂ ਦੇ ਕੰਮਾਂ ਦੀਆਂ ਕਹਾਣੀਆਂ ਤੱਕ ਭੀ ਚੇਤੇ ਨਹੀਂ ਕਿਉਂ ਜੋ ਜਦ ਮੈਂ ਇਹੁ ਪੁਸਤਕ ਲਿਖਣ ਲੱਗਾ ਤਾਂ ਪਤਾ ਲੱਗਾ ਕਿ ਖ਼ਾਲਸਾ ਸਿਖ ਜੇਹੜੇ ਗੁਰੂ ਬਣੇ ਹੋਏ ਅਜਕਲ ਬੈਠੇ ਹੋਏ ਹਨ ਓਹੁ ਗੁਰੂ ਗੋਬਿੰਦ ਸਿੰਘ ਜੀ ਦੇ ਹਾਲ ਤੇ ਸਮਾਚਾਰਾਂ ਥੀਂ ਅਜੇਹੇ ਅਨ ਜਾਣ ਹੈਨ ਜਿਵੇਂ ਅਮਰੀਕਾ ਦੇ ਵਸਨੀਕ ਹੁੰਦੇ ਹਨ ॥

ਖ਼ਾਲਸਾ ਧਰਮ ਤੇ ਹਿੰਦੂ

ਕੀਹ ਗੁਰੂ ਗੋਬਿੰਦ ਸਿੰਘਜੀ ਨੇ ਖ਼ਾਲਸਾ ਧਰਮ ਨੂੰ ਹਿੰਦੂਆਂ ਥੀਂ ਵਖਰੇ ਬਨਾਯਾ ਅਥਵਾ ਉਸਦੀ ਕੋਈ ਟਾਹਣੀ ਬਨਾਈ ਅਥਵਾ ਹਿੰਦੂ ਧਰਮ ਦੀ ਸੁਧਾਰ ਕੀਤੀ ਅਰਥਾਤ ਖ਼ਾਲਸਾ ਧਰਮ ਹਿੰਦੂਆਂ ਵਿਚੋਂ ਐਉਂ ਬਨਾਯਾ ਜਿਕੁਰ ਮੁਸਲਮਾਨ ਅਥਵਾ ਈਸਾਈ ਅਥਵਾ ਬੁਧ ਵਾਂਗੂੰ ਇਕ ਦੂਸਰੇ ਨਾਲੋਂ ਵਖਰੇ ਹਨ ਅਥਵਾ ਨਾਲ ਲਗਦਾ ਬਨਾਯਾ ਜਿਵੇਂ ਸ਼ੈਵੀ ਤੇ ਵੈਸ਼ਨੋ ਆਪਸ ਵਿਚ ਹਨ ਅਥਵਾ ਜਿਵੇਂ ਸੁੰਨੀ ਤੇ ਸ਼ਿਆਹ

ਆਪਸ ਵਿਚ ਨੇੜੇ ਹਨ ਅਥਵਾ ਕੇਵਲ ਹਿੰਦੂ ਧਰਮ ਵਿਖੇ ਸੁਧਾਰਹੀ ਕੀਤਾ ਇਸ ਵਿਖੇ ਕਿਸੇ ਨੂੰ ਭੀ ਨਾਂਹ ਨਹੀਂ ਹੋਵੇਗੀ ਕਿ ਜਿਤਨੀ ਖੇਚਲ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਧਰਮਦੇ ਬਣਾਉਣਲਈ ਕੀਤੀਹੈਉਨ੍ਹਾਂਦਾ ਅਸਲੀ ਤਾਤਪ੍ਰਯ ਇਹੁ ਸੀ ਕਿ ਹਿੰਦੂ ਧਰਮ ਵੈਦਕ ਵਿਦਯਾ ਦੀ ਤੇਭਾਰਤ ਦੇਸ਼ ਦੀ ਰਖਯਾ ਕਰੇ ਸੋ ਉਨ੍ਹਾਂ ਨੇ ਬਾਰੰਬਾਰ ਸਿਖਾਂ ਨੂੰ ਇਹੀ ਉਪਦੇਸ਼ ਦਿੱਤਾ ਕਿ ਹਿੰਦੂਆ ਦੀ ਬੋਦੀ, ਟਿੱਕਾ, ਜਨੇਊ ਅਤੇ ਵੇਦਾਂ ਦੀ ਰਖਯਾ ਕਰਨੀ ਖ਼ਾਲਸੇ ਦਾ ਸਭ ਥੀਂ ਪੈਹਲਾਉਦੇਸ਼ ਹੋਵੇਗਾ ਜੇਕਰ ਓਹੁ ਹਿੰਦੂਆਂ ਥੀਂ ਨਿਰਾਲਾ ਤੇ ਬਿਲਕੁਲ ਵਖਰਾ ਪੰਥ ਨਿਯਤ ਕਰਨਾ ਚਾਹੁੰਦੇ ਜੇਹਾਕੁ ਮੁਸਲਮਾਂਨ ਆਦਿਕਾਂ ਹਿੰਦੂਆਂਥੀਂ ਵਖਰੇਹਨ ਤਾਂ ਹਿੰਦੂਆਂਨੂੰ ਮੁਸਲਮਾਂਨ ਪਾਸੋਂ ਕੀਹ ਲਾਭ ਸੀ ਇਸੇ ਤਰਾਂ ਸਿਖਾ ਪਾਸੋਂ ਕੀਹ ਫਲ ਪ੍ਰਾਪਤ ਹੋਣਾ ਸੀ ਤੇ ਹਿੰਦੂਆਂ ਦੇ ਵਾਸਤੇ ਫੇਰ ਖ਼ਾਲਸਾ ਲਈ ਹਮਦਰਦੀ ਦੇ ਕੀਹ ਅਰਥ ਹੁੰਦੇ ਨਿਰਸੰਦੇਹ ਓਹੁ ਹਿੰਦੂਆਂ ਨਾਲੋਂ ਮੇਲ ਜੋਲ ਵਖਰਾ ਰਖਣ ਲਈ ਉਪਦੇਸ਼ ਦੇਂਦੇਸੀ ਉਸਦਾ ਕਾਰਨ ਇਹੁ ਸੀ ਕਿ ਓਹੁ ਹਿੰਦੂਆਂ ਦੀ ਕਮਜ਼ੋਰ ਤੇ ਕਾਇਰਤਾ, ਸ੍ਵਾਰਥਾਦੇ ਸੁਭਾਵਦੇ ਅਨੁਸਾਰਹੀ ਨਾਂ ਬਣਜਾਂਣ ਹਿੰਦੂ ਖਾਲਸੇ ਨਾਲ ਜਾਤ ਵਰਨਾਂ ਦੇ ਘਮੰਡ ਕਰਕੇ ਘਿਣ ਕਰਦੇ ਸੇ ਤੇ ਖ਼ਾਲਸਾ ਭਾਵੇਂ ਉਨ੍ਹਾਂ ਦੀ ਪਤ ਅਬਰੋ ਦੀ ਰਾਖੀ ਕਰਦਾਸੀ ਇਸ ਕਰਕੇ ਖ਼ਾਲਸਾ ਧਰਮ ਸੁਧਾਰ ਕੀਤਾ ਹੋਯਾ

ਹਿੰਦੂ ਧਰਮ ਹੈ ਜੇਹੜਾ ਪੈਹਲੇ ਸਮੇਂ ਵਿਖੇ ਵੈਦਕ ਧਰਮ ਕਰ ਕੇ ਪ੍ਰਗਟ ਸੀ ਸ਼ਬਦ ਖ਼ਾਲਸਾ, ਤੇ ਹਿੰਦੂ ਆਦਿਕਾਂ ਦਾ ਅਰਥ ਅਸੀਂ ਪੈਹਲੇ ਚੰਗੀ ਪ੍ਰਕਾਰ ਨਿਰਣੈ ਕਰ ਆਏਹਾਂ ਤਿਨ੍ਹਾਂ ਦੇ ਏਥੇ ਲਿਖਨ ਦੀ ਕੁਛ ਲੋੜ ਨਹੀਂ ਹੈ ਤੇ ਇਕ ਵਡੀ ਉੱਤਮ ਦਲੀਲ ਵਿਦਤ ਤੇ ਪ੍ਰਗਟ ਪ੍ਰਤੀਤ ਇਹੁ ਹੁੰਦੀ ਹੈ ਕਿ ਜੇਕਰ ਖਾਲਸੇ ਨੂੰ ਹਿੰਦੂਆਂ ਥੀਂ ਵਖਰਾ ਹੀ ਕਰਨ ਦਾ ਪ੍ਰਯੋਜਨ ਸੀ ਤਾਂ ਉਨ੍ਹਾਂ ਵਾਸਤੇ ਨਿਯਮ ਵਿਰਾਸਤ, ਵਿਵਾਹ ਵਿਧੀ ਅਥਵਾਂ ਹੋਰ ਕਈ ਤਰਾਂ ਦੇ ਨਿਯਮ ਭੀ ਵਖਰੋ ਵਖਰੇ ਪ੍ਰੀਪਕ ਕਰਦੇ ਆਪ ਗੁਰੂ ਗੋਬਿੰਦ ਸਿੰਘ ਜੀ ਨੇ ਪਾਹੁਲ ਲੈਣਥੀਂ ਮਗਰੋਂ ਤੀਸਰਾ ਵਿਆਹੁ ਹਿੰਦੂਆਂ ਦੇ ਘਰੀਂ ਕੀਤਾ ਸੀ ਸਭ ਕੁਛ ਹਿੰਦੂਆਂ ਨਾਲ ਮਿਲਿਆ ਜੁਲਿਆ ਸੀ ਗਲ ਕਾਹਦੀ ਜੇਹੜੇ ਸਿਖ ਸਿਖਾਂ ਨੂੰ ਹਿੰਦੂਆਂ ਪਾਸੋਂ ਵਖਰੇ ਕਰਨਾ ਚਾਹੁੰਦੇ ਹਨ ਓਹੁ ਗੁਰੂ ਗੋਬਿੰਦ ਸਿੰਘ ਜੀ ਦੇ ਉਪਦੇਸ਼ ਥੀਂ ਆਤਮਾ ਨੂੰ ਕੱਢਕੇ ਜਾਂਨ ਹੀਣ ਸ਼ਰੀਰ ਬਣਾਉਂਦੇ ਹਨ ਓਹੁ ਗੁਰੂ ਗੋਬਿੰਦ ਸਿੰਘ ਜੀ ਦੇ ਪਵਿਤ੍ਰ ਉਦੇਸ਼ ਨੂੰ ਦਾਗ ਲਾਉਂਦੇ ਹਨ ਉਨ੍ਹਾਂਦੀਆਂ ਭਲੀਆਂ ਵਿਚਾਰਾਂ ਪਰ ਦੋਸ਼ ਅਰੋਪਨ ਕਰਦੇ ਹਨ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਉਪਕਾਰਾਂ ਨੂੰ ਮਿੱਟੀ ਵਿਖੇ ਮਿਲਾਉਂਦੇ ਹਨ ॥

ਗੁਰੂ ਗੋਬਿੰਦ ਸਿੰਘ ਜੀ ਦੀ ਕਵਿਤਾ ਪਰ ਸਰਸਰੀ ਵਿਚਾਰ

ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਗਟ ਤੇ ਮਸ਼ਹੂਰ ਕਵਿਤਾ ਦਸਵੀਂ ਪਾਤਸ਼ਾਹੀ ਦਾ ਗੁਰੂ ਗ੍ਰੰਥ ਸਾਹਿਬਜੀ ਹੈ ਜਿਸ ਵਿਚੋਂ ਕਈ ਭਾਗ ਤਾਂ ਉਨ੍ਹਾਂਦੇ ਆਪਣੀ ਰਸਨਾ ਦ੍ਵਾਰਾ ਉਚਰੇ ਹੋਏ ਹਨ ਤੇ ਕਈ ਅੰਗ ਦੂਸਰੇ ਕਵੀਆਂ ਦੇ ਰਚੇ ਹੋਏ ਹਨ ਜੇਹੜੀ ਉਨ੍ਹਾਂਦੀ ਆਪਣੀ ਰਚੀ ਹੋਈ ਕਵਿਤਾ ਹੈ ਉਨ੍ਹਾਂ ਪਰ ਪਛਾਣ ਲਈ ਸ੍ਰੀ ਮੁਖਵਾਕ ਲਿਖਿਆਹੈ ਇਹੁ ਇਕ ਵੱਡੀ ਪੁਸਤਕਹੈ ਜੋ ੧੦੬੬ ਸਫ਼ੇ ਪਰ ਮੁਕਦੀ ਹੈ ਉਸਦਾ ਸਾਰਾ ਨਿਰਣਾ ਕਰਨਾ ਤਾਂ ਇਸ ਪੁਸਤਕ ਦੇ ਵਿਤੋਂ ਬਾਹਰ ਹੈ ਪਰ ਸੰਖੇਪਕ ਤਰਾਂਪਰ ਕੇਵਲ ਇਸ ਬਾਤਦਾ ਨਿਰਣਾਹੀ ਕਰਦੇਨਾਂ ਭਲਾ ਹੋਵੇਗਾ ਕਿ ਉਸ ਵਿਖੇ ਕੇਹੜੀਆਂ ਬਾਤਾਂ ਲਿਖੀਆਂ ਹਨ॥ ਇਸ ਗੁਰੂ ਗ੍ਰੰਥ ਸਾਹਿਬਜੀਦੇਕਈਕਈਅੰਗ ਤਾਂ ਅਤਜੰਤ ਹੀ ਪ੍ਰਰਜੋਸ਼ ਤੇ ਡਾਢੇ ਸ਼ਬਦਾਂ ਨਾਲ ਭਰਪੂਰ ਹਨ ਤੇ ਕਈ ਅੰਗ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਰਚਤ ਦੇ ਨਹੀਂ ਹਨ ਸਗੋਂ ਉਨ੍ਹਾਂਦੇ ਨੌਕਰ ਕਵੀਆਂ ਦੀਆ ਕਵਿਤਾ ਹੈਨ ਜੇਹਾਕੂ ਦੇਵੀ ਤੇ ਔਤਾਰਾਂ ਦੀ ਬਾਬਤ ਛੰਦ ਹੈਨ ਅਤੇ ਇਸਤ੍ਰੀ ਚਰਿਤ੍ਰ ਆਦਿਕ ਹੈਨ ਇਹੁ ਸਭ ਕਵੀਆਂ ਦੀ ਰਚਤ ਕਵਿਤਾ ਹੈਂ ਜੇਹੜੇ ਬਚਨ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ

ਰਚਿਤ ਹਨ ਉਨ੍ਹਾਂ ਸਭਨਾਂ ਨੂੰ ਪਛਾਣਿਆ ਜਾ ਸਕਦਾ ਹੈ ਇਸ ਗ੍ਰੰਥ ਸਾਹਿਬਜੀਦੇ ਪੈਹਲੇਅੰਗ ਵਿਖੇ ਜੋਸ਼ ਵਿਖੇ ਆਕੇ ਕੇਵਲ ਇਕ ਥਾਂਉਂ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਸੁੰਨਤੇ ਦੇ ਕਰਨੇ ਪਰ ਇਕ ਅਜੇਹਾ ਸ਼ਬਦ ਕਿਹਾ ਹੈ ਜੇਹੜਾ ਗੁਰੂ ਗੋਬਿੰਦ ਸਿੰਘ ਜੀ ਵਰਗੇ ਮਹਾਤਮਾਂ ਦੀ ਵਿਚਾਰ ਦੇ ਪ੍ਰਤਿਕੂਲ ਸੀ ਭਾਵੇਂ ਉਨ੍ਹਾਂਦੇ ਜੋਸ਼ ਦਾਰ ਆਤਮਾਂਦੀ ਬਾਬਤ ਦੋਸ਼ ਆਰੋਪੀਆਂ ਨੂੰ ਆਖ ਸਕੀਦਾ ਹੈ ਪਰ ਤਾਂ ਭੀ ਅਜੇਹੇ ਵੱਡੇ ਪਵਿਤ੍ਰ ਪੁਰਖ ਪਾਸੋਂ ਅਜੇਹੇ ਬਚਨ ਬੋਲੇ ਜਾਣੇ ਭਲੇ ਨਹੀਂ ਪ੍ਰਤੀਤ ਹੁੰਦੇ ਇਹੁ ਗ੍ਰੰਥਸਾਹਿਬਜੀ ਸਾਰਾ ਗੁਰਮੁਖੀ ਅਖਰਾਂ ਵਿਖੇ ਤੇ ਪੰਜਾਬੀਬੋਲੀਵਿਖੇਹੈਤੇਇਸਬੋਲੀ ਵਿਖੇ ਉਸਦਾਹੋਣਾ ਅਵਸ਼੍ਯਮੇਵਚਾਹੀਦਾਸੀਅੰਤਦਾਹਿਸਾਗ੍ਰੰਥਸਾਹਿਬਜੀਦਾਜ਼ਫ਼ਰਨਾਮਾ ਬੋਲੀ ਫ਼ਾਰਸੀ ਵਿਖੇ ਹੈ ਪ੍ਰੰਤੂ ਗੁਰਮੁਖੀ ਅਖਰਾਂ ਵਿਚ ਹੋਣ ਦੇ ਕਾਰਨ ਉਸਦੀ ਫ਼ਾਰਸੀ ਬੋਲੀ ਸਾਫ਼ ਨਹੀਂ ਪੜੀ ਜਾਂਦੀ ਇਸ ਗ੍ਰੰਥਸਾਹਿਬਜੀਵਿਖੇਈਸ਼੍ਵਰ ਭਗਤੀ ਤੇ ਈਸ਼੍ਵਰ ਦੇ ਨਾਉਂਦਾ ਬੌਹਤ ਮਸਾਲਾ ਹੈ ਤੇ ਪੈਹਲੋ ਪੈਹਲ ਬੜੀਆਂ ਚੰਗੀਆਂ ਉਪਦੇਸ਼ਾਂ ਪੁਰਖਾਂ ਵਾਸਤੇ ਹਨ ਤੇ ਕਈਆਂ ਮਸਲਿਆਂ ਪੁਰ ਵਿਚਾਰ ਕੇ ਆਪਣੇ ਮਤਦਾ ਨਿਰਣਾ ਕੀਤਾ ਗਿਆ ਹੈ ਸੋ ਉਸ ਵਿਖੇ ਹੇਠ ਲਿਖੇ ਵੱਡੇ ਵੱਡੇ ਭਾਗ ਹੈਨ॥

(੧) ਜਾਪਜੀ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਰਚਤ ਬਾਣੀਹੈ ਗੁਰੂ ਨਾਨਕ ਦੇਵ ਜੀ ਦੀ ਜਪਜੀ ਸਾਹਿਬ

ਦੇ ਤੁਲ ਹੀ ਜਾਣਨਾਂ ਚਾਹੀਏ ॥

(੨) ਅਕਾਲ ਉਸਤਤਿ (ਪ੍ਰਮੇਸ਼੍ਰ ਦੀ ਵਡਿਆਈ) ਉਸਦੀ ਆਪਣੀ ਰਚਿਤ ਬਾਣੀ ਹੈ ਬੜੇ ਪੁਰਜੋਸ਼ ਸ਼ਬਦ ਹੈਨ ॥

(੩) ਬਚਿਤ੍ਰਨਾਟਕ (ਅਦਭੁਤ ਇਤਿਹਾਸ) ਇਹੁ ਗੁਰੂਜੀ ਦਾ ਆਪਣਾ ਰਚਿਤ ਹੈ ਇਸ ਵਿਖੇ ਉਨ੍ਹਾਂਨੇ ਆਪਣੇ ਪੈਹਲੇ ਗੁਰਾਂ ਦੇ ਸੰਸਾਰ ਵਿਖੇ ਆਵਣ ਦਾ ਕਾਰਨ ਦੱਸਿਆ ਹੈ ਤੇ ਫੇਰ ਆਪਣੀ ਉਮਰਾਂ ਦਾ ਵਿਰਤਾਂਤ ਵਰਨੰਨ ਕੀਤਾ ਹੈ ਜਿਸ ਦੇ ਛਾਪਣ ਲਈ ਅਸੀਂ ਸਮੇਤ ਟੀਕਾ ਦੇ ਇੱਛਾ ਕਰਦੇ ਹਾਂ ॥

(੪) ਚੰਡੀ ਚਰਿਤ੍ਰ
(੫) ਚੰਡੀ ਚਰਿਤ੍ਰ ਦੂਸਰਾ
(੬) ਚੰਡੀ ਦੀਵਾਰ

{ ਇਨ੍ਹਾਂ ਵਿਖੇ ਰਾਖਸ਼ਾਂ ਦੇ ਵਿਰੁਧ ਦੇਵੀਦੀਆਂ ਲਹੂ ਲੁਹਾਨ ਲੜਾਈਆਂ ਤੇ ਜਿਤਾਂ ਦਾ ਸਮਾਚਾਰ ਬੌਹਤ ਸਾਰਾ ਫਰਜ਼ੀ ਬਨਾਵਟੀ ਪੁਰਜੋਸ਼ ਤੇ ਸੁੰਦਰ ਕਵਿਤਾ ਛੰਦਾ ਬੰਦੀ ਵਿਖੇ ਲਿਖਯਾ ਹੈ ॥

ਇਹੁਬਾਣੀ ਸਿਖਾਂ ਵਿੱਚ ਜੋਸ਼ ਉਭਾਰਨ ਲਈ ਲਿਖੀ ਗਈ ਪ੍ਰਤੀਤ ਹੁੰਦੀ ਹੈ ਬੌਹਤ ਸਾਰਾ ਸੰਬਾਦ ਪੈਹਲੇ ਵਰਨੰਨ ਹੋ

ਚੁੱਕਾ ਹੈ ॥

(੭) ਗਿਆਨ ਪ੍ਰਬੋਧ, (ਵੇਦਾਂਤ ਦਾ ਜਾਨਨਾਂ) ਈਸ਼੍ਵਰ ਦੀ ਉਪਮਾਂਤੇ ਵਡਿਆਈ ਵਿਖੇ ਭਰਪੂਰ ਹੈ ॥

(੮) ਚਵੀਹਾਂ ਔਤਾਰਾਂ ਦੀਆਂ ਕਥਾ, ਵਿਸ਼ਨੂੰ ਦੇ ਚਵੀਹ ਔਤਾਰਾਂ ਦੇ ਕੰਮ ਛੰਦਾਂ ਵਿਖੇ ਪ੍ਰੰਤੂ ਚਿੱਤ ਉਭਾਰਨ ਵਾਲੇ ਜੇਹੇਕੁ ਚੰਡੀ ਚਰਿਤ੍ਰ ਆਦਿਕਾਂ ਵਿਖੇ ਹਨ ਲਿਖੇ ਗਏ ਹਨ ॥

(੯) ਮੈਂਹਦੀ ਮੀਰ ਇਸਦੇ ਵਿਖੇ ਸੰਦੇਹੁ ਹੈ ਜੋ ਇਹੁ ਕਿਸ ਅਰਥ ਲਈ ਲਿਖ੍ਯਾ ਗਿਆਸੀ ਇਸ ਵਿਖੇ ਅੱਗੇ ਆਉਨ ਵਾਲੇ ਅਮਾਮ ਮੈਹਦੀ ਦਾ ਵਰਨੰਨ ਹੈ ॥

(੧੦) ਬ੍ਰਹਮਾਂ ਔਤਾਰ, ਇਸ ਵਿਖੇ ੭ ਸਤਾਂ ਬ੍ਰਹਮਾਂ ਔਤਾਰਾਂ ਦਾ ਨਿਰਣਾ ਹੈ ॥

(੧੧) ਰੁਦ੍ਰ ਅਥਵਾ ਸ਼ਿਵ ਔਤਾਰ ਇਸ ਵਿਖੇ ਸ਼ਿਵ ਦੇ ਔਤਾਰਾਂ ਦਾ ਸੰਖੇਪ ਹੈ ॥

(੧੨) ਸ਼ਸ਼ਤ੍ਰ ਨਾਮ ਮਾਲਾ, ਇਸ ਵਿਖੇ ਕਈ ਗਲਾਂ ਪ੍ਰਤਿਕੂਲ ਤੇ ਅਨਕੂਲ ਭੀ ਹਨ ਪ੍ਰੰਤੂ ਭੇਦ ਹੈ ਤੇ ਆਖ ਨਹੀਂ ਸਕਦੇ ਕਿ ਇਹੁ ਬਾਣੀ ਨਿਰੀ ਗੁਰੂ ਜੀ ਦੀ ਰਚਤ ਹੈ ਅਥਵਾ ਕਵੀਆਂ ਦੀ ਰਚਤ ਹੈ ਪ੍ਰੰਤੂ ਇਸ ਵਿਖੇ ਸ਼ਸ਼ਤ੍ਰਾਂ ਦੇ ਨਾਉਂ ਤੇ ਗੁਣ ਤੇ ਉਪਮਾਂ ਲਿਖੀ ਹੈ ॥

(੧੩) ਸ੍ਰੀਮੁਖ ਵਾਕ ਸ੍ਵੈਯੇ ਤੀਹ ਇਨ੍ਹਾਂ ਵਿਖੇ ਕੁਰਾਂਨ ਤੇ ਪੁਰਾਂਨਦੀ ਸਿਖ੍ਯਾ ਦੇ ਵਿਰੁਧ ਲਿਖ੍ਯਾ ਹੈ ਕੁਛਕ ਵੇਦਾਂ

ਦੀ ਵਿਦਯਾ ਪਰ ਭੀ ਨੁਕਤਾਚੀਨੀ ਕੀਤੀ ਗਈ ਹੈ ਕਿਤੇ ਵੇਦਾਂ ਦੇ ਉਪਦੇਸ਼ ਦੇ ਓਹੁ ਨਮੂਨੇ ਦਿਖਾਏ ਹਨ ਜੋ ਆਰੀਯਾ ਧਰਮ ਦੇ ਪ੍ਰਤਿਕੂਲ ਚਲਣਵਾਲਿਆਂ ਦੇ ਹਨ ॥

(੧੪)ਹਜ਼ਾਰੇਦੇ ਸ਼ਬਦ ਗੁਰੂਜੀ ਦੇ ਆਪਣੇ ਰਚਤ ਹੈਨ ਇਨ੍ਹਾਂ ਵਿਖੇ ਈਸ਼੍ਵਰ ਦੀ ਮਹਿਮਾਂ ਤੇ ਭਗਤੀ ਦਾਵਰਨੰਨ ਹੈ॥

(੧੫) ਇਸਤ੍ਰੀ ਚਰਿੱਤ੍ਰ (ਇਸਤ੍ਰੀਆਂ ਦੇ ਫਰੇਬ) ਇਸ ਵਿਖੇ ਸੌਂਕਨਾਂ ਇਸਤ੍ਰੀਆਂ ਤੇ ਮਤ੍ਰੇਈ ਮਾਵਾਂ ਦਾ ਦੁਖ ਵਰਨੰਨ ਹੈ ਅਤੇ ਇਸਤ੍ਰੀਆਂ ਦੇ ਮਕਰ ਫਰੇਬਾਂਦਾ ਵਰਨੰਨ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਦਾ ਵਡਾ ਸਾਰਾਭਾਗ ਇਸੇ ਵਿਖੇ ਭਰਿਆ ਹੋਯਾ ਹੈ ਇਜੇਹੇ ਚਰਿਤ੍ਰਾਂ ਦੀਗੁਰੂ ਗ੍ਰੰਥ ਸਾਹਿਬ ਵਿਖੇ ਲਿਖਣ ਦੀ ਕੁਛਲੋੜਨਹੀਂਸੀ ਤੇਨਾਹੀਂ ਇਹੁ ਗੁਰੂ ਜੀਦਾਰਚਿਆਹੋ ਯਾਹੈ

(੧੬) ਹਿਕਾਯਤਾਂ, ਫ਼ਾਰਸੀ ਬੋਲੀ ਵਿਖੇ ਹਨ ਪ੍ਰੰਤੂ ਅਖਰ ਗੁਰਮੁਖੀ ਹਨ ਔਰੰਗਜ਼ੇਬ ਦੇ ਜ਼ੁਲਮਾਂ ਤੇ ਉਪਦ੍ਰਵਾਂ ਵਲੋਂ ਤੇ ਉਨ੍ਹਾਂ ਦੇ ਫਲ ਵਲੋਂ ਬੜੇ ਜ਼ੋਰ ਦਾਰ ਸ਼ਬਦਾਂ ਵਿਖੇ ਉਸ ਨੂੰ ਖ਼ਬਰ ਦਾਰ ਕੀਤਾ ਗਿਆ ਹੈ ॥

ਵਿਸੇਸ਼ ਕਰਕੇ ਪ੍ਰਤੀਤ ਹੁੰਦਾ ਹੈ ਕਿ ਇਹੁ ਗ੍ਰੰਥ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਗੁਜ਼ਰ ਜਾਣਦੇ ਮਗਰੋਂ ਇਕਠਾ ਕੀਤਾ ਗਿਆਹੈ ਇਹੁ ਸਾਰੀ ਬਾਣੀ ਗੁਰੂ ਜੀ ਦੇ ਸਮੇ ਦੀ ਤੇ ਹੋਰਨਾਂ ਦੀ ਰਚਤ ਤੇ ਉਨ੍ਹਾਂ ਦੀ ਆਪਣੀ ਰਚਤ ਹੈ ਸਿੱਖ ਇਸ ਦੀ ਇਜ਼ਤ ਸਤਕਾਰਤਾਂ ਕਰਦੇ ਹਨ ਪ੍ਰੰਤੂ ਇਸਬਾਣੀ

ਇਤੀ ਸ੍ਰੀ ਜਨਮ ਸਾਖੀ ਗੁਰੂ ਗੋਬਿੰਦ ਸਿੰਘ ਜੀ ਦੀ
ਜੋਧਸਿੰਘ ਰਚਤ
ਸੰਮਪੂਰਣੰ ॥

ਸੰਮਤ ਗੁਰੂ ਨਾਨਕ ਦੇਵ ਜੀ ੪੩੬

ਸੰਮਤ ਬਿਕ੍ਰਮ ਜੀ ੧੯੬੧

ਅਕਤੂਬਰ ਸੰਨ ਈਸਵੀ ੧੯੦੪

—+++—

੧ ੴਸਤਿਗੁਰਪ੍ਰਸਾਦਿ ॥

ਮਹਾਂਬਲੀ ਗੁਰੂ ਗੋਬਿੰਦਸਿੰਘ ਜੀ ਦੀ ਜਨਮਸਾਖੀ ਦਾ ਤਤਕ੍ਰਾ

ਸੰਪੂਰਨੰ